
ਜੀਵਨ

ਸੰਤ ਪ੍ਰੇਮ ਸਿੰਘ ਮੁਰਾਲਾ

(ਗੁਰਮਤਿ ਦੀ ਦ੍ਰਿਸ਼ਟੀ ਵਿੱਚ)



ਸਿੰਘ ਸਾਹਿਬ
ਗਿ. ਜਸਵੰਤ ਸਿੰਘ ਪ੍ਰਵਾਨਾ

Jiwan Sant Prem Singh Murala
(GURMAT DI DRISHTI VICH)
by GIANI JASWANT SINGH PARWANA

Published by :
New Book Co., Mai Hiran Gate, Jalandhar-144 008
Ph. : 2280045, 2284325, 3293190

ਲੇਖਕ : ਗਿਆਨੀ ਜਸਵੰਤ ਸਿੰਘ ਪ੍ਵਾਨਾ
722, ਗੁਰੂ ਤੇਗ ਬਹਾਦਰ ਨਗਰ, ਜਲੰਧਰ। ਫੋਨ : 2272746

ISBN 61-67476-19-2

ਪਹਿਲੀ ਵਾਰ : 2003, ਦੂਜੀ ਵਾਰ : 2007, ਤੀਜੀ ਵਾਰ : 2008

ਮੁੱਲ : 85 ਰੁਪਏ

ਪ੍ਰਕਾਸ਼ਕ : ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ-144 008
ਫ਼ੋਨ : 2280045, 2284325, 3293190
E-mail : contact@newbookco.com
Website : www.newbookcompany.com

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈੱਸ, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

ਕਿਤਾਬ ਬਾਰੇ ਕੁੱਝ ਵਾਕ਼ਫੀ

ਪਰਮਾਤਮਾ ਦੇ ਨਾਮ-ਰਸ ਦੀ ਜਿਨ੍ਹਾਂ ਨੂੰ ਪ੍ਰਾਪਤੀ ਹੋਈ ਹੈ ਉਹ ਮਹਾਂਪੁਰਖ ਦੋ ਤਰ੍ਹਾਂ ਦੇ ਹੋਏ ਹਨ। ਇਕ ਤਾਂ ਉਹ ਜਿਨ੍ਹਾਂ ਦੇ ਅੰਦਰ ਨਾਮ-ਰਸ ਦਾ ਪ੍ਰਵਾਹ ਚੱਲ ਪਿਆ ਤੇ ਉਹ ਨਾਮ-ਰਸ ਵਿਚ ਮਸਤ ਹੋ ਗਏ। ਜਿੱਥੇ ਬੈਠੇ ਸਨ, ਬੈਠੇ ਰਹੇ। ਉਹਨਾਂ ਨੇ ਸੰਸਾਰ ਨੂੰ ਮਿਲਣਾ ਹੀ ਬੰਦ ਕਰ ਦਿੱਤਾ। ਸਾਰੀ ਜ਼ਿੰਦਗੀ ਆਤਮ-ਰਸ ਵਿਚ ਬਤੀਤ ਕਰ ਦਿੱਤੀ। ਉਨ੍ਹਾਂ ਨੇ ਆਪਣਾ ਜਨਮ ਤਾਂ ਸਫਲ ਕਰ ਲਿਆ ਪਰ ਕਿਸੇ ਦਾ ਕੁੱਝ ਨਹੀਂ ਸਵਾਰਿਆ।

ਦੂਸਰੇ ਉਹ ਮਹਾਂਪੁਰਖ ਹੋਏ ਹਨ ਜਿਨ੍ਹਾਂ ਨੂੰ ਨਾਮ-ਰਸ ਪ੍ਰਾਪਤ ਹੋਇਆ ਤਾਂ ਉਨ੍ਹਾਂ ਨੇ ਨਜ਼ਰ ਭਰ ਕੇ ਵੇਖਿਆ ਕਿ ਏਨੇ ਮਨੁੱਖਾ ਸਰੀਰ ਇਹ ਸਾਰੇ ਹੀ ਇਸ ਨਾਮ-ਰਸ ਦੀ ਪ੍ਰਾਪਤੀ ਲਈ ਆਏ ਹਨ, ਪਰ ਇਨ੍ਹਾਂ ਕੋਲ ਗਿਆਨ ਦਾ ਪ੍ਰਕਾਸ਼ ਨਹੀਂ। ਇਨ੍ਹਾਂ ਦੇ ਗਿਆਨ ਦੇ ਦੀਵੇ ਬੁੱਝੇ ਪਏ ਹਨ। ਉਹ ਸੰਤ ਗਿਆਨ ਦੇ ਜਗਦੇ ਦੀਵੇ ਸਨ। ਉਹ ਬੁੱਝਿਆਂ ਦੀਵਿਆਂ ਨੂੰ ਜਗਾਉਣ ਵਾਸਤੇ ਚੱਲ ਪਏ।

ਐਸੇ ਮਹਾਂਪੁਰਖਾਂ ਵਿਚੋਂ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਸਨ। ਉਨ੍ਹਾਂ ਮਹਾਂਪੁਰਖਾਂ ਬਾਰੇ ਉਨ੍ਹਾਂ ਦੇ ਹੁੰਦਿਆਂ ਕੁੱਝ ਨਹੀਂ ਲਿਖਿਆ ਗਿਆ। ਸੰਨ 1972 ਵਿਚ ਗਿ: ਭਗਤ ਸਿੰਘ ਸ਼ਾਂਤ ਜੋ ਧਾਰਮਿਕ ਟੀਚਰ ਸਨ, ਉਨ੍ਹਾਂ ਉਪਰਾਲਾ ਕੀਤਾ ਅਤੇ ਸੰਨ 1976 ਤੱਕ ਕਿਤਾਬ 416 ਪੰਨਿਆਂ ਦੀ ਲਿਖੀ ਗਈ। ਇਸ ਕਿਤਾਬ ਦਾ ਨਾਂ ਹੈ ਪ੍ਰੇਮ ਸਾਗਰ, ਪਰ ਇਹ ਕਿਤਾਬ ਸੰਨ 1989 ਵਿਚ ਛਪੀ। ਫਿਰ ਕਰਨਲ ਗੁਲਚਰਨ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਦਾ ਜੀਵਨ ਲਿਖਿਆ। ਉਸ ਤੋਂ ਬਾਅਦ ਸੰਨ 1992 ਵਿਚ ਸਿੰਘ ਸਾਹਿਬ ਗਿ: ਚੇਤ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਦੀ ਜੀਵਨੀ ਲਿਖੀ। ਕਿਤਾਬ ਦਾ ਨਾਂ ਹੈ ਗੁਰਸਾਗਰ ਦੇ ਸੁੱਚੇ ਮੋਤੀ। ਮੈਂ ਹੁਣ ਤੱਕ ਗੁਰਮਤਿ ਵਿਆਖਿਆ ਦੀਆਂ 9 ਕਿਤਾਬਾਂ ਲਿਖੀਆਂ ਹਨ, ਪਰ ਇਸ ਕਿਤਾਬ ਨੂੰ ਲਿਖਣ ਬਾਰੇ ਮੇਰਾ ਖ਼ਿਆਲ ਨਹੀਂ ਸੀ। ਮੈਂ ਸਮਝਦਾ ਸਾਂ ਕਿ ਜੋ ਹਾਲਾਤ ਲਿਖੇ ਗਏ ਹਨ, ਕਾਫ਼ੀ ਹਨ, ਪਰ ਜਦੋਂ ਨਿਊਯਾਰਕ ਰਿਚਮੰਡ ਹਿਲ ਸੰਤਾਂ ਦੀ ਬਰਸੀ ਮਨਾਈ ਗਈ ਤਾਂ ਕੁੱਝ ਪ੍ਰੇਮੀਆਂ ਵੱਲੋਂ ਮੈਨੂੰ ਪ੍ਰੇਰਣਾ ਦਿੱਤੀ ਗਈ ਕਿ ਤੁਸੀਂ ਸੰਤਾਂ ਦੇ ਸੰਬੰਧ ਵਿਚ ਕਿਤਾਬ ਲਿਖੋ। ਮੈਂ ਕਿਹਾ ਪਹਿਲੇ ਲਿਖਿਆ ਪਿਆ ਹੈ, ਪਰ ਕੁੱਝ ਸੱਜਣਾਂ ਕਿਹਾ ਉਹ ਸਾਡੇ ਪਾਸ ਹੈ। ਅਸੀਂ ਤਾਂ ਵੀ ਕਹਿੰਦੇ ਹਾਂ ਕਿ ਤੁਸੀਂ ਜ਼ਰੂਰ ਲਿਖੋ।

ਕਿਤਾਬ ਛੱਪ ਗਈ ਹੈ। ਮੈਂ ਧੰਨਵਾਦੀ ਹਾਂ ਉਨ੍ਹਾਂ ਪਹਿਲੇ ਲੇਖਕਾਂ ਦਾ ਜਿਨ੍ਹਾਂ ਨੇ ਅੱਗੋਂ ਲਿਖਣ ਲਈ ਰਸਤਾ ਬਣਾਇਆ ਹੈ। ਉਨ੍ਹਾਂ ਵਿਚ ਗਿਆਨੀ ਭਗਤ ਸਿੰਘ ਜੀ ਸ਼ਾਂਤ, ਕਰਨਲ ਗੁਲਚਰਨ ਸਿੰਘ ਜੀ ਅਤੇ ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਪ੍ਰਮੁੱਖ ਹਨ। ਇਹ ਤਿੰਨੇ ਲੇਖਕ ਹੀ ਅੱਜ ਸੰਸਾਰ ਵਿਚ ਨਹੀਂ ਹਨ। ਅਰਦਾਸ ਕਰਦਾ ਹਾਂ ਕਿ ਪਰਮਾਤਮਾ ਇਨ੍ਹਾਂ ਦੀ ਘਾਲ ਕਮਾਈ ਥਾਇ ਪਾਵੇ ਤੇ ਚਰਨਾਂ ਵਿਚ ਥਾਂ ਦੇਵੇ।

ਕੁਝ ਹੋਰ ਵਿਅਕਤੀਆਂ ਨੇ ਇਸ ਕੰਮ ਵਿਚ ਸਹਾਇਤਾ ਦਿੱਤੀ। ਮੇਰੇ ਸਤਿਕਾਰਯੋਗ ਗੁਰਪੁਰਵਾਸੀ ਪਿਤਾ ਗਿਆਨੀ ਮੂਲਾ ਸਿੰਘ ਜੀ ਨੇ ਅਤੇ ਮੇਰੀ ਗੁਰਪੁਰਵਾਸੀ ਮਾਤਾ ਤੇਜ ਕੌਰ ਜੀ ਨੇ ਮੈਨੂੰ ਇਸ ਸੰਬੰਧ ਵਿਚ ਬਹੁਤ ਕੁਝ ਦੱਸਿਆ ਸੀ। ਗੁਰਪੁਰਵਾਸੀ ਬਾਵਾ ਹਰਨਾਮ ਸਿੰਘ ਜੀ ਨੇ ਕਾਫ਼ੀ ਗੱਲਾਂ ਸੰਤਾਂ ਦੇ ਸੰਬੰਧ ਵਿਚ ਸੁਣਾਈਆਂ ਸਨ ਅਤੇ ਕੁੱਝ ਗੱਲਾਂ ਬੀਬੀ ਧੰਨ ਕੌਰ ਜੀ ਨੇ ਸੁਣਾਈਆਂ ਸਨ। ਕਹਿਣ ਲੱਗੇ ਸਾਡੇ ਘਰ ਔਲਾਦ ਨਹੀਂ ਸੀ ਹੁੰਦੀ। ਮੈਂ ਸੰਤਾਂ ਨੂੰ ਬੇਨਤੀ ਕੀਤੀ ਤੇ ਕਹਿਣ ਲੱਗੇ, ਧੰਨ ਕੌਰ ਪਰਮਾਤਮਾ ਦੇ ਘਰ ਕੋਈ ਘਾਟ ਨਹੀਂ, ਸੇਵਾ ਕਰਿਆ ਕਰ। ਪਰਮਾਤਮਾ ਇਕ ਦੀ ਬਜਾਏ ਦੋ ਦੇਵੇਗਾ। ਉਹ ਬਚਨ ਸੱਤ ਹੋਇਆ।

ਮੇਰੇ ਵੱਡੇ ਵੀਰ ਰਜਿੰਦਰ ਸਿੰਘ ਬੇਗੋਵਾਲ ਵਾਲਿਆਂ ਮੈਨੂੰ ਉਹ ਕਾਪੀ ਦਿੱਤੀ ਜਿਸ ਵਿਚ ਉਨ੍ਹਾਂ ਬਾਵਾ ਹਰੀ ਸਿੰਘ ਜੀ (ਸੰਤ ਪ੍ਰੇਮ ਸਿੰਘ ਦੇ ਭਰਾ) ਤੋਂ ਸੰਤ ਪ੍ਰੇਮ ਸਿੰਘ ਬਾਰੇ ਬਹੁਤ ਕੁਝ ਨੋਟ ਕੀਤਾ ਸੀ। ਇਹ ਗੱਲਾਂ ਕਿਸੇ ਲੇਖਕ ਨੇ ਵੀ ਨਹੀਂ ਸਨ ਲਿਖੀਆਂ। ਮੈਂ ਇਨ੍ਹਾਂ ਦਾ ਉਚੇਚੇ ਤੌਰ 'ਤੇ ਧੰਨਵਾਦੀ ਹਾਂ। ਬਾਵਾ ਸੰਗਤ ਸਿੰਘ, ਬਾਵਾ ਸਤਨਾਮ ਸਿੰਘ ਨੇ ਮੈਨੂੰ ਕਾਫ਼ੀ ਵਾਕਫ਼ੀ ਦਿੱਤੀ। ਭੈਣ ਮੁਹਿੰਦਰ ਕੌਰ ਜੋ ਕਰਨਲ ਸੂਰਤ ਸਿੰਘ ਦੀ ਪਤਨੀ ਹੈ ਤੇ ਸੰਤ ਪ੍ਰੇਮ ਸਿੰਘ ਜੀ ਦੀ ਭਤੀਜੀ ਭਾਵ ਬਾਵਾ ਖ਼ਜ਼ਾਨ ਸਿੰਘ ਦੀ ਲੜਕੀ ਹੈ, ਉਨ੍ਹਾਂ ਮੈਨੂੰ ਸੰਤਾਂ ਦੇ ਜੀਵਨ ਬਾਰੇ ਕਈ ਅੱਖੀਂ ਵੇਖੀਆਂ ਗੱਲਾਂ ਸੁਣਾਈਆਂ। ਬਾਵਾ ਹਰਬੰਸ ਸਿੰਘ ਜੀ ਨੇ ਸੰਤਾਂ ਬਾਰੇ ਕਾਫ਼ੀ ਕੁਝ ਦੱਸਿਆ। ਗਿ: ਗਿਆਨ ਸਿੰਘ ਜੋਗੀ ਅਤੇ ਗਿਆਨੀ ਜੋਗਿੰਦਰ ਸਿੰਘ ਰਾਗੀ ਨੇ ਬਹੁਤ ਕੁੱਝ ਦੱਸਿਆ। ਮੈਨੂੰ ਇਨ੍ਹਾਂ ਸਾਰੇ ਸੱਜਣਾਂ ਦਾ ਧੰਨਵਾਦ ਕਰਦਿਆਂ ਅਤੀ ਪ੍ਰਸੰਨਤਾ ਹੋ ਰਹੀ ਹੈ।

ਮੈਂ ਇਕ ਲੇਖਕ ਦੀ ਜੋ ਜ਼ਿੰਮੇਵਾਰੀ ਹੁੰਦੀ ਹੈ, ਉਸਨੂੰ ਈਮਾਨਦਾਰੀ ਨਾਲ ਨਿਭਾਉਣ ਦਾ ਯਤਨ ਕੀਤਾ ਹੈ। ਇਸ ਵਿਚ ਨਾ ਮੈਂ ਕੁੱਝ ਨਿੰਦਾ ਭਾਵ ਨਾਲ ਲਿਖਿਆ ਹੈ ਅਤੇ ਨਾ ਹੀ ਕੋਈ ਖ਼ੁਸ਼ਾਮਦ ਲਿਖੀ ਹੈ। ਗੁਰਮਤਿ ਦੀ ਦ੍ਰਿਸ਼ਟੀ

ਤੋਂ ਜੋ ਮੈਨੂੰ ਠੀਕ ਜਾਪਿਆ ਹੈ, ਮੈਂ ਉਹ ਲਿਖਿਆ ਹੈ।

ਸੁਹਿਰਦ ਸਤਿਸੰਗੀ ਜਿਵੇਂ ਪਿਛਲੀਆਂ ਲਿਖਤਾਂ ਪੜ੍ਹਕੇ ਮੇਰਾ ਹੌਸਲਾ ਅਫ਼ਜ਼ਾਈ ਕਰਦੇ ਰਹੇ ਹਨ, ਉਮੀਦ ਹੈ ਹੁਣ ਵੀ ਉਸੇ ਤਰ੍ਹਾਂ ਇਸ ਕਿਤਾਬ ਨੂੰ ਪੜ੍ਹਨਗੇ ਤੇ ਮੈਨੂੰ ਹੋਰ ਸਮਰੱਥਾ ਦੇਣ ਲਈ ਅਕਾਲ ਪੁਰਖ ਅੱਗੇ ਜੋਦੜੀ ਕਰਨਗੇ।

ਸੰਤ ਪ੍ਰੇਮ ਸਿੰਘ ਦੇ ਪ੍ਰੇਮੀ ਇਹ ਕਿਤਾਬ ਪੜ੍ਹ ਕੇ ਜੇ ਉਨ੍ਹਾਂ ਦੀਆਂ ਗੱਲਾਂ ਮੰਨ ਲੈਣ ਤਾਂ ਸੰਤਾਂ ਦੀ ਖ਼ੁਸ਼ੀ ਲੈਣਗੇ ਅਤੇ ਆਪ ਸੌਖੇ ਰਹਿਣਗੇ। ਇਕ ਗੱਲ ਹੋਰ ਮੈਂ ਬਹੁਤ ਹੀ ਜ਼ਰੂਰੀ ਕਹਿਣੀ ਚਾਹੁੰਦਾ ਹਾਂ ਕਿ ਹਰ ਜਾਤ ਬਰਾਦਰੀ ਆਰੰਭ ਵਿਚ ਪਛਾਣ ਵਾਸਤੇ ਸੀ, ਅਭਿਮਾਨ ਵਾਸਤੇ ਨਹੀਂ ਸੀ। ਕੋਈ ਵੀ ਬੰਦਾ ਕਿਸੇ ਬਰਾਦਰੀ ਵਿਚ ਜਨਮ ਲੈਣ ਨਾਲ ਉੱਚਾ ਨਹੀਂ ਹੁੰਦਾ, ਸਗੋਂ ਆਪਣੇ ਕਰਮਾਂ 'ਤੇ ਵੀਚਾਰ ਕਰਕੇ ਚੰਗਾ ਜਾਂ ਮੰਦਾ ਹੁੰਦਾ ਹੈ।

ਚੰਗੇ ਬੰਦੇ ਪੈਦਾ ਹੋਣ ਨਾਲ ਕਿਸੇ ਬਰਾਦਰੀ ਦਾ ਨਾਂ ਉੱਚਾ ਹੁੰਦਾ ਹੈ ਅਤੇ ਸਨਮਾਨ ਵਧਦਾ ਹੈ। ਮਾੜੇ ਬੰਦੇ ਪੈਦਾ ਹੋਣ ਨਾਲ ਕਿਸੇ ਬਰਾਦਰੀ ਦੀ ਨਿੰਦਾ ਹੁੰਦੀ ਹੈ। ਇਹੀ ਕਾਰਨ ਹੈ ਕਿ ਬੁਰੇ ਬੰਦਿਆਂ ਨੂੰ ਲੋਕਾਂ ਨੇ ਕੁਲ ਨੂੰ ਕਲੰਕ ਕਿਹਾ ਹੈ ਅਤੇ ਚੰਗਿਆਂ ਨੂੰ ਕੁਲਦੀਪਕ ਕਿਹਾ ਹੈ। ਬਰਾਦਰੀ ਦੇ ਮਾਣ ਵਿਚ ਹੀ ਕੋਈ ਬੁਰਿਆਈ ਕਰੀ ਜਾਵੇ ਤਾਂ ਉਸ ਨੂੰ ਬਰਾਦਰੀ ਦੀ ਵਡਿਆਈ ਕਿੰਨਾ ਕੁ ਚਿਰ ਬਚਾਈ ਜਾਵੇਗੀ।

ਸੰਤ ਪ੍ਰੇਮ ਸਿੰਘ ਜੀ ਨੂੰ ਜੋ ਵਡਿਆਈ ਮਿਲੀ ਹੈ, ਜੋ ਸਿੱਖ ਪੰਥ ਨੇ ਮਾਣ ਬਖਸ਼ਿਆ ਹੈ ਜਾਂ ਬਾਬਾ ਬਿਸ਼ਨ ਸਿੰਘ ਤੇ ਹੋਰ ਨਿਰਮਲ ਪੰਥ ਨੇ ਡੇਰੇ ਦਾ ਮੁਖੀ ਥਾਪਿਆ ਸੀ, ਕੀ ਉਹ ਲੁਬਾਣਾ ਹੋਣ ਕਰਕੇ ਸੀ ? ਨਹੀਂ, ਉਹ ਉਨ੍ਹਾਂ ਦੀ ਸੇਵਾ ਕਰਕੇ ਸੀ। ਲੁਬਾਣਾ ਬਰਾਦਰੀ ਨੂੰ ਜਿੱਥੇ ਇਹ ਮਾਣ ਹੈ ਕਿ ਇਸ ਬਰਾਦਰੀ ਵਿਚੋਂ ਬਾਬਾ ਮੱਖਣਸ਼ਾਹ ਲੁਬਾਣਾ ਹੋਏ, ਬਾਬਾ ਲੱਖੀ ਸ਼ਾਹ ਹੋਇਆ, ਸੰਤ ਪ੍ਰੇਮ ਸਿੰਘ ਹੋਏ, ਉੱਥੇ ਉਹਨਾਂ ਦੇ ਨਕਸ਼ੇ ਕਦਮ 'ਤੇ ਚੱਲਣਾ ਵੀ ਤਾਂ ਲੁਬਾਣਿਆਂ ਦਾ ਫ਼ਰਜ਼ ਹੈ।

ਬਿਰਾਦਰੀ ਦਾ ਸਨਮਾਨ ਮੁਬਾਰਕ ਹੈ, ਜੇਕਰ ਹਰ ਲੁਬਾਣਾ ਬਾਬਾ ਮੱਖਣਸ਼ਾਹ, ਬਾਬਾ ਲੱਖੀ ਸ਼ਾਹ ਅਤੇ ਸੰਤ ਪ੍ਰੇਮ ਸਿੰਘ ਦੇ ਨਕਸ਼ੇ-ਕਦਮ 'ਤੇ ਚੱਲ ਸਕੇ। ਅਸੀਂ ਜਿੱਥੇ ਪੁਰਾਣੇ ਮਹਾਂਪੁਰਖਾਂ ਨੂੰ ਯਾਦ ਕਰਨਾ ਹੈ ਉੱਥੇ ਇਹ ਵੀ ਵੇਖਣਾ ਹੈ ਕਿ ਜਿਹੜੀ ਧਰਤੀ ਪਿੱਛੇ ਕਮਾਦ, ਕਪਾਹ, ਕਣਕ, ਮੁੰਜੀ ਪੈਦਾ ਕਰਦੀ ਸੀ, ਹੁਣ ਕਿਉਂ ਨਹੀਂ ਕਰਦੀ ? ਕੀ ਧਰਤੀ ਦਾ ਗੁਨਾਹ ਹੈ ਕਿ ਜਾਂ ਕਿਸਾਨ ਬੇਹੋਸ਼ੀ ਵਿਚ ਸੁੱਤਾ ਰਹਿ ਗਿਆ ਹੈ ? ਉਸ ਨੇ ਫ਼ਸਲ ਬੀਜੀ

ਹੀ ਨਹੀਂ।

ਜਿਹੜੀ ਬਿਰਾਦਰੀ ਰੂਪੀ ਧਰਤੀ ਨੇ ਏਨੇ ਮਹਾਂਪੁਰਖ ਪੈਦਾ ਕੀਤੇ ਹਨ, ਅੱਜ ਕਿਉਂ ਨਹੀਂ ਹੋ ਰਹੇ? ਸਾਨੂੰ ਇਹ ਖ਼ਿਆਲ ਆਉਣਾ ਚਾਹੀਦਾ ਹੈ ਕਿ ਸਾਡੇ ਵਿਚ ਫਿਰ ਐਸੇ ਮਹਾਂਪੁਰਖ ਚਾਹੀਦੇ ਹਨ। ਮਹਾਂਪੁਰਖਾਂ ਨੇ ਤਾਂ ਉਪਦੇਸ਼ ਰੂਪੀ ਬੀਜ ਬੀਜਿਆ ਹੈ, ਉੱਗਣਾ ਤਾਂ ਉਹ ਸਾਡੀ ਹਿਰਦੇ ਰੂਪੀ ਧਰਤੀ ਵਿਚ ਹੀ ਹੈ।

ਅਸੀਂ ਉਸ ਉਪਦੇਸ਼ ਨੂੰ ਧਿਆਨ ਨਾਲ ਸਮਝ ਲਈਏ ਤੇ ਕਮਾਈਏ, ਫਿਰ ਇਕ ਨਹੀਂ, ਅਨੇਕਾਂ ਮਹਾਂਪੁਰਖ ਹੋ ਜਾਣਗੇ। ਮਹਾਂਪੁਰਖਾਂ ਦੀ ਪੂਜਾ ਕਰਕੇ ਰੁਕ ਜਾਣਾ ਸਿਆਣਪ ਨਹੀਂ। ਅਸਲ ਗੱਲ ਹੈ ਉਨ੍ਹਾਂ ਦੇ ਉਪਦੇਸ਼ ਨੂੰ ਸੁਣਨਾ, ਮੰਨਣਾ ਤੇ ਕਮਾਉਣਾ।

ਮੈਂ ਇਸ ਕਿਤਾਬ ਵਿਚ ਏਹੋ ਨਿਮਾਣਾ ਜਿਹਾ ਯਤਨ ਕੀਤਾ ਹੈ ਕਿ ਇਸ ਵਿਚੋਂ ਸੰਤ ਪ੍ਰੇਮ ਸਿੰਘ ਹੀ ਬੋਲੇ ਤੇ ਸਾਨੂੰ ਸੁੱਤਿਆਂ ਨੂੰ ਜਗਾਵੇ ਅਤੇ ਕਹੇ, ਜਾਗੋ ਮੈਨੂੰ ਸੰਤ ਕਹਿਣ ਵਾਲਿਓ! ਮੈਂ ਤੁਹਾਨੂੰ ਕੀ ਕਿਹਾ ਸੀ ਤੇ ਤੁਸੀਂ ਕੀ ਕਰਦੇ ਪਏ ਹੋ? ਮੈਂ ਜਿੱਥੇ ਗੁਰੂ ਨਾਲ ਜੋੜਿਆ ਸੀ, ਜੁੜ ਜਾਉ। ਮੈਂ ਸੁੱਖ ਦੇਣ ਵਾਲੀ ਜੋ ਗੁਰੂ ਦੀ ਮੱਤ ਦਾ ਉਪਦੇਸ਼ ਤੁਹਾਨੂੰ ਦਿੱਤਾ ਸੀ, ਉਸ ਨੂੰ ਕਮਾਓ ਤੇ ਸੁਖੀ ਰਹੋ।

ਪੁਸਤਕ ਦੀ ਤੀਸਰੀ ਐਡੀਸ਼ਨ ਛਪਣ 'ਤੇ ਮੈਨੂੰ ਹਾਰਦਿਕ ਖ਼ੁਸ਼ੀ ਹੋ ਰਹੀ ਹੈ ਕਿ ਗੁਰਮਤਿ ਦੇ ਪਾਠਕ ਮੇਰੀ ਏਨੀ ਹੌਸਲਾ ਅਫ਼ਜ਼ਾਈ ਕਰ ਰਹੇ ਹਨ। ਮੈਂ ਧੰਨਵਾਦੀ ਹਾਂ ਸੰਗਤਾਂ ਦਾ। ਇਸ ਤੋਂ ਇਲਾਵਾ ਮੈਂ ਵੀਰ ਮਨਜੀਤ ਸਿੰਘ ਜੀ, ਨਿਊ ਬੁੱਕ ਕੰਪਨੀ ਵਾਲਿਆਂ ਦਾ ਵੀ ਧੰਨਵਾਦੀ ਹਾਂ ਜੋ ਕਾਫ਼ੀ ਮਿਹਨਤ ਅਤੇ ਲਗਨ ਨਾਲ ਗੁਰਮਤਿ ਦੀਆਂ ਪੁਸਤਕਾਂ ਦੀ ਛਪਾਈ ਕਰਾ ਰਹੇ ਹਨ। ਸਤਿਗੁਰੂ ਇਹ ਪਿਆਰ ਏਸੇ ਤਰ੍ਹਾਂ ਨਿਭਾਵੇ।

—ਦਾਸਰਾ

1-1-2008 ਗਿ: ਜਸਵੰਤ ਸਿੰਘ 'ਪ੍ਰਵਾਨਾ'

ਤਤਕਰਾ

Associazione Religiusa Gurdwara Singh Sabha

Via Pablo Neruda n. 48/50/52-25020

FLERO(BS)-Codice fiscale : 98111010173

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਜੀਵਨ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ' ਉਚੇਚੇ ਤੌਰ 'ਤੇ ਸੰਤਾਂ ਦੀ ਬਰਸੀ 'ਤੇ ਇਟਲੀ ਦੀਆਂ ਸੰਗਤਾਂ ਵਿਚ ਵੰਡਣ ਲਈ 1000 ਕਾਪੀਆਂ ਦੀ ਸੇਵਾ ਕਰਾਈ। ਪ੍ਰੇਮੀਆਂ ਨੂੰ ਕਮੇਟੀ ਵਲੋਂ ਬੇਨਤੀ ਹੈ ਕਿ ਪੁਸਤਕ ਦੀ ਭੇਟਾ ਇਹੀ ਹੈ ਕਿ ਆਪ ਪ੍ਰੇਮ ਨਾਲ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਤੇ ਗੁਰਮਤਿ ਰਹਿਣੀ ਵਿਚ ਪਰਪੱਕ ਹੋਵੇ।

ਵਲੋਂ ਪ੍ਰਬੰਧਕ ਕਮੇਟੀ

1

'ਸੰਤ' ਸ਼ਬਦ ਦੀ ਪਰਿਭਾਸ਼ਾ ਅਤੇ ਸੰਤ ਪ੍ਰੇਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਸ਼ਬਦ ਗੁਰੂ ਹਨ, ਸਿੱਖ ਪੰਥ ਦੇ ਗੁਰੂ ਹਨ। ਸਿੱਖ ਪੰਥ ਨੂੰ ਜਦੋਂ ਵੀ ਜ਼ਰੂਰਤ ਪਵੇ, ਸਿੱਖ ਪੰਥ ਨੇ ਸੇਧ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲੈਣੀ ਹੈ, ਗੁਰ-ਇਤਿਹਾਸ ਤੋਂ ਸੇਧ ਲੈਣੀ ਹੈ, ਸਿੱਖ ਇਤਿਹਾਸ ਤੋਂ ਸੇਧ ਲੈਣੀ ਹੈ। ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਪਰਖਣ ਵਾਸਤੇ ਕਸਵੱਟੀ ਹਮੇਸ਼ਾਂ ਉਹੀ ਸੱਚ ਹੋਵੇਗੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ।

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰ ਇਤਿਹਾਸ ਤੇ ਸਿੱਖ ਇਤਿਹਾਸ ਵਿਚੋਂ ਸੰਤ ਸ਼ਬਦ ਨੂੰ ਵੇਖਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਤ ਸ਼ਬਦ ਪਰਮਾਤਮਾ ਵਾਸਤੇ ਆਇਆ ਹੈ, ਗੁਰੂ ਵਾਸਤੇ ਆਇਆ ਹੈ, ਸਤਿ ਪ੍ਰਾਪਤ ਹੋਇ ਅਤੇ ਕਬੂਲ ਹੋਇ ਗੁਰਸਿੱਖਾਂ ਲਈ ਆਇਆ ਹੈ, ਵੰਨਗੀ ਮਾਤ੍ਰ ਸਿਰਫ਼ ਇਕ-ਇਕ ਪੰਗਤੀ ਹੀ ਲਿਖਾਂਗੇ—

ਪਹਿਲਾ ਪਰਮਾਤਮਾ ਵਾਸਤੇ—

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ॥
ਜਨ ਨਾਨਕ ਦਾਸ ਤੁਮਾਰੇ ਜੀਉ॥

(ਮਾਝ ਮ: ੫, ਪੰਨਾ ੯੭)

ਦੂਜਾ ਗੁਰੂ ਵਾਸਤੇ—

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤੁ ਭੇਟਿਆ ਨਾਨਕ ਮਨਿ ਪਰਗਾਸੁ॥

(ਸੁਖਮਨੀ, ਪੰਨਾ ੨੯੩)

ਤੀਸਰਾ ਕਬੂਲ ਹੋਇ ਗੁਰਸਿੱਖਾਂ ਵਾਸਤੇ—

ਸੰਤਹੁ ਹਰਿ ਹਰਿ ਹਰਿ ਅਰਾਧਹੁ।
ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ॥

(ਸੋਰਠਿ ਮ: ੫, ਪੰਨਾ ੬੨੭)

ਗੁਰ-ਇਤਿਹਾਸ ਵਿਚ ਸਿੱਖਾਂ ਲਈ ਬਾਬਾ ਜਾਂ ਭਾਈ ਸ਼ਬਦ ਵਰਤਿਆ ਜਾਂਦਾ ਰਿਹਾ ਹੈ। ਭਾਈ ਭਗੀਰਥ, ਭਾਈ ਮਰਦਾਨਾ, ਭਾਈ ਅਜਿਤਾ, ਭਾਈ ਜਾਂ ਬਾਬਾ ਬੁੱਢਾ ਭਾਈ ਮਨਸੁਖ, ਭਾਈ ਜੋਧ, ਭਾਈ ਪਾਰੋ, ਭਾਈ ਬਲੂ, ਭਾਈ ਲਹਿਣਾ।

ਭਾਈ ਅਮਰਦਾਸ, ਭਾਈ ਜੇਠਾ, ਭਾਈ ਗੁਰਦਾਸ, ਭਾਈ ਬਿਧੀ ਚੰਦ, ਭਾਈ ਪਿਰਾਣਾ, ਭਾਈ ਲੰਘਾਹ, ਭਾਈ ਬਹਿਲੋ, ਭਾਈ ਬੰਨੋ। ਭਾਈ ਦਇਆਲਾ, ਭਾਈ ਮਤੀ ਦਾਸ, ਭਾਈ ਸਤੀ ਦਾਸ। ਪੰਜ ਪਿਆਰੇ ਭਾਈ ਪਦ ਨਾਲ ਨਿਵਾਜੇ ਗਏ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ। ਮੈਂ ਬਿਲਕੁਲ ਥੋੜ੍ਹੇ ਤੇ ਚੋਣਵੇਂ ਨਾਮ ਦਿੱਤੇ ਹਨ ਬਾਕੀ ਵੀ ਸਿੱਖਾਂ ਵਿਚੋਂ ਇਕ ਵੀ ਨਾਮ ਨਹੀਂ ਮਿਲਦਾ ਜਿਸ ਨਾਲ ਸੰਤ ਸ਼ਬਦ ਜੁੜਿਆ ਹੋਵੇ, ਪਰ 19ਵੀਂ ਸਦੀ ਦੇ ਅਖ਼ੀਰ 'ਤੇ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਸਿੱਖ ਪੰਥ 'ਸੰਤ' ਸ਼ਬਦ ਪ੍ਰਵਾਨ ਕਰ ਲੈਂਦਾ ਹੈ ਅਤੇ ਉਹ ਵੀ ਅਮਲੀ ਰੂਪ ਵਿਚ। ਸੰਤ ਸ਼ਬਦ ਜਿਨ੍ਹਾਂ ਵਿਅਕਤੀਆਂ ਨਾਲ ਜੁੜਿਆ ਹੈ ਪੰਥ ਦੇ ਕੇਂਦਰੀ ਅਸਥਾਨਾਂ 'ਤੇ ਉਨ੍ਹਾਂ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਉੱਚ ਪਦਵੀਆਂ ਦੀਆਂ ਸੇਵਾਵਾਂ ਸੌਂਪੀਆਂ ਜਾਂਦੀਆਂ ਹਨ। ਸੰਤਾਂ ਦੇ ਨਾਮ ਆਉਣੇ ਸ਼ੁਰੂ ਹੋ ਜਾਂਦੇ ਹਨ। ਪਹਿਲਾਂ ਉਦਾਸੀ ਸਾਧੂਆਂ ਨਾਲ ਸੰਤ ਸ਼ਬਦ ਜੁੜਦਾ ਸੀ, ਜਿਵੇਂ ਸੰਤ ਪ੍ਰੀਤਮ ਦਾਸ, ਸੰਤ ਸੰਤੋਖ ਦਾਸ। ਇਨ੍ਹਾਂ ਦੇ ਪਾਸ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਸੀ। ਫਿਰ ਨਾਮ ਆ ਜਾਂਦੇ ਹਨ ਸੰਤ ਸੁੰਦਰ ਸਿੰਘ ਜੀ ਅਲੀਬੇਗ, ਸੰਤ ਜਵਾਲਾ ਸਿੰਘ ਜੀ ਹਰਖੋਵਾਲ, ਸੰਤ ਬਾਬਾ ਨੰਦ ਸਿੰਘ ਜੀ, ਸੰਤ ਕਰਮ ਸਿੰਘ ਹੋਤੀ ਮਰਦਾਨ, ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਇਹ ਨਾਮ ਬਹੁਤ ਥੋੜ੍ਹੇ ਜਾਂ ਵੰਨਗੀ ਮਾਤ੍ਰ ਲਿਖੇ ਹਨ। ਸੇਵਾ ਪੰਥੀਆਂ ਦੇ ਆਗੂ ਭਾਈ ਘਨੱਈਆ ਜੀ, ਭਾਈ ਸਹਿਜ ਰਾਮ ਅਤੇ ਸੇਵਾ ਰਾਮ। ਪਰ ਹੁਣ ਸਾਰਿਆਂ ਨਾਲ ਸੰਤ ਸ਼ਬਦ ਜੁੜਦਾ ਹੈ। ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਦੀ ਟਕਸਾਲ ਦੇ ਆਗੂਆਂ ਨਾਲ ਸੰਤ ਸ਼ਬਦ ਜੁੜਦਾ ਹੈ।

ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਰਹਿ ਚੁੱਕੇ ਹੋਣ ਤਾਂ ਫਿਰ ਮੰਨ ਹੀ ਲੈਣਾ ਚਾਹੀਦਾ ਹੈ ਕਿ ਸਿੱਖ ਪੰਥ ਨੇ ਵਿਅਕਤੀਗਤ ਸਿੱਖ ਲਈ ਸੰਤ ਸ਼ਬਦ ਪ੍ਰਵਾਨ ਕਰ ਲਿਆ ਹੈ। ਸੰਤ

ਬਾਬਾ ਫ਼ਤਹਿ ਸਿੰਘ ਜੀ, ਸੰਤ ਹਰਚਰਨ ਸਿੰਘ ਜੀ, ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਸਭ ਪ੍ਰਧਾਨ ਸਨ। ਟਕਸਾਲੀ ਆਗੂ ਸੰਤ ਗਿ: ਸੁੰਦਰ ਸਿੰਘ, ਸੰਤ ਗਿਆਨੀ ਗੁਰਬਚਨ ਸਿੰਘ, ਸੰਤ ਗਿ: ਕਰਤਾਰ ਸਿੰਘ, ਸੰਤ ਜਰਨੈਲ ਸਿੰਘ ਜੀ। ਸੰਤ ਸ਼ਬਦ ਆ ਗਿਆ ਸੰਤ ਸ਼ਬਦ ਵਾਲੇ ਬੰਦੇ ਅਕਾਲ ਤਖ਼ਤ ਹੀ ਨਹੀਂ ਸਮੁੱਚੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧਕ ਰਹੇ ਤਾਂ ਫਿਰ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਸੰਤ ਸ਼ਬਦ ਵਿਅਕਤੀ ਨਾਲ ਸਿੱਖ ਪੰਥ ਨੇ ਪ੍ਰਵਾਨ ਕਰ ਲਿਆ ਹੈ। ਹੁਣ ਸਵਾਲ ਹੈ ਸੱਚੇ ਸੰਤ ਤੇ ਪਾਖੰਡੀ ਸੰਤ ਦੀ ਪਰਖ ਸੰਤ ਦੇ ਕਰਮਾਂ ਤੇ ਗੁਣਾਂ ਤੋਂ ਅਤੇ ਉਸਦੀ ਕਰਨੀ ਤੋਂ ਹੋਣੀ ਹੈ। ਉਸਦੀ ਕਰਨੀ ਨੂੰ ਗੁਰਬਾਣੀ ਤੇ ਗੁਰ-ਇਤਿਹਾਸ ਦੀ ਕਸਵੱਟੀ 'ਤੇ ਪਰਖਣਾ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਹੀ ਇਕ ਨਾਮ ਆਇਆ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ, ਜਿਨ੍ਹਾਂ ਨੇ ਸਮੁੱਚੇ ਸਿੱਖ ਪੰਥ ਵਿਚ ਬੜਾ ਸਨਮਾਨ ਸਤਿਕਾਰ ਲਿਆ ਅਤੇ ਸਿੱਖ ਪੰਥ ਲਈ ਮਹਾਨ ਘਾਲਣਾ ਘਾਲੀ। ਉਨ੍ਹਾਂ ਦਾ ਸਮੁੱਚਾ ਜੀਵਨ ਗੁਰਮਤਿ ਰਹਿਤ ਅਨੁਸਾਰ ਸੀ। ਸੰਤ ਪ੍ਰੇਮ ਸਿੰਘ ਜੀ ਲੁਬਾਣਾ ਬਰਾਦਰੀ ਵਿਚੋਂ ਸਨ। ਮੈਨੂੰ ਮਹਿਸੂਸ ਹੋਇਆ ਹੈ ਕਿ ਸੰਤ ਪ੍ਰੇਮ ਸਿੰਘ ਨਾਲ ਅਸੀਂ ਇਨਸਾਫ਼ ਨਹੀਂ ਕਰ ਰਹੇ। ਦੂਜੀਆਂ ਬਰਾਦਰੀਆਂ ਵਾਲਿਆਂ ਦਾ ਇਹ ਕਹਿਣਾ ਹੈ ਕਿ ਇਹ ਲੁਬਾਣਿਆਂ ਦਾ ਸੰਤ ਹੈ। ਇਹ ਵੀ ਸਰਾਸਰ ਗ਼ਲਤ ਹੈ ਅਤੇ ਲੁਬਾਣਿਆਂ ਦਾ ਕਹਿਣਾ ਹੈ ਕਿ ਸੰਤ ਪ੍ਰੇਮ ਸਿੰਘ ਲੁਬਾਣਿਆਂ ਦਾ ਹੀ ਸੰਤ ਸੀ, ਇਹ ਵੀ ਗ਼ਲਤ ਹੈ। ਸੱਚ ਇਹ ਹੈ ਕਿ ਉਹ ਗੁਰੂ ਗ੍ਰੰਥ ਪੰਥ ਦੇ ਸੰਤ ਸਨ। ਇਕ ਗੱਲ ਤੋਂ ਹੀ ਅੰਦਾਜ਼ਾ ਲਾ ਲੈਣਾ ਕਿ ਜਿਹੜੀ ਸਿੱਖੀ ਨਾਲ ਉਨ੍ਹਾਂ ਲੁਬਾਣਾ ਬਰਾਦਰੀ ਨੂੰ ਜੋੜਿਆ ਹੈ ਉਹ ਲੁਬਾਣਿਆਂ ਦੀ ਸਿੱਖੀ ਹੈ, ਜੱਟਾਂ ਦੀ ਸਿੱਖੀ ਹੈ, ਜਾਂ ਅਰੋੜਿਆਂ ਜਾਂ ਕਿਸੇ ਹੋਰ ਬਰਾਦਰੀ ਦੀ ਸਿੱਖੀ ਹੈ ਕਿ ਜਾਂ ਉਹ ਗੁਰੂ ਨਾਨਕ ਦੀ ਸਿੱਖੀ ਹੈ। ਜੇ ਉਨ੍ਹਾਂ ਬਰਾਦਰੀ ਨੂੰ ਗੁਰੂ ਨਾਨਕ ਦੀ ਸਿੱਖੀ ਨਾਲ ਜੋੜਿਆ ਹੈ ਤਾਂ ਉਨ੍ਹਾਂ ਬਰਾਦਰੀ ਨੂੰ ਗੁਰੂ ਗ੍ਰੰਥ ਅਤੇ ਪੰਥ ਨਾਲ ਜੋੜਿਆ ਹੈ। ਫਿਰ ਉਹ ਗੁਰੂ ਗ੍ਰੰਥ ਅਤੇ ਪੰਥ ਦੇ ਸੰਤ ਹਨ।

ਸੰਤ ਪ੍ਰੇਮ ਸਿੰਘ ਨਾਲ ਇਨਸਾਫ਼ ਇਹੀ ਹੈ ਕਿ ਉਹ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸੰਤ ਸਨ। ਹਾਂ ਜੇ ਕੋਈ ਇਹ ਕਹੇ ਕਿ ਉਨ੍ਹਾਂ ਦੀ ਛਤ੍ਰ ਛਾਇਆ ਥੱਲੇ ਬਰਾਦਰੀ ਨੇ ਬੜੀ ਉੱਨਤੀ ਕੀਤੀ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀ। ਜਿਨ੍ਹਾਂ ਨੇ ਉਨ੍ਹਾਂ ਦੀ ਗੱਲ ਮੰਨੀ ਹੈ ਉਨ੍ਹਾਂ ਨੇ ਹੀ ਉੱਨਤੀ ਕਰਨੀ ਸੀ। ਉਨ੍ਹਾਂ ਦੇ ਬਣਾਏ ਸਕੂਲਾਂ ਵਿਚ ਹਰ ਕੋਈ ਪੜ੍ਹ ਸਕਦਾ ਸੀ। ਉਨ੍ਹਾਂ ਦੇ ਪ੍ਰਬੰਧ ਵਿਚ ਮੁਰਾਲੇ ਕੋਈ ਵੀ ਗੁਰਮਤਿ ਵਿੱਦਿਆ ਪੜ੍ਹ ਸਕਦਾ ਸੀ। ਉਨ੍ਹਾਂ ਦੇ ਸਾਹਮਣੇ ਜਿਹੜਾ ਵੀ ਲੋੜਵੰਦ ਆਇਆ ਉਸ ਲਈ ਆਪਣਾ ਆਪ ਨਿਛਾਵਰ ਕਰ ਦਿੱਤਾ। ਹਰ ਬੰਦੇ

ਦਾ ਨਾਮ ਤੇ ਉਸਦੇ ਕਰਮਾਂ ਦਾ ਤਾਲਮੇਲ ਨਹੀਂ ਬੈਠਦਾ। ਪਰ ਸੰਤ ਪ੍ਰੇਮ ਸਿੰਘ ਦਾ ਨਾਂ ਤੇ ਕਰਮਾਂ ਦਾ ਤਾਲਮੇਲ ਬੈਠਦਾ ਹੈ। ਪ੍ਰੇਮ ਦਾ ਅਰਥ ਹੈ ਸਮਸਤ ਜੀਵਨ ਪ੍ਰਤੀ ਸਮਰਪਿਤ ਹੋਣਾ।

ਪ੍ਰੇਮ ਦੀ ਕੋਈ ਹੱਦ ਨਹੀਂ ਜਿੱਥੇ ਹੱਦ ਹੈ ਉੱਥੇ ਮੋਹ ਹੈ। ਸੰਤ ਪ੍ਰੇਮ ਸਿੰਘ ਨੂੰ ਜੋ ਵੀ ਮਿਲਿਆ ਹੈ ਜਾਂ ਜਿਸਨੇ ਵੀ ਉਨ੍ਹਾਂ ਦੇ ਬਚਨ ਸੁਣੇ ਹਨ, ਉਹ ਹਰ ਇਕ ਮਨੁੱਖ ਕਹਿੰਦਾ ਹੈ ਕਿ ਸੰਤ ਪ੍ਰੇਮ ਸਿੰਘ ਵਾਕਿਆ ਹੀ ਪ੍ਰੇਮ ਦੀ ਮੂਰਤੀ ਸਨ। ਪ੍ਰੇਮ ਨੂੰ ਗੁਰੂ ਗੋਬਿੰਦ ਸਿੰਘ ਨੇ ਪ੍ਰਭੂ ਪ੍ਰਾਪਤੀ ਲਈ ਲਾਜ਼ਮੀ ਦੱਸਿਆ ਹੈ ਕਿ ਪ੍ਰੇਮ ਹੀ ਪ੍ਰਭੂ ਦਾ ਦੁਆਰ ਹੈ। ਇਸ ਦੁਆਰ ਵਿਚੋਂ ਗੁਜ਼ਰੇ ਬਿਨਾਂ ਕੋਈ ਪਰਮਾਤਮਾ ਦੇ ਘਰ ਤੱਕ ਨਹੀਂ ਪੁੱਜ ਸਕਦਾ। ਕ੍ਰਾਈਸਟ ਨੇ ਕਿਹਾ ਸੀ, 'ਲਵ ਇਜ਼ ਗਾਡ' ਯਾਨਿ ਪ੍ਰੇਮ ਹੀ ਪਰਮਾਤਮਾ ਹੈ। ਸਤਿਗੁਰੂ ਕਹਿੰਦੇ ਹਨ—

ਸਾਚ ਕਹੂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ॥
ਤਿਨ ਹੀ ਪ੍ਰਭ ਪਾਇਓ॥

ਸੰਤ ਪ੍ਰੇਮ ਸਿੰਘ ਦਾ ਰੋਮ-ਰੋਮ ਇਕ ਦਾਨ ਸੀ। ਉਹ ਐਸਾ ਪ੍ਰੇਮ ਦਾਨ ਸੀ, ਜਿਵੇਂ ਫੁੱਲ ਵਿਚੋਂ ਸੁਗੰਧੀ ਨਿਰਸੰਬੰਧ ਹੀ ਵਰਤਦੀ ਜਾ ਰਹੀ ਹੈ। ਜੋ ਵੀ ਕੋਲੋਂ ਗੁਜ਼ਰ ਗਿਆ, ਉਹੀ ਸੁਗੰਧੀ ਲੈ ਗਿਆ, ਐਸੀ ਪਰਉਪਕਾਰੀ ਬਿਰਤੀ ਸੀ ਸੰਤ ਬਾਬਾ ਪ੍ਰੇਮ ਸਿੰਘ ਦੀ।

ਇਕ ਫ਼ਕੀਰ ਨੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਸੀ ਕਿ ਫ਼ਕੀਰੀ ਦਾ ਆਦਿ ਕੀ ਹੈ ਤੇ ਅੰਤ ਕੀ ਹੈ ? ਸਤਿਗੁਰਾਂ ਉੱਤਰ ਦਿੱਤਾ ਸੀ ਕਿ ਫ਼ਕੀਰੀ ਦਾ ਆਦਿ ਹੈ ਫ਼ਨਾ ਹੋ ਜਾਣਾ, ਪ੍ਰੇਮ ਵਿਚ ਮਿਟ ਜਾਣਾ। ਅਤੇ ਫ਼ਕੀਰੀ ਦਾ ਅੰਤ ਹੈ ਪ੍ਰੇਮ ਵਿਚੋਂ ਗੁਜ਼ਰ ਕੇ ਸਦਾ ਲਈ ਅਮਰ ਹੋ ਜਾਣਾ।

ਇਬਤਦਾਏ ਫ਼ਕੀਰੀ ਫ਼ਨਾਹ ਅਸਤ॥
ਇੰਤਹਾਏ ਫ਼ਕੀਰੀ ਬਕਾਸਤ॥

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਉਣ ਤੋਂ ਪਹਿਲੇ ਦੀ ਡਾਵਾਂਡੋਲ ਹਾਲਤ ਦੱਸਦਿਆਂ ਕਿਹਾ ਹੈ—

ਥੰਮੇ ਕੋਇ ਨਾ ਸਾਧ ਬਿਨ॥
ਸਾਧ ਨਾ ਦਿਸੈ ਜਗ ਵਿਚ ਕੋਆ॥

ਫਿਰ ਕਹਿੰਦੇ ਹਨ—ਥੰਮ੍ਹਣ ਵਾਲਾ ਆ ਗਿਆ ਹੈ।

ਗੁਰਮੁਖਿ ਕਲਿ ਵਿਚ ਪ੍ਰਗਟ ਹੋਆ॥

ਉਹਨਾਂ ਦੀ ਨਜ਼ਰ ਵਿਚ ਜਗਤ ਥੰਮ੍ਹਣ ਵਾਲੇ ਗੁਰੂ ਨਾਨਕ ਦੇਵ ਜੀ ਸਨ। ਉਹ ਗੁਰਮੁਖ ਸਨ ਅਤੇ ਗੁਰਮੁਖਾਂ ਦੀ ਭਾਲ ਵਿਚ ਸਨ—ਗੁਰਮੁਖ ਖੋਜਤ ਭਏ ਉਦਾਸੀ। ਆਖ਼ਰ ਉਨ੍ਹਾਂ ਗੁਰਮੁਖਤਾਈ ਦਾ ਬੀਜ ਬੀਜਿਆ ਜੋ ਸੰਗਤ ਰੂਪ

ਵਿਚ ਪ੍ਰਫੁੱਲਤ ਹੋਇਆ। ਉਨ੍ਹਾਂ ਦੇ ਸੰਗਤ ਰੂਪ ਬਗ਼ੀਚੇ ਵਿਚ ਥਾਂ-ਥਾਂ ਗੁਰਮੁਖ ਸਾਧ ਫੁੱਲ ਖਿੜੇ ਜਿਨ੍ਹਾਂ ਦੀ ਗਿਣਤੀ ਕਰਨੀ ਮੁਸ਼ਕਿਲ ਹੈ। ਦਸ ਜਾਮਿਆਂ ਵਿਚ ਵਰਤੀ ਇਸ ਜੋਤ ਦੇ ਪ੍ਰਕਾਸ਼ ਨਾਲ ਅਨੇਕਾਂ ਬੁੱਝੇ ਦੀਵੇ ਜਗ ਪਏ। ਹਨੇਰੀਆਂ ਕੋਠੜੀਆਂ ਵਿਚ ਅਨੇਕਾਂ ਰਤਨ ਜਗਮਗਾ ਉਠੇ। ਅਰਦਾਸ ਵਿਚ ਉਨ੍ਹਾਂ ਪੰਥ ਰਤਨਾਂ ਦਾ ਰੋਜ਼ ਜ਼ਿਕਰ ਕਰਦੇ ਹਾਂ—

"ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ਼ ਚਲਾਈ, ਤੇਗ਼ ਵਾਹੀ, ਵੇਖ ਕੇ ਅਣਡਿੱਠ ਕੀਤਾ, ਤਿਨਾ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।"

ਸਿੱਖ ਪੰਥ ਇਕ ਅਮੋਲਕ ਖ਼ਜ਼ਾਨਾ ਹੈ ਜਿਸ ਵਿਚ ਅਣਗਿਣਤ ਹੀਰੇ ਹਨ। ਉਨ੍ਹਾਂ ਅਮੁੱਲ ਤੇ ਅਣਗਿਣਤ ਹੀਰਿਆਂ ਵਿਚੋਂ ਇਕ ਹੀਰੇ ਸਨ ਸੰਤ ਪ੍ਰੇਮ ਸਿੰਘ ਜੀ।

ਸੰਤ ਪ੍ਰੇਮ ਸਿੰਘ ਵਿਚੋਂ ਇਕੋ ਸਮੇਂ ਹੀ ਇਕ ਨਿਰਮਲੇ ਸੰਤ ਦੇ ਵੀ ਦਰਸ਼ਨ ਹੁੰਦੇ ਸਨ ਅਤੇ ਇਕ ਤਿਆਰ-ਬਰ-ਤਿਆਰ ਸਿੰਘ ਦੇ ਦੀਦਾਰ ਵੀ ਹੁੰਦੇ ਸਨ। ਉਹ ਚਿਹਰਾ ਰੱਬ ਨੇ ਅਡੋਲ ਤੇ ਸੁੰਦਰ ਵੀ ਬਣਾਇਆ ਸੀ। ਉਹ ਚਿਹਰਾ ਧੁਰੋਂ ਹੀ ਇਕ ਸੰਤ ਦਾ ਸੀ, ਚਿਹਰਾ ਵੀ ਟਿਕਿਆ ਸੀ, ਮਨ ਵੀ ਟਿਕਿਆ ਸੀ। ਅੰਦਰ ਸਤਿਗੁਰੂ ਦੀ ਬਾਣੀ ਸੀ ਬਾਹਰ ਸਤਿਗੁਰਾਂ ਦਾ ਬਾਣਾ ਸੀ। ਇਹੀ ਕਾਰਨ ਸੀ ਕਿ ਉਨ੍ਹਾਂ ਨੂੰ ਕੋਈ ਉਚੇਚਾ ਭੇਖ ਧਾਰਨ ਨਹੀਂ ਕਰਨਾ ਪਿਆ। ਉਨ੍ਹਾਂ ਨੂੰ ਦਸਤਾਰਾ ਵੀ ਉਚੇਚਾ ਗੋਲਮੋਲ ਨਹੀਂ ਕਰਨਾ ਪਿਆ। ਜਿਹਨਾਂ ਬੰਦਿਆਂ ਦੇ ਚਿਹਰੇ ਤੋਂ ਸੰਤ ਸਰੂਪ ਦੀ ਪੂਰਤੀ ਨਹੀਂ ਹੁੰਦੀ ਉਹ ਪਹਿਰਾਵੇ ਅਤੇ ਪੱਗਾਂ ਕਿਸੇ ਹੋਰ ਢੰਗ ਦੀਆਂ ਕਰਦੇ ਹਨ ਤਾਂ ਕਿ ਲੋਕ ਸੰਤ ਆਖਣ ਪਰ ਸੰਤ ਪ੍ਰੇਮ ਸਿੰਘ ਨੂੰ ਐਸਾ ਕੁੱਝ ਵੀ ਨਹੀਂ ਕਰਨਾ ਪਿਆ ਕਿਉਂਕਿ ਉਨ੍ਹਾਂ ਦਾ ਚਿਹਰਾ ਇਕ ਸੰਤ ਦਾ ਸੀ। ਉਸ ਤਨ 'ਤੇ ਸਜੇ ਕਕਾਰ ਗੁਰੂ ਦਾ ਬਾਣਾ ਸੀ। ਸੰਤ ਪ੍ਰੇਮ ਸਿੰਘ ਇਕ ਅੰਮ੍ਰਿਤਧਾਰੀ ਸਿੰਘ ਸਨ। ਇਸ ਲਈ ਮੈਂ ਕਹਿ ਸਕਦਾ ਹਾਂ ਉਹ ਸਤਿਗੁਰੂ ਦੇ ਸੰਤ ਸਿਪਾਹੀ ਸਨ।

ਸੰਤ ਸਿਪਾਹੀ ਦੇ ਕੁੱਝ ਫ਼ਰਜ਼ ਹਨ। ਸੰਤ ਅਤੇ ਸਿਪਾਹੀ ਦੋ ਵੱਖ-ਵੱਖ ਵਿਅਕਤੀ ਰਹੇ ਹਨ। ਇਸ ਲਈ ਦੋਹਾਂ ਦੇ ਫ਼ਰਜ਼ ਵੀ ਵੱਖ-ਵੱਖ ਨਿਸਚਿਤ ਕੀਤੇ ਗਏ ਹਨ। ਸੰਤ ਦਾ ਪਹਿਲਾ ਫ਼ਰਜ਼ ਹੈ ਦੂਸਰਿਆਂ ਦਾ ਭਲਾ ਮੰਗਣਾ। ਦੂਸਰਿਆਂ ਨੂੰ ਦੁਖੀ ਵੇਖ ਕੇ ਸੰਤ ਦਾ ਹਿਰਦਾ ਦ੍ਰਵ ਜਾਂਦਾ ਹੈ, ਮਹਾਨ ਵਿਦਵਾਨ ਤੁਲਸੀ ਲਿਖਦੇ ਹਨ, ਮੱਖਣ ਬਹੁਤ ਨਰਮ ਹੈ ਪਰ ਸੰਤ ਦਾ ਹਿਰਦਾ ਮੱਖਣ ਤੋਂ ਵੀ ਨਰਮ ਹੈ। ਮੱਖਣ ਨੂੰ ਆਪ ਨੂੰ ਸੇਕ ਲਗਦਾ ਹੈ, ਤਾਂ ਪਿਘਲਦਾ ਹੈ। ਪਰ ਸੰਤ ਤਾਂ ਕਿਸੇ ਨੂੰ ਦੁਖੀ ਵੇਖ ਕੇ ਦ੍ਰਵ ਜਾਂਦਾ ਹੈ ਸੇਕ ਕਿਸੇ ਨੂੰ ਲਗਦਾ ਹੈ ਹਿਰਦਾ ਸੰਤ

ਦਾ ਦ੍ਰਵਦਾ ਹੈ ਅਤੇ ਅੰਦਰੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ, ਸੰਤ ਸਾਰਿਆਂ ਲਈ ਸੁਖ-ਸ਼ਾਂਤੀ ਅਤੇ ਭਲਾ ਮੰਗਦਾ ਹੈ।

ਸੰਤ ਰਿਦਾ ਨਵਨੀਤ ਸਮਾਨਾ ਕਹਾ ਕਵਿਨ ਪਰ ਕਹਾਨਾ ਜਾਨਾ॥
ਨਿਜ ਪ੍ਰਤਾਪ ਦ੍ਰਵੈ ਨਵਨੀਤਾ ਪਰ ਦੁੱਖ ਦ੍ਰਵ ਹੈ ਸੰਤ ਪੁਨੀਤਾ॥

ਸਿਪਾਹੀ ਦਾ ਕੰਮ ਹੈ ਸਰਬੱਤ ਦੇ ਭਲੇ ਦਾ ਰਖਵਾਲਾ ਹੋਣਾ। ਕੋਈ ਕਿਸੇ ਦੀ ਸੁਖ-ਸ਼ਾਂਤੀ ਖੋਹ ਨਾ ਲਵੇ। ਕੋਈ ਕਿਸੇ ਦਾ ਭਲਾ ਲੁੱਟ ਨਾ ਲਵੇ। ਸਿਪਾਹੀ ਰਖਵਾਲੀ ਕਰਦਾ ਹੈ। ਜਿਸ ਵੇਲੇ ਸਿਪਾਹੀ ਲੁਟੇਰੇ ਬਣੇ ਤੇ ਸੰਤ ਪਾਖੰਡੀ ਬਣੇ ਸਨ ਦੋਵੇਂ ਹੀ ਰਲ ਕੇ ਮਨੁੱਖਤਾ ਨੂੰ ਤਬਾਹ ਕਰ ਰਹੇ ਸਨ, ਸੁਖ-ਸ਼ਾਂਤੀ ਲੁੱਟ ਰਹੇ ਸਨ।

ਇਕਬਾਲ ਨੂੰ ਕਹਿਣਾ ਪਿਆ—

'ਖ਼ੁਦਾਇਆ ਤੇਰੇ ਸਾਦਾ ਦਿਲ ਬੰਦੇ ਕਿਧਰ ਜਾਏਂ।
ਸੁਲਤਾਨੀ ਤੋਂ ਅਯਾਰੀ ਹੈ ਫ਼ਕੀਰੀ ਭੀ ਮਕਾਰੀ ਹੈ।

ਸੁਲਤਾਨ ਭਾਵ ਸਿਪਾਹੀ, ਫ਼ਕੀਰ ਭਾਵ ਸੰਤ, ਦੋਵੇਂ ਹੀ ਲੁਟੇਰੇ ਹਨ। ਦਸਮੇਸ਼ ਪਿਤਾ ਦੀ ਬਰਕਤ ਨਾਲ ਐਸੇ ਸੰਤ ਸਿਪਾਹੀ ਪੈਦਾ ਹੋਏ ਜਿਨ੍ਹਾਂ ਨੇ ਸੰਤ ਬਣ ਕੇ ਸਰਬੱਤ ਦਾ ਭਲਾ ਵੀ ਮੰਗਿਆ ਤੇ ਸਿਪਾਹੀ ਬਣ ਕੇ ਸਰਬੱਤ ਦੇ ਭਲੇ ਦੀ ਰਖਵਾਲੀ ਵੀ ਕੀਤੀ। ਐਸੇ ਸੰਤ ਸਿਪਾਹੀਆਂ ਵਿਚੋਂ ਇਕ ਸਨ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ। ਉਨ੍ਹਾਂ ਵਿਚ ਸੰਤ ਦੇ ਦੀਦਾਰ ਵੀ ਹੁੰਦੇ ਸਨ ਅਤੇ ਸਿਪਾਹੀ ਦੇ ਵੀ।

ਇਹ ਦੇਣ ਦਸਮੇਸ਼ ਪਿਤਾ ਦੀ ਸੀ ਜਿਨ੍ਹਾਂ ਵਿਚ ਬਾਦਸ਼ਾਹ ਤੇ ਦਰਵੇਸ਼ ਦੇ ਦਰਸ਼ਨ ਇਕੋ ਸਮੇਂ ਹੁੰਦੇ ਸਨ। ਇਹ ਮੀਰੀ ਪੀਰੀ ਦਾ ਸੁਮੇਲ ਸਤਿਗੁਰਾਂ ਨੇ ਸਿੱਖ ਨੂੰ ਦਿੱਤਾ ਹੈ—

ਹੱਕ ਹੱਕ ਅਦੇਸ਼ ਗੁਰ ਗੋਬਿੰਦ ਸਿੰਘ।
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ।

ਫਿਰ ਆਪਣੇ ਖ਼ਾਲਸੇ ਵਿਚ ਸਤਿਗੁਰੂ ਆਪ ਵਰਤ ਰਿਹਾ ਸੀ। ਇਹੀ ਕਾਰਨ ਹੈ ਕਿ ਸਤਿਗੁਰੂ ਦੇ ਪਹਾਰੇ ਵਿਚ ਘੜਿਆ ਜੀਵਨ ਸੰਤ ਪ੍ਰੇਮ ਸਿੰਘ ਸੰਗਤ ਲਈ ਖਿੱਚ ਦਾ ਕਾਰਨ ਬਣ ਰਹੇ ਸਨ। ਉਹ ਇਕ ਸੰਪੂਰਨ ਜੀਵਨ ਸੀ, ਖ਼ਾਲਸ ਜੀਵਨ ਸੀ, ਸੰਤ ਸਿਪਾਹੀ ਦਾ ਜੀਵਨ ਸੀ, ਉਹ ਇਕ ਰਾਜ ਜੋਗ ਦਾ ਸੁਮੇਲ ਸੀ।

2

ਮੁੱਢਲੇ 13 ਸਾਲ ਖੋੜੀ ਦੂਨਾ ਸਿੰਘ ਵਿਚ

ਸੰਤ ਪ੍ਰੇਮ ਸਿੰਘ ਦਾ ਜਨਮ ਬਾਬਾ ਬਸਾਵਾ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ ਪਿੰਡ ਖੋੜੀ ਦੂਨਾ ਸਿੰਘ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਸੰਨ 1887 ਸੰਮਤ 1944 ਕੱਤਕ ਦੀ ਪਹਿਲੀ ਤਰੀਕ ਨੂੰ ਹੋਇਆ। ਸਾਰੇ ਪਰਿਵਾਰ ਵਿਚ ਬੜੀ ਖ਼ੁਸ਼ੀ ਸੀ ਪਰ ਕੁਦਰਤ ਨੇ ਐਸੀ ਕਲਾ ਵਰਤਾਈ ਕਿ ਸੰਤ ਪ੍ਰੇਮ ਸਿੰਘ ਨੂੰ ਜਨਮ ਦੇਣ ਤੋਂ ਬਾਅਦ ਮਾਤਾ ਨਿਹਾਲ ਕੌਰ ਜੀ ਠੀਕ ਢਾਈ ਮਹੀਨੇ ਬਾਅਦ ਅਕਾਲ ਚਲਾਣਾ ਕਰ ਗਏ। ਮਾਤਾ ਨਿਹਾਲ ਕੌਰ, ਸ. ਭੋਲਾ ਸਿੰਘ ਦੀ ਸਪੁੱਤਰੀ ਸੀ ਜੋ ਪਿੰਡ ਗਹੋਤ ਪੋਹਕਰ, ਜ਼ਿਲ੍ਹਾ ਗੁਰਦਾਸਪੁਰ ਦੇ ਰਹਿਣ ਵਾਲੇ ਸਨ।

ਬਾਬਾ ਬਸਾਵਾ ਸਿੰਘ ਨੇ ਇਸ ਰੱਬੀ ਭਾਣੇ ਨੂੰ ਖਿੜੇ ਮੱਥੇ ਮੰਨਿਆ ਸੀ। ਨਗਰ ਨਿਵਾਸੀ ਬਾਬਾ ਜੀ ਦਾ ਬੜਾ ਸਤਿਕਾਰ ਕਰਦੇ ਸਨ। ਬਾਬਾ ਬਸਾਵਾ ਸਿੰਘ ਜੀ ਬੜੇ ਪਵਿੱਤਰ ਜੀਵਨ ਵਾਲੇ ਗੁਰਮਤਿ ਰਹਿਣੀ ਵਿਚ ਰਹਿਣ ਵਾਲੇ ਅਤੇ ਗੁਰਮਤਿ ਵਿੱਦਿਆ ਦੇ ਮਹਾਨ ਵਿਦਵਾਨ ਸਨ। ਅਕਸਰ ਸੰਗਤਾਂ ਵਿਚ ਵਿਚਰ ਕੇ ਕਥਾ ਰਾਹੀਂ ਗੁਰਮਤਿ ਪ੍ਰਚਾਰ ਕਰਦੇ ਸਨ। ਐਸੇ ਹਰਮਨ ਪਿਆਰੇ ਮਹਾਂਪੁਰਖ ਦੀ ਪਤਨੀ ਦਾ ਨਵ ਜਨਮੇ ਬੱਚੇ ਨੂੰ ਛੱਡ ਕੇ ਅਚਾਨਕ ਸਦੀਵੀ ਵਿਛੋੜਾ ਦੇ ਜਾਣਾ ਜਿਸ ਕਿਸੇ ਨੇ ਵੀ ਸੁਣਿਆ ਦਿਲ 'ਤੇ ਹੱਥ ਰੱਖ ਕੇ ਬਹਿ ਗਿਆ। ਪਰ ਹੁਣ ਜੋ ਮੁਸ਼ਕਿਲ ਦਰਪੇਸ਼ ਸੀ ਉਸ ਦਾ ਹੱਲ ਸੋਚਣਾ ਸੀ ਕਿ ਇਕ ਕੋਮਲ ਫੁੱਲ ਨੂੰ ਕੌਣ ਸੰਭਾਲੇ। ਪਰਮਾਤਮਾ ਨੇ ਕਿਰਪਾ ਕੀਤੀ ਤਿੰਨ ਮਾਤਾਵਾਂ ਇਸ ਮਹਾਂਪੁਰਖ ਦੀ ਸੇਵਾ ਲਈ ਹਾਜ਼ਰ ਹੋਈਆਂ। ਇਹ ਨਗਰ ਵਿਚੋਂ ਸਨ ਅਤੇ ਰਿਸ਼ਤੇਦਾਰੀ ਵਿਚੋਂ ਹੀ ਸਨ।

ਪਹਿਲੀ ਮਾਤਾ ਜਵਾਲੀ ਇਹ ਹਰ ਵਲੇ ਨਵ ਜੰਮੇ ਬੱਚੇ ਦੀ ਸੰਭਾਲ ਕਰਦੀ ਸੀ। ਆਪਣੇ ਕੋਲ ਸੁਆਉਂਦੀ ਸੀ। ਇਹ ਬੜੀ ਕਠਿਨ ਘਾਲਣਾ ਸੀ। ਇਸ

ਘਾਲ ਬਾਰੇ ਉਨ੍ਹਾਂ ਮਨੁੱਖਾਂ ਨੂੰ ਪਤਾ ਹੈ ਜਿਨ੍ਹਾਂ ਨੇ ਇਕ ਰਾਤ ਕਿਸੇ ਛੋਟੇ ਬੱਚੇ ਨੂੰ ਆਪਣੇ ਪਾਸ ਰੱਖਿਆ ਹੋਵੇ। ਇਕ ਸੱਜਣ ਨੇ ਕਿਹਾ ਸੀ ਕਿ ਪਤਨੀ ਦੇ ਬੀਮਾਰ ਹੋਣ ਤੇ ਬੱਚਿਆਂ ਨੇ ਏਨਾ ਤੰਗ ਕੀਤਾ ਮੇਰਾ ਜੀ ਕਰੇ ਕਿ ਮੈਂ ਖੁਦਕਸ਼ੀ ਕਰ ਲਵਾਂ। ਮਾਂ ਨੂੰ ਬੱਚਾ ਵਾਰ-ਵਾਰ ਜਗਾਉਂਦਾ ਹੈ। ਉਹ ਸਵੇਰੇ ਉੱਠ ਕੇ ਫਿਰ ਘਰ ਨੂੰ ਸਾਂਭਦੀ ਹੈ। ਦੂਸਰੀ ਮਾਤਾ ਬਾਲ ਕੌਰ ਜਿਸਦਾ ਆਪਣਾ ਲੜਕਾ ਨਰਾਇਣ ਸਿੰਘ ਸੀ ਉਹ ਬਾਲਕ (ਸੰਤ) ਪ੍ਰੇਮ ਸਿੰਘ ਨੂੰ ਆਪਣਾ ਦੁੱਧ ਚੁੰਘਾਉਂਦੀ ਰਹੀ। ਤੀਸਰੀ ਮਾਤਾ ਉਪਮਾ ਦੇਵੀ ਇਹ ਵੀ ਆਪਣੀ ਬੇਟੀ ਦੇ ਹੁੰਦਿਆਂ ਆਪਣਾ ਦੁੱਧ (ਸੰਤ) ਪ੍ਰੇਮ ਸਿੰਘ ਨੂੰ ਚੁੰਘਾਉਂਦੀ ਰਹੀ। ਇਨ੍ਹਾਂ ਤਿੰਨਾਂ ਮਾਤਾਵਾਂ ਦਾ (ਸੰਤ) ਪ੍ਰੇਮ ਸਿੰਘ ਦੀ ਪਾਲਣਾ ਵਿਚ ਮਹਾਨ ਯੋਗਦਾਨ ਹੈ। ਏਡੀ ਵੱਡੀ ਸੇਵਾ ਜੋ ਇਨ੍ਹਾਂ ਤਿੰਨਾਂ ਮਾਤਾਵਾਂ ਕੀਤੀ ਇਕ ਸੰਤ ਦੀ ਪਾਲਣਾ ਕੀਤੀ ਇਹ ਸਫ਼ਲ ਘਾਲਣਾ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਇਨ੍ਹਾਂ ਮਾਤਾਵਾਂ ਨੂੰ ਯਾਦ ਕਰਦੇ ਰਹਿੰਦੇ ਸਨ। ਧਨ ਹਨ ਇਹ ਤਿੰਨ ਮਾਤਾਵਾਂ ਅਤੇ ਧਨ ਹੈ ਇਨ੍ਹਾਂ ਦੀ ਘਾਲਣਾ। ਇਨ੍ਹਾਂ ਤਿੰਨਾਂ ਨੇ (ਸੰਤ) ਬਾਬਾ ਪ੍ਰੇਮ ਸਿੰਘ ਜੀ ਦੀ ਪਰਵਰਿਸ਼ ਕੀਤੀ ਅਤੇ ਆਪਣੇ ਬੱਚਿਆਂ ਤੋਂ ਵੱਧ ਪਿਆਰ ਦਿੱਤਾ ਜਾਂ ਇੰਜ ਕਹਾਂ ਕਿ ਉਸ ਸੁੰਦਰ ਸਰੂਪ ਸੰਤ ਬਾਬਾ ਪ੍ਰੇਮ ਸਿੰਘ ਨੂੰ ਪ੍ਰੇਮ ਲੈਣਾ ਅਤੇ ਪ੍ਰੇਮੀ ਨੂੰ ਖਿੱਚਣਾ ਸੁਭਾਵਿਕ ਹੀ ਆਉਂਦਾ ਸੀ।

3

ਸੰਤ ਪ੍ਰੇਮ ਸਿੰਘ ਦਾ ਪਰਿਵਾਰਕ ਪਿਛੋਕੜ

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਗੁਰਮਤਿ ਵਿਚ ਕੁਲ ਨਹੀਂ, ਕਰਨੀ ਹੀ ਪ੍ਰਧਾਨ ਹੈ। ਜੇ ਕੁਲ ਪ੍ਰਧਾਨ ਹੁੰਦੀ ਤਾਂ ਪ੍ਰਿਥੀ ਚੰਦ, ਧੀਰਮਲ, ਰਾਮਰਾਇ ਇਨ੍ਹਾਂ ਸਾਰਿਆਂ ਨੂੰ ਬਰਾਬਰ ਸਨਮਾਨ ਮਿਲਦਾ ਪਰ ਮਿਲਿਆ ਨਹੀਂ। ਪੰਜਾਂ ਪਿਆਰਿਆਂ ਵਿਚੋਂ ਇਕ ਛੀਂਬਿਆਂ ਵਿਚੋਂ ਹੈ, ਇਕ ਨਾਈ ਹੈ, ਇਕ ਝੀਵਰ ਬਰਾਦਰੀ ਵਿਚੋਂ ਹੈ, ਇਕ ਜੱਟ ਹੈ ਅਤੇ ਇਕ ਖੱਤਰੀ ਹੈ। ਪਰ ਕਰਨੀ ਉੱਚੀ ਹੋਣ ਕਰਕੇ ਸਨਮਾਨ ਬਰਾਬਰ ਹੈ। ਪਰ ਗੁਰੂ ਦੀ ਕੁਲ ਵਿਚੋਂ ਸਾਹਿਬਜ਼ਾਦਿਆਂ ਪ੍ਰਿਥੀਚੰਦ, ਧੀਰਮਲ ਅਤੇ ਰਾਮਰਾਇ ਨੂੰ ਸਨਮਾਨ ਨਹੀਂ ਮਿਲਿਆ।

ਸਤਿਗੁਰੂ ਨਾਨਕ ਦੇਵ ਜੀ ਦਾ ਬਚਨ ਹੈ ਕਿ ਜੇ ਕੁਲ ਵੀ ਉੱਚੀ ਹੋਵੇ ਤੇ ਕੁਲ ਦਾ ਗੁਮਾਨ ਨਾ ਹੋਵੇ ਕੋਈ ਸੇਵਕ ਬਣ ਜਾਏ ਤਾਂ ਉਸਦਾ ਤਾਂ ਕਹਿਣਾ ਹੀ ਕੀ ਹੈ ? ਉਸਨੇ ਬੜੀ ਔਖੀ ਯਾਤਰਾ ਕੀਤੀ ਹੈ ਉੱਚੀਆਂ ਕੁਲਾਂ ਵਾਲੇ ਆਮ ਕਰਕੇ ਮਾਲਕ ਹੀ ਬਣਦੇ ਹਨ ਸੇਵਕ ਨਹੀਂ ਬਣਦੇ। ਕੁਲ ਦਾ ਗੁਮਾਨ ਨਾ ਹੋਵੇ ਐਸੀ ਕੁਲ ਦੇ ਬੰਦਿਆਂ ਨੂੰ ਇਕ ਸਹੂਲਤ ਹੁੰਦੀ ਹੈ ਕਿ ਉਨ੍ਹਾਂ ਦੇ ਬਜ਼ੁਰਗ ਆਪਣੇ ਸ਼ੁੱਭ ਗੁਣਾਂ ਨਾਲ ਆਉਣ ਵਾਲੀ ਸੰਤਾਨ ਲਈ ਮਾਰਗ ਬਣਾ ਜਾਂਦੇ ਹਨ।

ਗੁਰੂ ਘਰ ਦੀ ਕਿਰਪਾ ਦੀ ਪਾਤਰ ਇਹ ਕੁਲ ਸਤਿਕਾਰਯੋਗ ਬਾਬਾ ਤਖਤ ਮਲ ਤੋਂ ਧਰਮਦਾਸ, ਅੱਗੇ ਰੂਪ ਚੰਦ, ਕਰਮ ਚੰਦ, ਅੱਗੇ ਹੰਦਾਲਾ ਜਲਾਲਾ ਪਦਾਰਥ ਮਲ, ਅੱਗੇ ਅੰਮ੍ਰਿਤਧਾਰੀ ਸਿੰਘ ਆ ਜਾਂਦੇ ਹਨ। ਸਹਿਜ ਸਿੰਘ ਤੋਂ ਖ਼ਜ਼ਾਨ ਸਿੰਘ ਅੱਗੇ ਫਤਹਿ ਸਿੰਘ ਤੋਂ ਅਰੂੜ ਸਿੰਘ ਅਮੀਰ ਸਿੰਘ, ਵਜ਼ੀਰ ਸਿੰਘ, ਲਾਲ ਸਿੰਘ, ਆਸਾ ਸਿੰਘ ਪੰਜ ਭਰਾ ਸਨ ਅਰੂੜ ਸਿੰਘ ਤੋਂ ਬਸਾਵਾ ਸਿੰਘ ਸੋਹਣ ਸਿੰਘ, ਆਤਮਾ ਸਿੰਘ ਤਿੰਨ ਭਰਾ ਸਨ। ਬਸਾਵਾ ਸਿੰਘ ਦੇ ਪੁੱਤਰ ਸੰਤ ਪ੍ਰੇਮ ਸਿੰਘ, ਖੇਮ ਸਿੰਘ, ਹਰੀ ਸਿੰਘ, ਖਜ਼ਾਨ ਸਿੰਘ, ਵਰਿਆਮ ਸਿੰਘ, ਬਾਬਾ ਹਰਨਾਮ ਸਿੰਘ ਸਨ ਅਤੇ ਇਕ ਇਨ੍ਹਾਂ ਦੀ ਭੈਣ ਪ੍ਰੇਮ ਕੌਰ ਵੀ ਸੀ। ਇਹ ਕੁਲ

ਸਤਿਗੁਰਾਂ ਦੇ ਨਿਵਾਜਿਆਂ ਦੀ ਸੀ। ਸਤਿਗੁਰੂ ਨਾਨਕ ਦੇਵ ਜੀ ਦਾ ਬਚਨ ਹੈ—

ਕਿ ਕਿਸੇ ਉੱਚੀ ਕੁਲ ਦਾ ਭਗਤ ਹੋਵੇ ਜਾਂ ਨੀਵੀਂ ਦਾ ਹੋਵੇ, ਗੱਲ ਕੁਲਾਂ ਦੀ ਨਹੀਂ, ਗੱਲ ਸੇਵਕੀ ਦੀ ਹੈ। ਜੇ ਕੋਈ ਨੀਵੀਂ ਜਾਤ ਦਾ ਸੇਵਕ ਹੋ ਜਾਏ ਉਹ ਮੇਰੀ ਚਮੜੀ ਦੀਆਂ ਜੁੱਤੀਆਂ ਬਣਾ ਕੇ ਪਹਿਨ ਲਵੇ।

ਜਾਤਿ ਕੁਲੀਨ ਸੇਵਕੁ ਜੇ ਹੋਇ॥ ਤਾਕਾ ਕਹਣਾ ਕਹਹੁ ਨ ਕੋਇ॥
ਵਿਚਿ ਸਨਾਤੀ ਸੇਵਕ ਹੋਇ ਨਾਨਕ ਪਣੀਆ ਪਹਿਰੈ ਸੋਇ॥

(ਮਲਾਰ ਮ: ੧, ਪੰਨਾ ੧੨੫੬)

ਸੰਤ ਪ੍ਰੇਮ ਸਿੰਘ ਨੂੰ ਛੋਟੇ ਹੁੰਦਿਆਂ ਮਾਂ ਦਾ ਪਿਆਰ ਤਾਂ ਨਹੀਂ ਮਿਲਿਆ, ਢਾਈ ਮਹੀਨੇ ਦੇ ਹੋਏ ਤੇ ਮਾਤਾ ਚੜ੍ਹਾਈ ਕਰ ਗਏ ਪਰ ਬਾਪ ਚੰਗਾ ਸਿੱਖ ਮਿਲਿਆ, ਦਾਦਾ ਬਹੁਤ ਵਧੀਆ ਸਿੱਖ ਮਿਲਿਆ ਸੀ ਜਿਨ੍ਹਾਂ ਦੀ ਸਿੱਖਿਆ ਨੇ ਸੰਤ ਪ੍ਰੇਮ ਸਿੰਘ ਦੇ ਰੋਮ ਰੋਮ ਵਿਚ ਗੁਰੂ ਦੀ ਮਤ ਤੇ ਪ੍ਰੇਮ-ਭਗਤੀ ਭਰ ਦਿੱਤੀ। ਸੰਤ ਪ੍ਰੇਮ ਸਿੰਘ ਦਾ ਜੀਵਨ ਮੁਸ਼ਕਿਲਾਂ ਮੁਸੀਬਤਾਂ ਵਿਚ ਘੜਿਆ ਗਿਆ। ਪਰ ਹਰ ਮੁਸ਼ਕਿਲ ਸਮੁੰਦਰ ਦੀ ਲਹਿਰ ਵਾਂਗੂੰ ਆਈ ਅਤੇ ਸੰਤ ਪ੍ਰੇਮ ਸਿੰਘ ਇਕ ਐਸੀ ਚੱਟਾਨ ਸਨ ਕਿ ਲਹਿਰ ਮੱਥਾ ਮਾਰਕੇ ਚਲੀ ਗਈ ਹਰ ਵਾਰ ਧੋ ਕੇ ਚਮਕਾ ਗਈ ਧੂੜ ਮਿੱਟੀ ਲਾਹ ਕੇ ਹੋਰ ਨਿਖਾਰ ਗਈ। ਕਈਆਂ ਦੁੱਖਾਂ ਵਿਚੋਂ ਗੁਜ਼ਰ ਕੇ ਉਨ੍ਹਾਂ ਨੇ ਮਨੁੱਖਤਾ ਨੂੰ ਸੁਖ ਦਿੱਤਾ ਹੈ, ਉਨ੍ਹਾਂ ਦੀ ਘਾਲਣਾ ਨੂੰ ਅਸੀਂ ਵੇਖੀਏ ਤਾਂ ਇੰਜ ਹੀ ਜਾਪੇਗਾ ਜਿਵੇਂ ਇਕ ਅਦੀਬ ਕਹਿੰਦੇ ਹਨ—

ਧੁਨ ਸਭ ਨੇ ਸੁਨ ਲੀ ਹੈ ਜੋ ਸਾਜ਼ ਸੇ ਨਿਕਲੀ ਹੈ।
ਯੇ ਕਿਸ ਕੋ ਮਾਲੂਮ ਹੈ ਕਿਆ ਤਾਰ ਪੇ ਗੁਜ਼ਰੀ ਹੈ।

ਉਨ੍ਹਾਂ ਇਨ੍ਹਾਂ ਵਿਰੋਧੀ ਹਵਾਵਾਂ ਦਾ ਬੜਾ ਚੰਗਾ ਉਪਯੋਗ ਕੀਤਾ ਹੈ—

ਤੁੰਦੀਏ ਬਾਦਾ-ਸੇ ਘਬਰਾ ਨਾ ਐ ਉਕਾਬ,
ਯੇ ਤੋ ਚਲਤੀ ਹੈ ਤੁਝੇ ਊਚਾ ਉਠਾਨੇ ਕੇ ਲੀਏ।

ਆਮ ਲੋਕਾਂ ਨਾਲ ਤਾਂ ਮਿੱਤਰ ਵੀ ਦੁਸ਼ਮਣਾਂ ਵਾਲਾ ਵਰਤਾਵਾ ਕਰ ਜਾਂਦੇ ਹਨ ਅਤੇ ਉਨ੍ਹਾਂ ਦੇ ਮੂੰਹੋਂ ਇਹ ਗਿਲ੍ਹਾ ਨਿਕਲਦਾ ਹੈ ਕਿ—

ਜਿਨਕੋ ਹਾਰ ਸਮਝਾ ਥਾ ਗਲਾ ਅਪਨਾ ਸਜਾਨੇ ਕੋ।
ਵੋਹ ਕਾਲੇ ਨਾਗ ਬਨ ਬੈਠੇ ਮੇਰੇ ਹੀ ਕਾਟ ਖਾਨੇ ਕੋ।

ਪਰ ਉਨ੍ਹਾਂ ਦੇ ਦੁਸ਼ਮਣ ਵੀ ਮਿੱਤਰਾਂ ਵਾਲਾ ਕੰਮ ਕਰ ਜਾਂਦੇ ਹਨ। ਜੋ ਬਹੁਤ ਬੁਰਾ ਸੋਚ ਕੇ ਸਾਹਮਣੇ ਆਉਂਦੇ ਸਨ ਉਸ ਮਹਾਂਪੁਰਖ ਦਾ ਐਸਾ ਪ੍ਰਭਾਵ ਸੀ ਉਹ ਐਸੀ ਕਮਾਲ ਹਸਤੀ ਸਨ ਕਿ ਦੁਸ਼ਮਣ ਵੀ ਸ਼ਾਂਤ ਹੋ ਜਾਂਦੇ ਸਨ ਅਤੇ

ਉਨ੍ਹਾਂ ਦਾ ਸਿਰ ਝੁਕ ਜਾਂਦਾ ਸੀ। ਉਨ੍ਹਾਂ ਦੇ ਮੱਥੇ ਦਾ ਕੁੱਝ ਐਸਾ ਪ੍ਰਭਾਵ ਸੀ ਕਿ ਵੇਖਣ ਵਾਲਾ ਵੇਖਦਾ ਹੀ ਰਹਿ ਜਾਂਦਾ ਸੀ। ਇਹ ਘਟਨਾ ਕਿਤੇ-ਕਿਤੇ ਘਟਦੀ ਹੈ ਕਿ ਮੂੰਹ ਵੀ ਸੁੰਦਰ ਹੋਵੇ ਅਤੇ ਮਨ ਵੀ ਸੁੰਦਰ। ਜਿਨ੍ਹਾਂ ਬੰਦਿਆਂ ਸੰਤ ਪ੍ਰੇਮ ਸਿੰਘ ਨੂੰ ਬਚਪਨ ਵਿਚ ਵੇਖਿਆ ਹੈ ਉਹ ਕਹਿੰਦੇ ਸਨ ਸੰਤ ਪ੍ਰੇਮ ਸਿੰਘ ਨੂੰ ਕਦੀ ਰੋਂਦਿਆਂ ਨਹੀਂ ਵੇਖਿਆ ਅਤੇ ਰੱਬ ਨੇ ਉਨ੍ਹਾਂ ਨੂੰ ਐਸਾ ਸੰਤੋਖ ਦਿੱਤਾ ਸੀ। ਬਚਪਨ ਵਿਚ ਵੀ ਉਨ੍ਹਾਂ ਕਦੀ ਨਹੀਂ ਸੀ ਕਿਹਾ ਕਿ ਮੈਨੂੰ ਭੁੱਖ ਲੱਗੀ ਹੈ, ਜਦੋਂ ਕੁੱਝ ਮਿਲ ਜਾਂਦਾ ਸੀ ਤਾਂ ਖਾ ਲੈਂਦੇ ਸਨ। ਸੰਤ ਪ੍ਰੇਮ ਸਿੰਘ ਜੀ ਦਾ ਬਚਪਨ 13 ਸਾਲ ਤੱਕ ਪੇਂਡੂ ਮਾਹੌਲ ਵਿਚ ਹੀ ਗੁਜ਼ਰਿਆ ਸੀ। ਖੋੜੀ ਵਿਚ ਜਾਂ ਨੇੜੇ-ਤੇੜੇ ਕੋਈ ਸਕੂਲ ਨਹੀਂ ਸੀ। ਇਹੀ ਕਾਰਨ ਹੈ ਕਿ ਧਾਰਮਿਕ ਵਿੱਦਿਆ ਹੀ ਹੋਈ ਉਹ ਵੀ ਗੁਰਦੁਆਰੇ ਦੇ ਗ੍ਰੰਥੀ ਪਾਸੋਂ। ਕੁੱਝ ਆਪਣੇ ਪਿਤਾ ਜੀ ਕੋਲੋਂ ਕੁੱਝ ਸ਼ੁੱਭ ਸਿੱਖਿਆ ਅਤੇ ਗੁਰ-ਇਤਿਹਾਸ ਆਪਣੇ ਦਾਦਾ ਅਰੂੜ ਸਿੰਘ ਪਾਸੋਂ। ਪਿੰਡ ਦੇ ਰਹਿਣ ਵਾਲੇ ਲੋਕ ਬੜੇ ਸਾਦੇ ਤੇ ਸਰਲ ਸੁਭਾਅ ਦੇ ਸਨ। ਇਹ ਸਰਲਤਾ ਤੇ ਸਾਦਗੀ ਦਾ ਪ੍ਰਭਾਵ ਸੰਤ ਪ੍ਰੇਮ ਸਿੰਘ 'ਤੇ ਪਿਆ। ਪਿੰਡਾਂ ਦੀ ਇਕ ਖ਼ਾਸ ਮਹਿਮਾ ਹੈ ਆਬੋ ਹਵਾ ਸਾਫ਼ ਅਤੇ ਖੁੱਲ੍ਹੀਆਂ ਜੂਹਾਂ ਹੀ ਨਹੀਂ, ਸਗੋਂ ਉਨ੍ਹਾਂ ਲੋਕਾਂ ਦੇ ਦਿਲ ਵੀ ਬੜੇ ਵਿਸ਼ਾਲ ਪਿਆਰ ਨਾਲ ਭਰੇ ਅਤੇ ਵਿਸ਼ਾਲ ਹੁੰਦੇ ਹਨ। ਇਕ ਗੱਲ ਸਿੱਖ ਨੂੰ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਸਿੱਖੀ ਸ਼ਹਿਰਾਂ ਤੋਂ ਸ਼ੁਰੂ ਨਹੀਂ ਹੋਈ, ਸਿੱਖੀ ਪਿੰਡਾਂ ਤੋਂ ਹੀ ਸ਼ੁਰੂ ਹੋਈ ਹੈ।

ਸਿੱਖ ਧਰਮ ਦੇ ਬਾਨੀ ਸਤਿਗੁਰੂ ਨਾਨਕ ਦੇਵ ਜੀ ਦਾ ਜਿੱਥੇ ਪ੍ਰਕਾਸ਼ ਹੋਇਆ ਤਲਵੰਡੀ ਕੋਈ ਸ਼ਹਿਰ ਨਹੀਂ ਸਗੋਂ ਸਾਧਾਰਨ ਜਿਹਾ ਪਿੰਡ ਸੀ। ਬਾਅਦ ਵਿਚ ਕਰਤਾਰਪੁਰ ਰਾਵੀ ਦੇ ਕਿਨਾਰੇ ਨਗਰ ਵਸਿਆ ਸੀ। ਖਡੂਰ ਵੀ ਇਕ ਪਿੰਡ ਸੀ, ਗੋਇੰਦਵਾਲ ਵੀ ਨਗਰ ਸੀ ਜੋ ਉਜੜਿਆ ਹੋਇਆ, ਗੁਰੂ ਅੰਗਦ ਦੇਵ ਦੇ ਹੁਕ ਨਾਲ ਗੁਰੂ ਅਮਰਦਾਸ ਜੀ ਨੇ ਵਸਾਇਆ ਸੀ। ਸਿੱਖੀ ਪਿੰਡਾਂ ਤੋਂ ਸ਼ੁਰੂ ਹੋਈ ਤੇ ਸ਼ਹਿਰਾਂ ਵਾਲੇ ਪਾਸੇ ਆਈ ਹੈ।

ਪੇਂਡੂ ਪ੍ਰਭਾਵ ਸੰਤ ਪ੍ਰੇਮ ਸਿੰਘ ਜੀ ਦੇ ਮਨ 'ਤੇ ਵੀ ਸੀ, ਇਸ ਸੁਭਾਅ ਨੂੰ ਉਹ ਪਿਆਰ ਕਰਦੇ ਸਨ, ਉਨ੍ਹਾਂ ਦਾ ਪ੍ਰਚਾਰ ਖੇਤਰ ਵੀ ਜ਼ਿਆਦਾ ਪੇਂਡੂ ਇਲਾਕਾ ਹੀ ਰਿਹਾ ਹੈ। ਮਨ ਵਿਚ ਅਸਾਰ ਸੰਸਾਰ ਤੋਂ ਉਪਰਾਮਤਾ ਸੀ। ਮਾਤਾ ਦਾ ਛੋਟੀ ਉਮਰ ਵਿਚ ਵਿਛੋੜਾ ਹੋਣਾ ਅਤੇ ਪਿੰਡ ਦੀਆਂ ਔਰਤਾਂ ਕਿੰਨੀ ਹਮਦਰਦੀ ਕਰਨ, ਇਕ ਗੱਲ ਹਰ ਇਕ ਦੀ ਜ਼ਬਾਨ 'ਤੇ ਰਹਿਣੀ ਸੁਭਾਵਿਕ ਸੀ, ਵਿਚਾਰੇ ਪ੍ਰੇਮੇ ਦੀ ਮਾਂ ਨਹੀਂ। ਮਾਂ ਛੋਟੇ ਜਿਹੇ ਨੂੰ ਛੱਡ ਗਈ, ਮਾਂ ਨਹੀਂ, ਮਾਂ ਨਹੀਂ। ਇਹ ਅਸਰ

ਮਨ 'ਤੇ ਹੋਣਾ ਸੁਭਾਵਿਕ ਸੀ। ਸੰਸਾਰ ਨਾਸਵਾਨ ਹੈ ਜੇ ਮਾਂ ਅਚਾਨਕ ਜਾ ਸਕਦੀ ਹੈ ਤਾਂ ਬਾਕੀ ਕਿਸੇ ਦਾ ਕੀ ਭਰੋਸਾ ਹੈ ? ਆਪਣੇ ਸਰੀਰ ਦਾ ਕਿੰਨਾ ਕੁ ਭਰੋਸਾ ਹੈ। ਮਾਂ ਦੀ ਮੌਤ ਸੰਤ ਪ੍ਰੇਮ ਸਿੰਘ ਦੀ ਸੰਤਤਾਈ, ਉਨ੍ਹਾਂ ਦੇ ਬੈਰਾਗ ਦਾ ਪਹਿਲਾ ਸਬਕ ਸੀ। ਵੈਸੇ ਧਰਮ ਦਾ ਪਹਿਲਾ ਸਬਕ ਹੈ ਹੀ ਮੌਤ ਦੀ ਯਾਦ। ਫਿਰ ਪਤਾ ਨਹੀਂ ਕਿ ਮੌਤ ਕਦੋਂ ਆ ਜਾਏ।

ਆਗਾਹ ਅਪਨੀ ਮੌਤ ਸੇ ਕੋਈ ਬਸ਼ਰ ਨਹੀ।
ਸਾਮਾਨ ਸੌ ਬਰਸ ਕੇ ਹੈ ਕਲ ਕੀ ਖ਼ਬਰ ਨਹੀ।

ਸੰਤ ਪ੍ਰੇਮ ਸਿੰਘ 13 ਸਾਲ ਦੀ ਉਮਰ ਵਿਚ ਬਿਲਕੁਲ ਉਪਰਾਮ ਰਹਿੰਦੇ ਸਨ। ਇਸ ਉਪਰਾਮਤਾ ਦਾ ਕਾਰਨ ਉਹ ਬੈਰਾਗ ਸੀ ਜੋ ਸੰਤਤਾਈ ਦੀ ਪਹਿਲੀ ਪਉੜੀ ਸੀ। ਕਈਆਂ ਸੱਜਣਾਂ ਨੇ ਇਸ ਉਪਰਾਮਤਾ ਦਾ ਕਾਰਨ ਮਤਰੇਈ ਮਾਂ ਸਮਝਿਆ ਹੈ। ਇਹ ਠੀਕ ਹੈ ਕਿ ਬਾਬਾ ਬਸਾਵਾ ਸਿੰਘ ਦੀ ਦੂਜੀ ਸ਼ਾਦੀ ਸ. ਆਲਾ ਸਿੰਘ ਦੀ ਪੁੱਤਰੀ ਭੋਲਾਂ ਕੌਰ ਨਾਲ ਹੋਈ ਅਤੇ ਉਸ ਵਿਚੋਂ ਪੰਜ ਪੁੱਤਰ ਵੀ ਹੋਏ। ਇਹ ਸ਼ਾਦੀ ਪਿੰਡ ਸ਼ਾਮਕੇ ਵਿਖੇ ਹੋਈ ਸੀ। ਮੈਂ ਸੰਤ ਪ੍ਰੇਮ ਸਿੰਘ ਦੀ ਉਪਰਾਮਤਾ ਮਾਤਾ ਭੋਲਾਂ ਦੇਵੀ ਨੂੰ ਨਹੀਂ ਮੰਨਦਾ। ਜੇ ਮਾਤਾ ਭੋਲਾਂ ਕੌਰ ਦੇ ਮਾੜੇ ਵਰਤਾਵੇ ਦੀ ਯਾਦ ਸੰਤ ਪ੍ਰੇਮ ਸਿੰਘ ਦੇ ਮਨ 'ਤੇ ਬਚਪਨ ਵਿਚ ਲੱਗ ਜਾਂਦੀ ਤਾਂ ਉਹ ਜ਼ਿੰਦਗੀ ਭਰ ਕਦੀ ਨਾ ਭੁੱਲਦੀ। ਨੈਪੋਲੀਅਨ ਛੋਟਾ ਸੀ, ਛਾਤੀ 'ਤੇ ਚੜ੍ਹ ਕੇ ਇਕ ਬਿੱਲੀ ਬੈਠ ਗਈ, ਇਹ ਇੰਨਾ ਡਰ ਗਿਆ ਕਿ ਉਹ ਡਰ ਜ਼ਿੰਦਗੀ ਭਰ ਨਹੀਂ ਨਿਕਲਿਆ, ਉਹ ਸ਼ੇਰ ਨਾਲ ਲੜ ਲੈਂਦਾ ਸੀ ਪਰ ਬਿੱਲੀ ਕੋਲੋਂ ਡਰਦਾ ਸੀ।

ਸੰਤ ਪ੍ਰੇਮ ਸਿੰਘ ਦਾ ਭਰਾਵਾਂ ਪ੍ਰਤੀ ਏਨਾ ਚੰਗਾ ਵਰਤਾਵਾ ਦੱਸਦਾ ਹੈ ਕਿ ਮਾਤਾ ਭੋਲਾਂ ਪ੍ਰਤੀ ਉਨ੍ਹਾਂ ਨੂੰ ਕੋਈ ਰੋਸ ਨਹੀਂ ਸੀ ਅਤੇ ਭਰਾਵਾਂ ਵਿਚੋਂ ਮਾਤਾ ਭੋਲਾਂ ਦਾ ਦਿੱਸਣਾ ਬੜਾ ਜ਼ਰੂਰੀ ਸੀ। ਮਨੋਵਿਗਿਆਨ ਦਾ ਗੁਰ ਹੈ ਕਿ ਮਤਰੇਈ ਮਾਂ ਨੇ ਬੁਰਾ ਵਰਤਾਓ ਕੀਤਾ ਹੋਵੇ ਤਾਂ ਉਸਦੀ ਔਲਾਦ ਪ੍ਰਤੀ ਹਮਦਰਦੀ ਨਹੀਂ ਹੋ ਸਕਦੀ। ਪਰ ਸੰਤ ਪ੍ਰੇਮ ਸਿੰਘ ਨੇ ਤਾਂ ਭਰਾਵਾਂ ਨਾਲ ਬੜਾ ਅੱਛਾ ਵਰਤਾਓ ਕੀਤਾ ਹੈ। ਉਨ੍ਹਾਂ ਦੀ ਉਪਰਾਮਤਾ ਦਾ ਕਾਰਨ ਉਹ ਦਾਤ ਸੀ ਜੋ ਪਰਮਾਤਮਾ ਉਨ੍ਹਾਂ ਦੀ ਝੋਲੀ ਵਿਚ ਪਾਉਣਾ ਚਾਹੁੰਦਾ ਸੀ।

ਮੈਂ ਇੱਥੇ ਦੋ ਇਤਿਹਾਸਕ ਹਵਾਲੇ ਦੇਣੇ ਚਾਹਾਂਗਾ—

ਪਹਿਲਾ, ਮਹਾਤਮਾ ਬੁੱਧ ਰਾਜੇ ਸ਼ੁਦੋਧਨ ਦਾ ਪੁੱਤਰ ਸੀ, ਉਨ੍ਹਾਂ ਦੀ ਉਸ ਸਮੇਂ ਦੀ ਸਭ ਤੋਂ ਸੁੰਦਰ ਲੜਕੀ ਗੋਪਾਂ ਨਾਲ ਸ਼ਾਦੀ ਹੋਈ ਸੀ। ਪੁੱਤਰ ਵੀ ਆ

ਗਿਆ ਸਾਰੇ ਸੁਖ ਸਨ। ਮਾਂ ਵੀ ਮਤਰੇਈ ਨਹੀਂ ਸੀ। ਪਰ ਅੱਧੀ ਰਾਤ ਮਹਾਤਮਾ ਬੁੱਧ ਘਰ ਛੱਡ ਕੇ ਚਲਾ ਜਾਂਦਾ ਹੈ। ਰੱਥ ਵਾਪਸ ਕਰਦਿਆਂ ਰੱਥਵਾਨ ਨੂੰ ਕਿਹਾ ਕਿ ਮੈਂ ਖੋਜ ਲਈ ਜਾ ਰਿਹਾ ਹਾਂ ਕਿ ਜੀਵਨ ਵਿਚ ਦੁੱਖ ਕਿਉਂ ਹੈ। ਦੁੱਖ ਦਾ ਕਾਰਨ ਕੀ ਹੈ, ਕੀ ਇਹ ਰਾਜ-ਪੁੱਤਰ ਮਤਰੇਈ ਮਾਂ ਦਾ ਸਤਾਇਆ ਘਰੋਂ ਗਿਆ ਸੀ ?

ਦੂਸਰਾ ਜੈਨੀਆਂ ਦੇ 24 ਤੀਰਥਕਾਰਾਂ ਵਿਚੋਂ ਮਹਾਂਬੀਰ ਨੇ ਆਪਣੀ ਮਾਂ ਨੂੰ ਕਿਹਾ, ਮਾਂ, ਮੈਂ ਸਾਧੂ ਬਣ ਜਾਵਾਂ। ਮਾਂ ਬੜਾ ਪਿਆਰ ਕਰਦੀ ਸੀ। ਮਾਂ ਕਹਿਣ ਲੱਗੀ, ਮੇਰੇ ਜਿਊਂਦਿਆਂ ਦੁਬਾਰਾ ਇਹ ਗੱਲ ਨਾ ਕਰਨੀ। ਕਹਿਣ ਲੱਗਾ, ਮਾਂ ਸਤ ਬਚਨ। ਜਿੰਨਾ ਚਿਰ ਮਾਂ ਜਿਊਂਦੀ ਰਹੀ, ਇਸਨੇ ਦੁਬਾਰਾ ਸਾਧੂ ਬਣਨ ਦੀ ਗੱਲ ਨਹੀਂ ਕੀਤੀ। ਮਾਂ ਵੀ ਮਰ ਗਈ ਸਸਕਾਰ ਕਰਕੇ ਵਾਪਸ ਆ ਰਹੇ ਸਨ। ਇਹ ਵੀ ਰਾਜੇ ਦਾ ਪੁੱਤਰ ਸੀ ਕੋਈ ਘਾਟ ਨਹੀਂ ਸੀ। ਸ਼ਮਸ਼ਾਨ ਘਾਟ ਤੋਂ ਵਾਪਸ ਆਉਂਦਿਆਂ ਭਰਾ ਨੂੰ ਕਿਹਾ, ਮੈਨੂੰ ਮਾਂ ਨੇ ਕਿਹਾ ਸੀ ਕਿ ਮੇਰੇ ਜਿਊਂਦਿਆਂ ਸਾਧੂ ਬਣਨ ਦੀ ਗੱਲ ਨਹੀਂ ਕਰਨੀ ਪਰ ਹੁਣ ਤਾਂ ਮਾਂ ਮਰ ਗਈ ਹੈ, ਮੈਂ ਹੁਣ ਸਾਧੂ ਬਣ ਜਾਵਾਂ। ਭਰਾ ਦਾ ਨਾਰਾਜ਼ ਹੋਣਾ ਸੁਭਾਵਿਕ ਹੀ ਸੀ ਕਿ ਸ਼ਮਸ਼ਾਨ ਘਾਟ ਤੋਂ ਮਾਂ ਦਾ ਸਸਕਾਰ ਕਰਕੇ ਆ ਰਹੇ ਹਾਂ ਲੋਕ ਰੋ ਰਹੇ ਹਨ। ਅਜੇ ਅੱਥਰੂ ਨਹੀਂ ਸੁੱਕੇ, ਛੋਟਾ ਭਰਾ ਕਹਿ ਰਿਹਾ ਹੈ ਮੈਂ ਸਾਧੂ ਬਣ ਜਾਵਾਂ। ਭਰਾ ਨੇ ਕਿਹਾ ਤੈਨੂੰ ਸ਼ਰਮ ਨਹੀਂ ਆਉਂਦੀ ਤੂੰ ਕੀ ਕਹਿ ਰਿਹਾ ਹੈਂ ਤੇ ਕਿਸ ਵੇਲੇ ਕਹਿ ਰਿਹਾ ਹੈਂ। ਵੈਸੇ ਸਾਧੂ ਬਣਨ ਦਾ ਇਸ ਤੋਂ ਅੱਛਾ ਥਾਂ 'ਤੇ ਮਾਰਗ ਹੋਰ ਕਿਹੜਾ ਹੋਵੇਗਾ। ਜੋ ਬੰਦਾ ਕਿਸੇ ਦੀ ਅਰਥੀ ਨਾਲ ਤੁਰਦਿਆਂ ਜਾਂ ਸ਼ਮਸ਼ਾਨ ਘਾਟ ਵਿਚ ਕਿਸੇ ਮੁਰਦੇ ਨੂੰ ਸੜਦਿਆਂ ਵੇਖ ਕੇ ਵੀ ਸਾਧੂ ਨਹੀਂ ਬਣਿਆ ਉਹ ਹੋਰ ਕਦੋਂ ਤੇ ਕਿੱਥੇ ਸਾਧੂ ਬਣੇਗਾ। ਪਰ ਭਰਾ ਇਸ ਅਵਸਥਾ ਦਾ ਮਾਲਕ ਨਹੀਂ ਸੀ। ਉਸਨੇ ਕਿਹਾ ਖ਼ਬਰਦਾਰ ਕਦੀ ਵੀ ਐਸੀ ਗੱਲ ਦੁਬਾਰਾ ਨਹੀਂ ਕਰਨੀ। ਮਹਾਂਬੀਰ ਨੇ ਕਿਹਾ ਸਤਬਚਨ।

ਦੁਬਾਰਾ ਮਹਾਂਬੀਰ ਨੇ ਕਦੀ ਵੀ ਨਹੀਂ ਕਿਹਾ ਪਰ ਅੰਦਰੋਂ ਉਹ ਸਾਧੂ ਹੋ ਗਿਆ। ਜੋ ਅੰਦਰੋਂ ਜਨਮਨਾ ਸੀ, ਜਨਮ ਪਿਆ, ਜੋ ਮਰਨਾ ਸੀ, ਮਰ ਗਿਆ। ਭਰਾ ਨੇ ਵੇਖਿਆ ਕਿ ਇਹ ਘਰ ਹੁੰਦਾ ਹੋਇਆ ਵੀ ਘਰ ਨਹੀਂ। ਉਸਨੇ ਇਕ ਦਿਨ ਕਿਹਾ ਤੂੰ ਜੋ ਬਣਨਾ ਹੈ ਬਣ। ਤੂੰ ਮੇਰੇ ਵੱਲੋਂ ਸੁਤੰਤਰ ਹੈਂ। ਉਹ ਬਾਹਰ ਆ ਕੇ ਬੈਠ ਗਿਆ ਪਹਿਲੇ ਕੱਪੜੇ ਫਟ ਗਏ, ਦੁਬਾਰਾ ਉਸਨੇ ਪਾਏ ਹੀ ਨਹੀਂ। ਸਾਡੇ ਦੇਸ਼ ਦੇ ਸ਼ਹਿਰਾਂ ਵਿਚ ਅੱਜ ਉਸਦੇ ਨਾਮ ਦੇ ਚੌਕ ਬਣੇ ਹਨ। ਕੀ ਇਹ

ਬੰਦੇ ਮਤਰੇਈਆਂ ਮਾਵਾਂ ਦੇ ਹੀ ਸਤਾਏ ਸਾਧੂ ਬਣੇ ਸਨ।

ਇਕ ਪ੍ਰਸ਼ਨ ਹੋਰ ਹੈ ਕਿ ਕੀ ਮੁਰਾਲੇ ਵਾਲੇ ਜਿੰਨੇ ਵਿਦਿਆਰਥੀ ਸਨ ਜਾਂ ਜਿੰਨੇ ਸਾਧੂ ਮਹਾਂਪੁਰਖ ਰਹਿੰਦੇ ਸਨ ਸਾਰੇ ਮਤਰੇਈਆਂ ਮਾਵਾਂ ਦੇ ਸਤਾਏ ਘਰੋਂ ਭੱਜ ਕੇ ਆਏ ਸਨ ਕਿ ਜਾਂ ਕਿਸੇ ਆਤਮਿਕ ਅਨੰਦ ਦੀ ਪ੍ਰਾਪਤੀ ਲਈ ਗੁਰਮਤਿ ਵਿੱਦਿਆ ਪੜ੍ਹਨ ਵਾਸਤੇ ਆਏ ਸਨ। ਬਾਕੀ ਦੀਆਂ ਮਾਤਾਵਾਂ ਦਾ ਤਾਂ ਸਾਨੂੰ ਪਤਾ ਵੀ ਨਹੀਂ ਪਰ ਸੰਤ ਪ੍ਰੇਮ ਸਿੰਘ ਦੀ ਮਾਤਾ ਦੇ ਅਕਾਲ ਚਲਾਣੇ ਦੇ ਕਾਰਨ ਸਾਧਾਰਨ ਤੌਰ ਤੇ ਹੀ ਅੰਦਾਜ਼ਾ ਲਗਦਾ ਗਿਆ ਹੈ ਕਿ ਮਤਰੇਈ ਮਾਂ ਨੇ ਸਤਾਇਆ ਹੋਵੇਗਾ। ਸੰਤ ਪ੍ਰੇਮ ਸਿੰਘ ਐਸੀ ਅਵਸਥਾ ਦੇ ਮਾਲਕ ਸਨ ਐਸੀ ਸਹਿਜ ਅਵਸਥਾ ਸੀ ਕਿ ਉਨ੍ਹਾਂ ਨੂੰ ਕੋਈ ਚਾਹੇ ਤਾਂ ਵੀ ਨਹੀਂ ਸਤਾ ਸਕਦਾ ਨਾ ਦੁਖੀ ਕਰ ਸਕਦਾ ਸੀ।

ਇਸ ਕਹਾਣੀ ਨਾਲ ਮੈਂ ਸਹਿਮਤ ਨਹੀਂ ਕਿ ਸਿਰਫ਼ 15-20 ਮੀਲ ਦਾ ਸਫ਼ਰ ਹੋਵੇ ਜਦੋਂ ਕਿ ਬਾਬਾ ਬਸਾਵਾ ਸਿੰਘ ਕੋਲ ਘੋੜੀ ਸੀ ਤੇ ਉਹ ਸਫ਼ਰ ਘੋੜੀ 'ਤੇ ਹੀ ਕਰਦੇ ਸਨ। ਉਨ੍ਹਾਂ ਨੂੰ ਡੇਢ ਸਾਲ ਬਤੀਤ ਹੋ ਗਿਆ ਤੇ ਸੰਤ ਪ੍ਰੇਮ ਸਿੰਘ ਦਾ ਪਤਾ ਹੀ ਨਾ ਲੱਗਾ। ਸੁਭਾਵਿਕ ਤਾਂ ਐਸਾ ਹੋਣਾ ਚਾਹੀਦਾ ਸੀ ਕਿ ਜੇ ਪ੍ਰੇਮ ਸਿੰਘ ਗੁੰਮ ਹੋ ਗਏ ਸਨ ਤਾਂ ਬਾਬਾ ਬਸਾਵਾ ਸਿੰਘ ਨੂੰ ਸਭ ਤੋਂ ਪਹਿਲੇ ਮੁਰਾਲੇ ਜਾਣਾ ਚਾਹੀਦਾ ਸੀ ਕਿਉਂਕਿ ਸੰਤ ਪ੍ਰੇਮ ਸਿੰਘ ਦੀਆਂ ਰੁਚੀਆਂ ਤੋਂ ਉਹ ਜਾਣੂ ਸਨ ਕਿ ਉਨ੍ਹਾਂ ਦਾ ਬਹਿਣ-ਖਲੋਣ ਸਾਧੂਆਂ ਨਾਲ ਸੀ।

ਬਾਵਾ ਸੰਗਤ ਸਿੰਘ ਜੋ ਮਹਾਨ ਸਾਹਿਤਕਾਰ ਹਨ ਅਤੇ ਆਲ੍ਹਾ ਦਰਜੇ ਦੀ ਅਫ਼ਸਰ ਪਦਵੀ 'ਤੇ ਰਹਿ ਚੁੱਕੇ ਹਨ। ਜਲੰਧਰ ਜਵਾਹਰ ਨਗਰ ਰਹਿੰਦੇ ਹਨ। ਉਹ ਬਾਵਾ ਖਜ਼ਾਨ ਸਿੰਘ ਦੇ ਲੜਕੇ ਹਨ ਅਤੇ ਸੰਤ ਪ੍ਰੇਮ ਸਿੰਘ ਦੇ ਭਤੀਜੇ ਹਨ। ਉਨ੍ਹਾਂ ਜੋ ਦੱਸਿਆ ਮੈਨੂੰ ਉਹ ਗੱਲ ਜਚੀ ਹੈ। ਸੰਤ ਪ੍ਰੇਮ ਸਿੰਘ ਦੀਆਂ ਰੁਚੀਆਂ ਵੇਖਕੇ ਕਿ ਉਹ ਉੱਚ ਪਾਏ ਦੀ ਗੁਰਮਤਿ ਵਿੱਦਿਆ ਪੜ੍ਹਨੀ ਚਾਹੁੰਦੇ ਹਨ। ਕਥਾ ਕੀਰਤਨ ਸਿੱਖਣਾ ਚਾਹੁੰਦੇ ਹਨ। ਉਸ ਵੇਲੇ ਗੁਰਮਤਿ ਵਿੱਦਿਆ ਦੀ ਟਕਸਾਲ ਮੁਰਾਲਾ ਹੀ ਸੀ ਉਹ ਮੁਰਾਲੇ ਪ੍ਰੇਮ ਸਿੰਘ ਨੂੰ ਪੜ੍ਹਨ ਵਾਸਤੇ ਆਪ ਹੀ ਛੱਡਕੇ ਆਏ ਸਨ।

ਉਨ੍ਹਾਂ ਸੰਤ ਪ੍ਰੇਮ ਸਿੰਘ ਦੀ ਕੁੜਮਾਈ ਵੀ ਕੀਤੀ ਸੀ ਮੋਤੀ ਰਾਮ ਦੀ ਲੜਕੀ ਨਾਲ। ਇਹ ਕੁੜਮਾਈ ਉਸ ਲੜਕੀ ਨਾਲ ਹੋਈ ਸੀ ਜਿਸ ਦਾ ਨਾਂ ਪੂੰਨਾ ਸੀ। ਮੋਤੀ ਰਾਮ ਸਾਧੂ ਸੀ ਇਹ ਬਾਅਦ ਵਿਚ ਭੁਲੱਥ, ਜ਼ਿਲ੍ਹਾ ਕਪੂਰਥਲਾ ਵਿਚ ਆ ਕੇ ਰਹਿ ਰਿਹਾ ਸੀ। ਐਸਾ ਮੈਂ ਬਜ਼ੁਰਗਾਂ ਪਾਸੋਂ ਸੁਣਿਆ ਸੀ। ਸੰਤ ਪ੍ਰੇਮ ਸਿੰਘ

ਨੇ ਕੁੜਮਾਈ ਦੀ ਕੋਈ ਵਿਰੋਧਤਾ ਨਹੀਂ ਕੀਤੀ। ਇਹ ਸੱਚ ਹੈ ਕਿ ਕਦੀ ਉਹ ਲੜਕੀ ਨਾ ਮਰਦੀ ਤਾਂ ਸੰਤ ਪ੍ਰੇਮ ਸਿੰਘ ਗ੍ਰਹਿਸਤੀ ਹੁੰਦੇ। ਐਸਾ ਕਹਿਣਾ ਜਾਂ ਲਿਖਣਾ ਕਿ ਉਸ ਲੜਕੀ ਦੇ ਮਰਨ 'ਤੇ ਸੰਤ ਪ੍ਰੇਮ ਸਿੰਘ ਨੂੰ ਖ਼ੁਸ਼ੀ ਹੋਈ ਉਹ ਸ਼ਾਦੀ ਨਹੀਂ ਸੀ ਕਰਵਾਉਣਾ ਚਾਹੁੰਦੇ। ਕੀ ਫਿਰ ਐਸਾ ਸੋਚਿਆ ਜਾਏ ਕਿ ਉਨ੍ਹਾਂ ਆਪਣੀ ਆਤਮਿਕ ਸ਼ਕਤੀ ਨਾਲ ਮੋਤੀ ਰਾਮ ਦੀ ਲੜਕੀ ਨੂੰ ਮਾਰ ਦਿੱਤਾ ਸੀ। ਉਹ ਉਸ ਨੂੰ ਬਲਾ ਸਮਝਦੇ ਸਨ ਕਿ ਬਲ ਨਾ ਗਲ ਪੈ ਜਾਏ। ਨਹੀਂ ਐਸੀਆਂ ਗੱਲਾਂ ਕਰਨ ਵਾਲੇ ਸੰਤ ਪ੍ਰੇਮ ਸਿੰਘ ਦੀ ਮਹਿਮਾ ਨੂੰ ਘਟਾ ਰਹੇ ਹਨ। ਉਹ ਇਹ ਗੱਲ ਭੁੱਲ ਹੀ ਜਾਂਦੇ ਹਨ ਕਿ ਸਾਡੇ ਗੁਰੂ ਗ੍ਰਹਿਸਤੀ ਸਨ। ਸਿੱਖ ਧਰਮ ਵਿਚ ਇਕੱਲੇ ਹੋਣਾ, ਬਿਨਾਂ ਸ਼ਾਦੀ ਤੋਂ ਰਹਿਣਾ, ਸਮੇਂ ਦੀ ਲੋੜ ਜਾਂ ਕੋਈ ਮਜਬੂਰੀ ਕਹੀ ਜਾ ਸਕਦੀ ਹੈ। ਕੋਈ ਖ਼ੂਬੀ ਨਹੀਂ ਸਮਝੀ ਜਾ ਸਕਦੀ। ਮੈਂ ਐਸਾ ਬਿਲਕੁਲ ਨਹੀਂ ਸਮਝਦਾ ਕਿ ਸੰਤ ਪ੍ਰੇਮ ਸਿੰਘ ਗ੍ਰਹਿਸਤੀ ਹੁੰਦੇ ਤਾਂ ਉਨ੍ਹਾਂ ਦੀ ਮਹਿਮਾ ਨਾ ਵਧਦੀ। ਉਹਨਾਂ ਦੀ ਸੇਵਾ ਕੁਰਬਾਨੀ ਗ੍ਰਹਿਸਤੀ ਹੁੰਦਿਆਂ ਹੋਰ ਨਿਖਰ ਕੇ ਸਾਹਮਣੇ ਆਉਂਦੀ ਪਰ ਪਰਮਾਤਮਾ ਦਾ ਜੋ ਭਾਣਾ ਵਰਤਿਆ ਉਨ੍ਹਾਂ ਪ੍ਰਵਾਨ ਕੀਤਾ। ਇਸ ਗੱਲ ਦਾ ਅਸਰ ਹੋਰ ਸੁਭਾਵਿਕ ਸੀ ਕਿ ਸੰਸਾਰ ਕਿੰਨਾ ਨਾਸ਼ਵਾਨ ਹੈ, ਹੋਸ਼ ਤੋਂ ਪਹਿਲਾਂ ਮਾਤਾ ਚਲੀ ਗਈ, ਸ਼ਾਦੀ ਤੋਂ ਪਹਿਲਾਂ ਪਤਨੀ ਚਲੀ ਗਈ। ਉਸ ਤੋਂ ਬਾਅਦ ਉਨ੍ਹਾਂ ਸਾਰਾ ਜੀਵਨ ਸੇਵਾ ਕੁਰਬਾਨੀ ਵਿਚ ਲਗਾਇਆ ਹੈ ਇਹ ਮੰਨਣਯੋਗ ਹੈ ਕਿ ਮੁਰਾਲੇ ਸੰਤ ਪ੍ਰੇਮ ਸਿੰਘ ਆਪਣੇ ਪਿਤਾ ਬਸਾਵਾ ਸਿੰਘ ਦੀ ਮਰਜ਼ੀ ਨਾਲ ਹੀ ਗਏ ਸਨ। ਅਤੇ ਬਾਬਾ ਬਸਾਵਾ ਸਿੰਘ ਹੋਰਾਂ ਨੂੰ ਪਤਾ ਸੀ ਕਿ ਪ੍ਰੇਮ ਸਿੰਘ ਮੁਰਾਲੇ ਗੁਰਮਤਿ ਗਿਆਨ ਪੜ੍ਹ ਰਹੇ ਹਨ। ਇੱਥੇ ਸੱਤ ਸਾਲ ਸੰਤ ਪ੍ਰੇਮ ਸਿੰਘ ਜੀ ਨੇ ਕਠਨ ਘਾਲਣਾ ਘਾਲੀ ਸੀ।

4

ਮੁਰਾਲਾ ਅਸਥਾਨ

ਸੰਤ ਹਮੀਰ ਸਿੰਘ, ਜਾਂ ਅਮੀਰ ਸਿੰਘ ਇਹ ਦੋ ਨਾਂ ਲਿਖੇ ਮਿਲਦੇ ਹਨ—ਗਿ: ਭਗਤ ਸਿੰਘ, ਹਮੀਰ ਸਿੰਘ ਲਿਖਦੇ ਹਨ। ਗਿ: ਚੇਤ ਸਿੰਘ ਜੀ ਅਮੀਰ ਸਿੰਘ ਲਿਖਦੇ ਹਨ। ਗਿ: ਚੇਤ ਸਿੰਘ ਇਸ ਮਸਲੇ ਤੋਂ ਜ਼ਿਆਦਾ ਭਰੋਸੇਯੋਗ ਹਨ। ਗਿ: ਭਗਤ ਸਿੰਘ ਮੁਰਾਲੇ ਨਹੀਂ ਰਹੇ ਪਰ ਗਿ: ਚੇਤ ਸਿੰਘ ਕਾਫ਼ੀ ਸਮਾਂ ਮੁਰਾਲੇ ਰਹੇ ਹਨ। ਨਾ ਅਮੀਰ ਸਿੰਘ ਹੀ ਠੀਕ ਹੈ, ਇਹ ਸੰਤ ਨਿਰਮਲੇ ਸਨ। ਇਹ ਬਿਹੰਗਮ ਸਨ, ਵਿਚਰਦੇ ਰਹਿੰਦੇ ਸਨ। ਨਿਰਮਲ ਸੰਪਰਦਾ ਨਾਲ ਸੰਬੰਧ ਸੀ। ਇਹ ਪਿੰਡ ਗਿੜਵੜੀ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧ ਰੱਖਦੇ ਸਨ। ਇਸੇ ਡੇਰੇ ਤੋਂ ਸੰਤ ਸਾਧੂ ਸਿੰਘ ਤੇ ਪੰਡਿਤ ਤਾਰਾ ਸਿੰਘ ਨਰੋਤਮ ਸਨ ਜੋ ਮਹਾਨ ਵਿਦਵਾਨ ਸਨ। ਇਹ ਸੰਤ ਅਮੀਰ ਸਿੰਘ ਜੀ ਫਿਰਦੇ-ਫਿਰਦੇ ਮੁਰਾਲੇ ਪਹੁੰਚੇ, ਮੁਰਾਲਾ ਛੋਟਾ ਜਿਹਾ ਪਿੰਡ ਸੀ। ਹਿੰਦੂ ਤੇ ਮੁਸਲਮਾਨਾਂ ਦੀ ਗਿਣਤੀ ਬਰਾਬਰ ਹੀ ਸੀ। ਦੋਵੇਂ ਬੜੇ ਪਿਆਰ ਨਾਲ ਰਹਿੰਦੇ ਸਨ ਤੇ ਦੁੱਖ-ਸੁਖ ਦੀ ਸਾਂਝ ਸੀ। ਪਿੰਡ ਵਿਚ ਹਰ ਤਰ੍ਹਾਂ ਨਾਲ ਸ਼ਾਂਤੀ ਸੀ। ਸੰਤ ਅਮੀਰ ਸਿੰਘ ਨੂੰ ਸੰਗਤਾਂ ਦੇ ਪ੍ਰੇਮ ਨੇ ਅਟਕਾ ਲਿਆ, ਛੋਟੀ ਜਿਹੀ ਝੌਂਪੜੀ ਬਣਾ ਲਈ, ਆਸੇ-ਪਾਸੇ ਵਾੜ ਕਰ ਲਈ। ਵਿਦਿਆਰਥੀਆਂ ਨੂੰ ਪੜ੍ਹਾਉਣ ਲੱਗ ਪਏ। ਇਨ੍ਹਾਂ ਪਾਸ ਹੀ ਬਾਬਾ ਬਿਸ਼ਨ ਸਿੰਘ ਜੀ ਵਿਦਿਆਰਥੀ ਦੇ ਰੂਪ ਵਿਚ ਆਏ ਅਤੇ ਪੜ੍ਹਦੇ ਰਹੇ।

ਬਾਬਾ ਬਿਸ਼ਨ ਸਿੰਘ ਦੀ ਲਗਨ, ਮਿਹਨਤ, ਸ਼ਰਧਾ ਰੰਗ ਲਿਆਈ। ਇਹ ਡੇਰੇ ਦੇ ਮੁਖੀ ਬਣ ਗਏ, ਹੁਣ ਤੱਕ ਡੇਰੇ ਵਿਚ ਸਵੇਰੇ-ਸ਼ਾਮ ਕਾਫ਼ੀ ਸੰਗਤ ਜੁੜਦੀ ਸੀ। ਨੇੜਲੇ ਪਿੰਡਾਂ ਦੀ ਸੰਗਤ ਪੁੱਜਦੀ ਸੀ। ਦੋਵੇਂ ਸਮੇਂ ਕੀਰਤਨ ਅਤੇ ਕਥਾ ਹੁੰਦੀ ਸੀ ਅਤੇ ਲੰਗਰ ਵੀ ਦੋਵੇਂ ਸਮੇਂ ਵਰਤਦਾ ਸੀ। ਮੁਰਾਲੇ ਦੀ ਸੰਗਤ ਤੇ ਪੰਗਤ ਦੀ ਪ੍ਰਸਿੱਧੀ ਬਹੁਤ ਹੋ ਚੁੱਕੀ ਸੀ। ਸੰਤ ਬਿਸ਼ਨ ਸਿੰਘ ਬੜੇ ਭਜਨੀਕ ਸਨ, ਉਹ ਸਿਮਰਨ ਦੇ ਨਾਲ-ਨਾਲ ਹੱਥੀਂ ਸੇਵਾ ਵੀ ਕਰਦੇ ਸਨ। ਬਾਕੀ ਸੇਵਾਵਾਂ ਤੋਂ ਇਲਾਵਾ ਉਹ ਕੜਾਹ-ਪ੍ਰਸ਼ਾਦ ਵੀ ਆਪ ਤਿਆਰ ਕਰਦੇ ਸਨ ਬਲਕਿ ਪ੍ਰਸ਼ਾਦ ਵਾਸਤੇ ਆਟਾ

ਅੰਮ੍ਰਿਤ ਵੇਲੇ ਉੱਠ ਕੇ ਚੱਕੀ 'ਤੇ ਆਪ ਹੀ ਪੀਸਦੇ ਸਨ।

ਸੰਤ ਪ੍ਰੇਮ ਸਿੰਘ ਜਦੋਂ ਮੁਰਾਲੇ ਆਏ ਤਾਂ ਉਮਰ 13 ਸਾਲ ਦੀ ਸੀ। ਸੰਨ 1900 ਸੀ। ਬਾਬਾ ਬਿਸ਼ਨ ਸਿੰਘ ਜੀ ਨੂੰ ਮਿਲੇ, ਆਪਣੀ ਭਾਵਨਾ ਦੱਸੀ, ਬਾਬਾ ਜੀ ਨੇ ਡੇਰੇ ਵਿਚ ਰਹਿਣ ਦੀ ਪ੍ਰਵਾਨਗੀ ਦੇ ਦਿੱਤੀ। ਜਿਉਂ-ਜਿਉਂ ਦਿਲਾਂ ਦੀ ਸਾਂਝ ਹੋਈ, ਨੇੜਤਾ ਵਧਦੀ ਗਈ। ਬਾਬਾ ਬਿਸ਼ਨ ਸਿੰਘ ਜੀ ਨੇ ਪ੍ਰੇਮ ਸਿੰਘ ਦੇ ਮਨ ਨੂੰ ਨੇੜੇ ਹੋ ਕੇ ਵੇਖਿਆ ਤੇ ਆਪਣੀਆਂ ਨਿਜੀ ਸੇਵਾਵਾਂ ਦੇ ਦਿੱਤੀਆਂ। ਬੜੇ ਜ਼ਰੂਰੀ ਕੰਮ ਏਨਾਂ ਕੋਲੋਂ ਕਰਵਾਉਣ ਲੱਗ ਪਏ। ਜਿੱਥੇ ਆਪ ਜ਼ਰੂਰੀ ਜਾਣਾ ਹੁੰਦਾ ਸੀ, ਆਪਣੀ ਥਾਂ 'ਤੇ ਸੰਤ ਪ੍ਰੇਮ ਸਿੰਘ ਜੀ ਨੂੰ ਭੇਜਣ ਲੱਗ ਪਏ।

ਸੰਤ ਪ੍ਰੇਮ ਸਿੰਘ ਵੀ ਇੰਨੇ ਸੁਚੇਤ ਹੋ ਕੇ ਸੇਵਾ ਕਰ ਰਹੇ ਸਨ ਕਿ ਜੇ ਬਾਬਾ ਜੀ ਨੇ ਅੱਧੀ ਰਾਤ ਵੀ ਆਵਾਜ਼ ਦਿੱਤੀ ਕਿ ਪ੍ਰੇਮ ਸਿੰਘ, ਪ੍ਰੇਮ ਸਿੰਘ ਨੇ ਦੂਜੀ ਆਵਾਜ਼ ਆਉਣ ਦਾ ਮੌਕਾ ਨਹੀਂ ਆਉਣ ਦਿੱਤਾ। ਤੇ ਅੱਗੋਂ ਕਿਹਾ ਹਾਂ, ਮਹਾਰਾਜ ਕੀ ਆਗਿਆ ਹੈ ? ਫਿਰ ਐਸਾ ਨਹੀਂ ਕੀਤਾ ਕਿ ਜੇ ਸੰਤ ਬਿਸ਼ਨ ਸਿੰਘ ਏਨਾ ਪਿਆਰ ਦੇ ਰਹੇ ਹਨ ਤਾਂ ਮੈਂ ਹੁਕਮਰਾਨ ਬਣ ਕੇ ਬੈਠ ਜਾਵਾਂ। ਐਸਾ ਨਹੀਂ ਸੋਚਿਆ। ਬਲਕਿ ਉਹ ਸਵੇਰੇ ਟੈਂਕੀ ਵਿਚ ਪਾਣੀ ਆਪ ਭਰਦੇ ਸਨ। ਜਿੱਥੋਂ ਮਹਾਂਪੁਰਖਾਂ ਨੇ ਇਸ਼ਨਾਨ ਕਰਨਾ ਹੁੰਦਾ ਸੀ ਅਤੇ ਕੜਾਹ ਪ੍ਰਸ਼ਾਦ ਵਾਸਤੇ ਰੋਜ਼ਾਨਾ ਚੱਕੀ 'ਤੇ ਆਟਾ ਆਪ ਪੀਸਦੇ ਸਨ। ਲੰਗਰ ਵਿਚ ਲੰਗਰ ਸਜਾਉਣ ਅਤੇ ਭਾਂਡੇ ਮਾਂਜਣ ਦੀ ਸੇਵਾ ਵੀ ਆਪ ਕਰਦੇ ਸਨ।

ਬਾਬਾ ਬਿਸ਼ਨ ਸਿੰਘ ਦੀ ਏਨੀ ਕ੍ਰਿਪਾ ਦ੍ਰਿਸ਼ਟੀ ਵੇਖ ਕੇ ਕੁੱਝ ਮਹਾਂਪੁਰਖਾਂ ਅੰਦਾਜ਼ਾ ਲਗਾ ਲਿਆ ਸੀ ਕਿ ਡੇਰੇ ਦਾ ਮੁਖੀ ਇਹੀ ਹੋਵੇਗਾ। ਸੰਤ ਬਿਸ਼ਨ ਸਿੰਘ ਸਮਝਦੇ ਸਨ ਇਸ ਡੇਰੇ ਨੂੰ ਨਿਰਾ ਭੋਰੇ ਵਿਚ ਬੈਠ ਕੇ ਸਿਮਰਨ ਕਰਨ ਵਾਲਾ ਸਾਧੂ ਨਹੀਂ ਚਾਹੀਦਾ ਸਗੋਂ ਬੜਾ ਅੱਛਾ ਪ੍ਰਬੰਧਕੀ ਦਿਮਾ.ਗ ਚਾਹੀਦਾ ਹੈ ਜੋ ਆਉਣ ਵਾਲੇ ਸਮੇਂ ਦੀ ਹਰੇਕ ਵੰਗਾਰ ਦਾ ਜੁਆਬ ਦੇ ਸਕੇ। ਅਗਲਾ ਮਨੁੱਖ ਕੈਸਾ ਹੋਵੇਗਾ ਉਸ ਮਨੁੱਖ ਨੂੰ ਧਰਮ ਵਾਲੇ ਪਾਸੇ ਚਲਾਉਣ ਲਈ ਅਤੇ ਪਿਛੜਿਆਂ ਨੂੰ ਆਸਰਾ ਦੇ ਕੇ ਉਠਾਉਣ ਲਈ ਬੜੇ ਧੀਰਜ ਵਾਲਾ ਮਹਾਂਪੁਰਖ ਚਾਹੀਦਾ ਹੈ। ਜੋ ਸਤਿਗੁਰੂ ਦੀ ਦਾਤ ਬੜੀ ਸੰਜੀਦਗੀ ਨਾਲ ਵਰਤਾ ਸਕੇ ਅਤੇ ਮੁਰਾਲੇ ਬੈਠਾ ਕਦੀ ਵੀ ਅੰਮ੍ਰਿਤਸਰ ਨੂੰ ਨਾ ਭੁੱਲੇ। ਐਸਾ ਉਨ੍ਹਾਂ ਨੂੰ ਪ੍ਰੇਮ ਸਿੰਘ ਹੀ ਨਜ਼ਰ ਆਇਆ ਸੀ।

ਬਾਬਾ ਬਿਸ਼ਨ ਸਿੰਘ ਜੀ ਦੀ ਅੰਮ੍ਰਿਤਸਰ ਨਾਲ ਬੜੀ ਗਹਿਰੀ ਸਾਂਝ ਸੀ। ਉਹ ਜਦੋਂ ਮੁਰਾਲੇ ਸੇਵਾ ਲਈ ਆਏ ਸਨ ਤਾਂ ਦਰਬਾਰ ਸਾਹਿਬ ਸੇਵਾ ਕਰਦਿਆਂ ਹੀ ਕੋਈ ਅੰਦਰੋਂ ਪ੍ਰੇਰਨਾ ਆਈ ਕਿ ਮੁਰਾਲੇ ਪਹੁੰਚ। ਮੁਰਾਲੇ ਪੁੱਜ ਕੇ ਵੀ ਮਨ ਅੰਮ੍ਰਿਤਸਰ ਨਾਲ ਜੁੜਿਆ ਰਿਹਾ ਸੀ।

ਕੁੱਝ ਸੱਜਣਾਂ ਦਾ ਵਿਚਾਰ ਹੈ ਕਿ ਸੰਤ ਪ੍ਰੇਮ ਸਿੰਘ ਆਪਣੀ ਇੱਛਾ ਅਨੁਸਾਰ ਅੰਮ੍ਰਿਤਸਰ ਵਾਜਾ ਸਿੱਖਣ ਵਾਸਤੇ ਆਏ। ਨਹੀਂ ਮੈਨੂੰ ਗੱਲ ਹੋਰ ਹੀ ਜਾਪੀ ਹੈ। ਸੰਤ ਪ੍ਰੇਮ ਸਿੰਘ ਨਹੀਂ ਆਏ ਸੰਤ ਬਿਸ਼ਨ ਸਿੰਘ ਨੇ ਉਨ੍ਹਾਂ ਨੂੰ ਭੇਜਿਆ ਸੀ, ਤਾਂ ਕਿ ਅੰਮ੍ਰਿਤਸਰ ਇਨ੍ਹਾਂ ਦੇ ਰੋਮ-ਰੋਮ ਵਿਚ ਰਚ ਜਾਏ। ਇਨ੍ਹਾਂ ਨੂੰ ਅੰਮ੍ਰਿਤਸਰ ਕਦੀ ਨਾ ਭੁੱਲੇ। ਬਾਬਾ ਬਿਸ਼ਨ ਸਿੰਘ ਅੱਗੇ ਕੀ ਮੁਸ਼ਕਿਲ ਸੀ ਇਕ ਉਸਤਾਦ ਮੁਰਾਲੇ ਰੱਖ ਲੈਂਦੇ। ਵੈਸੇ ਚੰਗੇ ਕੀਰਤਨੀਏ ਰਾਗੀ ਸਿੰਘ ਮੁਰਾਲੇ ਸਨ। ਕੀਰਤਨ ਕਰਦੇ ਸਨ। ਉਹ ਸਿਖਾ ਸਕਦੇ ਸਨ। ਨਹੀਂ ਅਸਲ ਗੱਲ ਇਹ ਸੀ ਕਿ ਸੰਤ ਪ੍ਰੇਮ ਸਿੰਘ ਦਰਬਾਰ ਸਾਹਿਬ ਨਾਲ ਜੁੜੇ ਰਹਿਣ। ਸੰਤ ਬਿਸ਼ਨ ਸਿੰਘ ਦਾ ਇਹ ਤਜਰਬਾ ਸਫ਼ਲ ਰਿਹਾ। ਸੰਤ ਪ੍ਰੇਮ ਸਿੰਘ ਸਾਰੀ ਜ਼ਿੰਦਗੀ ਦਰਬਾਰ ਸਾਹਿਬ ਨਾਲ ਜੁੜੇ ਰਹੇ। ਅਕਾਲ ਤਖ਼ਤ ਦੀ ਮਰਯਾਦਾ ਤੋਂ ਉਹ ਪਾਸੇ ਨਹੀਂ ਹੋਏ।

ਸੰਨ 1907 ਵਿਚ ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਡੇਰੇ ਦਾ ਮੁਖੀ ਥਾਪ ਦਿੱਤਾ। ਕੁੱਝ ਦਿਨ ਬਾਅਦ ਉਹ ਅਕਾਲ ਚਲਾਣਾ ਕਰ ਗਏ। ਉਸ ਵੇਲੇ ਮੁਰਾਲੇ ਡੇਰੇ ਵਿਚ ਸੰਤ ਬਾਬਾ ਭਾਗ ਸਿੰਘ, ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ, ਸੰਤ ਪ੍ਰਾਹੁਣਾ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਕਿਹਰ ਸਿੰਘ ਜੀ, ਸੰਤ ਉੱਤਮ ਸਿੰਘ ਜੀ, ਭਗਤ ਸਰਦਾਰ ਸਿੰਘ ਜੀ, ਰਾਗੀ ਰਾਮ ਸਿੰਘ, ਰਾਗੀ ਹਰੀ ਚੰਦ, ਸੰਤ ਟਹਿਲ ਸਿੰਘ, ਭਗਤ ਲਾਲ ਸਿੰਘ, ਭਗਤ ਜੈ ਸਿੰਘ, ਕਰਤਾਰ ਸਿੰਘ, ਕਿਸ਼ਨ ਸਿੰਘ, ਗ੍ਰੰਥੀ ਭਗਵਾਨ ਸਿੰਘ, ਭਾਈ ਭਗਵਾਨ ਸਿੰਘ ਜੀ ਇਹ ਸੱਜਣ ਡੇਰੇ ਵਿਚ ਹਰ ਵੇਲੇ ਰਹਿੰਦੇ ਸਨ।

ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ ਆਮ ਕਰਕੇ ਵਿਚਰਦੇ ਰਹਿੰਦੇ ਸਨ ਪਰ ਸਾਲ ਵਿਚ ਇਕ ਵਾਰ ਡੇਰੇ ਜ਼ਰੂਰ ਆਉਂਦੇ ਸਨ, 13-14-15 ਭਾਦੋਂ ਨੂੰ ਬਹੁਤ ਵੱਡਾ ਜੋੜ ਮੇਲਾ ਹੁੰਦਾ ਸੀ। ਉਸ ਸਮਾਗਮ 'ਤੇ ਆਪ ਜ਼ਰੂਰ ਪੁੱਜਦੇ ਸਨ। ਕਾਫ਼ੀ ਚਿਰ ਏਥੇ ਕਥਾ ਕਰਦੇ ਅਤੇ ਸੰਥਾ ਕਰਵਾਉਂਦੇ ਸਨ। ਹੋਰ ਬਾਹਰੋਂ ਆਏ ਸਾਰੇ ਮਹਾਂਪੁਰਖਾਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਸਨਮਾਨਿਤ ਕੀਤਾ ਸੀ। ਸੰਤ ਪ੍ਰੇਮ ਸਿੰਘ ਜੀ ਸਾਹਮਣੇ ਡੇਰੇ ਦੀਆਂ ਜ਼ਿੰਮੇਵਾਰੀਆਂ ਸਨ। ਆਮਦਨੀ ਦਾ ਕੋਈ ਵਸੀਲਾ ਨਹੀਂ ਸੀ। ਸ਼ਰਧਾਲੂਆਂ ਵੱਲੋਂ ਜੋ ਭੇਟਾ ਆਉਂਦੀ ਸੀ ਉਸੇ ਨਾਲ ਵਿਦਿਆਰਥੀਆਂ ਦੇ ਲੰਗਰ, ਬਸਤਰ ਆਦਿਕ ਦਾ ਪ੍ਰਬੰਧ ਅਤੇ ਜਿੰਨੇ ਮਹਾਂਪੁਰਖ ਇੱਥੇ ਰਹਿੰਦੇ ਸਨ, ਉਹ ਸਾਰਾ ਪ੍ਰਬੰਧ ਸੰਤ ਪ੍ਰੇਮ ਸਿੰਘ ਜੀ ਦੇ ਜ਼ਿੰਮੇ ਸੀ।

ਮੇਰੇ ਪਿਤਾ ਗੁਰਮਤਿ ਦੇ ਮਹਾਨ ਵਿਦਵਾਨ ਸਨ ਗਿ: ਮੂਲਾ ਸਿੰਘ ਜੀ, ਉਨ੍ਹਾਂ ਇਕ ਵਾਰ ਮੈਨੂੰ ਇਕ ਗੱਲ ਕਹੀ ਸੀ ਕਿ ਜਦੋਂ ਕੋਈ ਨਵਾਂ ਸਾਧੂ ਡੇਰੇ ਦਾ ਮੁਖੀ ਬਣਦਾ ਹੈ ਤੇ ਡੇਰੇ ਦੀਆਂ ਕੰਧਾਂ ਕੰਬਦੀਆਂ ਹਨ। ਡੇਰੇ ਦੀਆਂ ਇੱਟਾਂ ਕੰਬਦੀਆਂ

ਹਨ ਕਿ ਜੇ ਇਹ ਨਿਕੰਮਾ ਹੋਇਆ ਤਾਂ ਡੇਰੇ ਦੀਆਂ ਇੱਟਾਂ ਪੁੱਟ ਕੇ ਵੇਚ ਕੇ ਖਾ ਜਾਵੇਗਾ। ਜੇ ਸਮਰੱਥ ਪੁਰਸ਼ ਹੋਇਆ ਤਾਂ ਪੁੱਟ ਕੇ ਪੁਰਾਣੀਆਂ ਸੁੱਟ ਦੇਵੇਗਾ ਅਤੇ ਨਵੀਆਂ ਲਗਾ ਦੇਵੇਗਾ। ਸੰਤ ਪ੍ਰੇਮ ਸਿੰਘ ਜੀ ਨੇ ਐਸਾ ਹੀ ਕੀਤਾ ਸੀ, ਉਨ੍ਹਾਂ ਪੁਰਾਣੀਆਂ ਇੱਟਾਂ ਪੁੱਟ ਕੇ ਨਵੀਆਂ ਇੱਟਾਂ ਹੀ ਨਹੀਂ, ਸੁੰਦਰ ਪੱਥਰ ਲਗਾਏ ਸਨ। ਡੇਰੇ ਦੀ ਸੁੰਦਰਤਾ ਵੇਖ ਕੇ ਹਰ ਕੋਈ ਪ੍ਰਸੰਨ ਹੁੰਦਾ ਸੀ। ਉੱਥੇ ਹਰ ਰਹਿਣ ਵਾਲੇ ਦੀ ਲੋੜ ਪੂਰੀ ਹੁੰਦੀ ਸੀ।

ਡੇਰੇ ਵੱਲੋਂ ਬੇਫਿਕਰ ਹੋ ਕੇ ਸੰਤ ਪ੍ਰੇਮ ਸਿੰਘ ਜੀ ਨੇ ਜੋ ਕਰਨ ਵਾਲੇ ਅਸਲ ਕੰਮ ਸਨ, ਉਨ੍ਹਾਂ ਵੱਲ ਧਿਆਨ ਦਿੱਤਾ। ਉਹ ਕੰਮ ਸਨ—

1. ਅੰਮ੍ਰਿਤ ਪ੍ਰਚਾਰ—ਥਾਂ-ਥਾਂ ਜਾ ਕੇ ਪ੍ਰਾਣੀਆਂ ਨੂੰ ਸਿੰਘ ਸਜਾਉਣਾ।

2. ਸਮਾਜ ਸੁਧਾਰ। ਵਿਆਹ ਦੀਆਂ ਬੇਲੋੜੀਆਂ ਰਸਮਾਂ, ਬੱਚਿਆਂ ਦੇ ਸੌਦੇ। ਪੈਸੇ ਪਿੱਛੇ ਲੋਭ ਵਿਚ ਬੱਚਿਆਂ ਦੇ ਗ਼ਲਤ ਜੋੜ। ਵਿਹਾਰ ਸਾਫ਼ ਨਾ ਹੋਣਾ। ਇਹਨਾਂ ਗ਼ਲਤੀਆਂ ਨੇ ਜੀਵਨ ਨਰਕ ਬਣਾ ਛੱਡਿਆ ਸੀ। ਸਮਾਜ ਠੀਕ ਨਹੀਂ ਤਾਂ ਚੰਗਾ ਧਰਮ ਵੀ ਕਿੱਥੋਂ ਪੈਦਾ ਹੋਵੇਗਾ। ਉਨ੍ਹਾਂ ਇਸ ਸੁਧਾਰ ਦਾ ਨਾਂ ਵਿਹਾਰ ਸੁਧਾਰ ਰੱਖਿਆ ਸੀ। ਇਹ ਸੁਧਾਰ ਉਹ ਕਰਦੇ ਸਨ।

3. ਇਸ ਗ਼ਲਤੀ ਦੀ ਅਸਲੀ ਜੜ੍ਹ ਸੀ ਅਨਪੜ੍ਹਤਾ। ਉਨ੍ਹਾਂ ਵਿੱਦਿਆ ਦੇ ਪ੍ਰਸਾਰ ਲਈ ਸਕੂਲ ਖੋਲ੍ਹਣ ਵੱਲ ਧਿਆਨ ਦਿੱਤਾ। ਸੱਚ ਤਾਂ ਇਹ ਹੈ ਕਿ ਬਚਪਨ ਵਿਚ ਸੰਤ ਪ੍ਰੇਮ ਸਿੰਘ ਨੂੰ ਸਕੂਲ ਨਾ ਮਿਲਣਾ, ਉਨ੍ਹਾਂ ਨੂੰ ਸਾਰੀ ਉਮਰ ਹੀ ਰੜਕਦਾ ਰਿਹਾ ਸੀ। ਥਾਂ-ਥਾਂ ਸਕੂਲ ਖੋਲ੍ਹਣੇ ਇਸਦਾ ਕਾਰਨ ਉਨ੍ਹਾਂ ਦਾ ਆਪਣਾ ਅਨੁਭਵ ਵੀ ਸੀ। ਅਨਪੜ੍ਹ ਬੱਚੇ ਉਨ੍ਹਾਂ ਨੂੰ ਬੜੇ ਅਧੂਰੇ ਦਿਸਦੇ ਸਨ, ਇਹ ਤਿੰਨ ਮਹਾਨ ਕੰਮ ਸਨ ਸੰਤ ਪ੍ਰੇਮ ਸਿੰਘ ਦੇ ਸਾਹਮਣੇ। ਇਹ ਉਨ੍ਹਾਂ ਕਿਵੇਂ ਕੀਤੇ ਤੇ ਇਨ੍ਹਾਂ ਵਿਚ ਉਹ ਕਿੰਨੇ ਕੁ ਸਫ਼ਲ ਹੋਏ, ਇਹ ਅਸੀਂ ਅਗਲਿਆਂ ਸਫ਼ਿਆਂ ਵਿਚ ਪੜ੍ਹਾਂਗੇ। ਸਮਾਜ ਸੁਧਾਰ ਵਾਸਤੇ ਉਨ੍ਹਾਂ ਨੇ ਕਿਵੇਂ ਦਿਨ-ਰਾਤ ਇਕ ਕਰ ਦਿੱਤਾ। ਮੈਂ ਮੰਨਦਾ ਹਾਂ ਕਿ ਸੰਤ ਪ੍ਰੇਮ ਸਿੰਘ ਨਿਰੋਲ ਧਾਰਮਿਕ ਵਿਅਕਤੀ ਸਨ। ਪਰ ਸਕੂਲਾਂ ਦੀਆਂ ਅੜਚਨਾਂ ਨੇ ਉਨ੍ਹਾਂ ਨੂੰ ਰਾਜਨੀਤਿਕ ਬਣਾ ਦਿੱਤਾ। ਉਹ ਦੋ ਵਾਰ ਐਮ. ਐਲ. ਏ. ਬਣੇ।

ਹਰੇਕ ਬੰਦਾ ਧਨਵਾਨ ਨਹੀਂ ਬਣ ਸਕਦਾ ਜੇ ਉਸਦੇ ਹਾਲਾਤ ਸਾਥ ਨਾ ਦੇਣ, ਹਾਲਤ ਠੀਕ ਨਾ ਹੋਵੇ, ਠੀਕ ਨੌਕਰੀ ਨਾ ਮਿਲੇ, ਠੀਕ ਵਪਾਰ ਨਾ ਚੱਲੇ, ਉੱਨਾ ਚਿਰ ਬੰਦਾ ਧਨਵਾਨ ਨਹੀਂ ਬਣ ਸਕਦਾ। ਇਸੇ ਤਰ੍ਹਾਂ ਜੇਕਰ ਰਸਤੇ ਵਿਚ ਰੁਕਾਵਟਾਂ ਹੋਣ ਤਾਂ ਬੰਦਾ ਵਿਦਵਾਨ ਵੀ ਨਹੀਂ ਬਣ ਸਕਦਾ। ਜੇ ਸਰੀਰਕ ਬਲ ਸਾਥ ਨਾ ਦੇਵੇ ਤਾਂ ਹਰ ਬੰਦਾ ਪਹਿਲਵਾਨ ਵੀ ਨਹੀਂ ਬਣ ਸਕਦਾ। ਜੇ ਪਬਲਿਕ ਸਾਥ ਨਾ

ਦੇਵੇ ਵੋਟਾਂ ਨਾ ਮਿਲਣ ਕਰਕੇ ਹਰ ਬੰਦਾ ਨੇਤਾ ਜਾਂ ਪ੍ਰਧਾਨ ਨਹੀਂ ਬਣ ਸਕਦਾ। ਪਰ ਕੁੱਝ ਵੀ ਕੋਲ ਨਾ ਹੋਵੇ ਚਾਰ-ਚੁਫੇਰੇ ਵਿਰੋਧਤਾ ਹੀ ਵਿਰੋਧਤਾ ਹੋਵੇ ਬੰਦਾ ਧਰਮੀ ਤਾਂ ਵੀ ਬਣ ਸਕਦਾ ਹੈ। ਬਾਹਰ ਕੁੱਝ ਬਣਨ ਲਈ ਧਨ ਜਾਂ ਪਬਲਿਕ ਦਾ ਜਾਂ ਸਰੀਰਕ ਬਲ ਦਾ ਸਮਰਥਨ ਚਾਹੀਦਾ ਹੈ ਪਰ ਧਰਮੀ ਬਣਨ ਵਾਸਤੇ ਬਾਹਰੋਂ ਕਿਸੇ ਚੀਜ਼ ਦੀ ਲੋੜ ਨਹੀਂ, ਸਿਰਫ਼ ਆਪਣਾ ਮਨ ਸਹਿਮਤ ਹੋਣਾ ਚਾਹੀਦਾ ਹੈ।

ਭਗਤ ਰਵਿਦਾਸ ਜੀ ਨਾਲ ਐਸਾ ਹੀ ਹੋਇਆ ਹੈ। ਵਿਰੋਧੀ ਹਵਾ ਬਹੁਤ ਤੇਜ਼ ਸੀ। ਬਾਹਰਲਾ ਧਨ ਵੀ ਕੋਲ ਨਹੀਂ ਸੀ। ਬਾਹਰ ਸਭ ਕੁੱਝ ਪਰਾਇਆ ਸੀ ਪਰ ਮਨ ਆਪਣਾ ਸੀ। ਪਰਮਾਤਮਾ ਆਪਣਾ ਹੋ ਗਿਆ। ਇਸ ਲਈ ਧਰਮੀ ਬਣਨ ਲਈ ਜੇ ਕੋਈ ਕਹੇ ਕਿ ਬਾਹਰਲੇ ਹਾਲਾਤ ਨੇ ਮੈਨੂੰ ਧਰਮੀ ਨਹੀਂ ਬਣਨ ਦਿੱਤਾ, ਇਹ ਸਿਰਫ਼ ਉਸ ਬੰਦੇ ਦਾ ਬਹਾਨਾ ਹੈ। ਉਸਦਾ ਮਨ ਸਹਿਮਤ ਨਹੀਂ ਹੋਇਆ। ਧਰਮੀ ਨਿਰਧਨ, ਅਨਪੜ੍ਹ, ਕਮਜ਼ੋਰ ਬੀਮਾਰ ਕਿਸੇ ਹਾਲਤ ਵਿਚ ਵੀ ਹੋਵੇ, ਬੰਦਾ ਧਰਮੀ ਹੋ ਸਕਦਾ ਹੈ। ਸੰਤ ਪ੍ਰੇਮ ਸਿੰਘ ਨੇ ਵੇਖ ਲਿਆ ਸੀ ਕਿ ਧਰਮੀ ਹਰ ਬੰਦਾ ਬਣ ਸਕਦਾ ਹੈ। ਫਿਰ ਪਹਿਲਾ ਕੰਮ ਇਹ ਹੀ ਹੋਵੇ ਇਹ ਸਾਰੇ ਗੁਰੂ ਦੇ ਲੜ ਲੱਗਣ, ਅੰਮ੍ਰਿਤਧਾਰੀ ਹੋਣ।

ਉਨ੍ਹਾਂ ਸਮਝ ਲਿਆ ਸੀ ਕਿ ਜੇ ਇਹ ਗੁਰੂ ਦੇ ਲੜ ਲੱਗ ਜਾਏ ਤਾਂ ਇਨ੍ਹਾਂ ਦੀ ਖੁਰਾਕ ਤੇ ਪੁਸ਼ਾਕ ਵੀ ਠੀਕ ਹੋ ਜਾਵੇਗੀ। ਇਹ ਗੁਰੂ ਦੇ ਭੈਅ ਵਿਚ ਚੱਲਣਗੇ। ਇਨ੍ਹਾਂ ਦਾ ਵਿਵਹਾਰ ਵੀ ਠੀਕ ਹੋ ਜਾਵੇਗਾ। ਨਗਰਾਂ ਵਿਚ ਜੋ ਲੋਕ ਸ਼ਰਾਬ ਪੀਂਦੇ ਸਨ ਉਹ ਬੜਾ ਖਤਰਨਾਕ ਸੀ। ਅਤੇ ਹਰ ਕਾਰਜ ਵਿਚ ਸ਼ਰਾਬ ਦਾ ਬੋਲਬਾਲਾ ਸੀ। ਜੇ ਕਿਸੇ ਦੇ ਘਰ ਪੁੱਤਰ ਜਨਮਿਆ ਹੈ ਤਾਂ ਪਹਿਲੀ ਖ਼ੁਸ਼ੀ ਇਹ ਕਿ ਘਰ ਵਿਚ ਸ਼ਰਾਬ ਚਲਦੀ ਸੀ। ਪੁੱਤਰ ਦੀ ਕੁੜਮਾਈ ਤਾਂ ਸ਼ਰਾਬ। ਜੇ ਪੁੱਤਰ ਦਾ ਵਿਆਹ ਹੈ ਤਾਂ ਸ਼ਰਾਬ ਚਲਦੀ ਸੀ। ਜੇ ਕੋਈ ਬਜ਼ੁਰਗ ਚੜ੍ਹਾਈ ਕਰ ਜਾਵੇ ਭਾਵੇਂ ਇਸਤਰੀ ਹੋਵੇ ਭਾਵੇਂ ਪੁਰਸ਼ ਉਸਦੇ ਇਕੱਠ 'ਤੇ ਵੀ ਸ਼ਰਾਬ ਚਲਦੀ ਸੀ। ਇਹ ਸ਼ਰਾਬ ਅਕਸਰ ਲੋਕ ਆਪ ਬਣਾਉਂਦੇ ਸਨ ਉਨ੍ਹਾਂ ਦਾ ਲਾਹਣ ਦਾ ਭਾਂਡਾ ਛੇਤੀ ਤਿਆਰ ਹੋ ਜਾਵੇ ਵਿਚ ਬੜੀਆਂ ਗ਼ਲਤ ਚੀਜ਼ਾਂ ਪਾਉਂਦੇ ਸਨ। ਜੋ ਬੰਦੇ ਦੀ ਮੌਤ ਦਾ ਕਾਰਨ ਵੀ ਬਣ ਸਕਦੀਆਂ ਸਨ। ਨਹੀਂ ਤਾਂ ਸਰੀਰ ਰੋਗੀ ਤਾਂ ਹੋ ਹੀ ਜਾਂਦਾ ਸੀ।

ਅੱਜ ਸ਼ਰਾਬ ਦੇ ਹਾਨੀਕਾਰਕ ਨਤੀਜਿਆਂ ਨੂੰ ਖੋਜਣ ਵਾਲਿਆਂ ਨੇ ਕਿਹਾ ਹੈ ਕਿ ਸਾਡੇ ਦਿਮਾਗ਼ ਵਿਚ ਜੋ ਚੇਤਾ ਸ਼ਕਤੀ ਵਾਲੇ ਸੈੱਲ ਹਨ ਬੇਸ਼ੱਕ ਕਈ ਕਰੋੜ ਹਨ ਪਰ ਫਿਰ ਵੀ ਗਿਣਤੀ ਦੇ ਹਨ। ਸ਼ਰਾਬ ਦਾ ਇਕ ਪੈੱਗ ਪੀਣ ਨਾਲ ਦਸ ਹਜ਼ਾਰ ਸੈੱਲ ਮਰ ਜਾਂਦੇ ਹਨ। ਫਿਰ ਸ਼ਰਾਬ ਵੀ ਉਹ ਜਿਹੜੀ ਬਹੁਤ ਗ਼ਲਤ ਢੰਗ ਨਾਲ ਤਿਆਰ ਕੀਤੀ ਹੈ, ਇਹ ਤਾਂ ਬੰਦੇ ਨੂੰ ਪਾਗਲ ਹੀ ਕਰ ਦੇਂਦੀ ਹੈ। ਇਸ

ਸ਼ਰਾਬ ਦਾ ਵਰਤਾਰਾ ਆਮ ਸੀ। ਇਸ ਦਾ ਇਲਾਜ ਸੰਤ ਪ੍ਰੇਮ ਸਿੰਘ ਨੂੰ ਗੁਰੂ ਕਲਗੀਧਰ ਦਾ ਅੰਮ੍ਰਿਤ ਹੀ ਦਿਸਿਆ ਸੀ। ਕਿਉਂਕਿ ਅੰਮ੍ਰਿਤਧਾਰੀ ਵਾਸਤੇ ਨਸ਼ਿਆਂ ਦੀ ਮਨਾਹੀ ਹੈ। ਸ਼ਰਾਬ ਦੇ ਨਾਲ ਨਗਰਾਂ ਵਿਚ ਇਕ ਹੋਰ ਬਿਮਾਰੀ ਤਮਾਕੂ ਵੀ ਪ੍ਰਚੱਲਤ ਸੀ ਜਿਸਦਾ ਧੂੰਆਂ ਬਹੁਤ ਹੀ ਹਾਨੀਕਾਰਕ ਸੀ।

ਤਮਾਕੂ ਦੀ ਉਪਜ ਸਭ ਤੋਂ ਪਹਿਲੇ ਅਮਰੀਕਾ ਦੇ ਕੈਲੇਫੋਰਨੀਆ ਵਿਚ ਹੋਈ। ਇੱਥੇ ਦੀਆਂ ਖੇਤੀਆਂ ਵਿਚ ਤਮਾਕੂ ਹੁੰਦਾ ਸੀ। ਇੱਥੋਂ ਜਰਮਨੀ ਵਿਚ, ਇਟਲੀ ਵਿਚ, ਪੁਰਤਗਾਲ ਵਿਚ ਬਾਕੀ ਦੇਸ਼ਾਂ ਵਿਚ ਅਤੇ ਜਹਾਂਗੀਰ ਦੇ ਸਮੇਂ ਹਿੰਦੁਸਤਾਨ ਵਿਚ ਆਇਆ। ਨਜ਼ਲੇ ਤੋਂ ਤਮਾਕੂ ਦਾ ਧੂੰਆਂ ਲੈਣ ਲਈ ਜਹਾਂਗੀਰ ਨੂੰ ਕਿਹਾ। ਜਦੋਂ ਇਸਨੇ ਦਰਬਾਰ ਵਿਚ ਤਮਾਕੂ ਦੀ ਵਰਤੋਂ ਕੀਤੀ ਤਾਂ ਦਰਬਾਰੀਆਂ ਨੇ ਨੱਕ ਅੱਗੇ ਕੱਪੜੇ ਲੈ ਲਏ। ਜਹਾਂਗੀਰ ਨੇ ਆਪਣੀ ਹੱਤਕ ਮਹਿਸੂਸ ਕੀਤੀ, ਉਸਨੇ ਸਾਰੇ ਦਰਬਾਰੀਆਂ ਨੂੰ ਤਮਾਕੂਨੋਸ਼ੀ ਕਰਨ ਵਾਸਤੇ ਕਿਹਾ। ਫਿਰ ਇਹ ਬੀਮਾਰੀ ਸਾਰੇ ਦੇਸ਼ ਵਿਚ ਫ਼ੈਲ ਗਈ।

ਸਤਿਗੁਰਾਂ ਨੇ ਇਸ ਤਮਾਕੂ ਨੂੰ ਬੱਜਰ ਕੁਰਹਿਤ ਕਿਹਾ ਤੇ ਸਿੰਘਾਂ ਨੂੰ ਕਿਹਾ ਕਿ ਤਮਾਕੂ ਵਰਤਣ ਵਾਲਾ ਸਿੱਖੀ ਤੋਂ ਖਾਰਜ ਹੋ ਜਾਵੇਗਾ। ਚਾਰ ਬੱਜਰ ਕੁਰਹਿਤਾਂ ਵਿਚੋਂ ਇਕ ਕੁਰਹਿਤ ਤਮਾਕੂ ਵਰਤਣਾ ਹੈ। ਤਮਾਕੂ ਪਿੰਡਾਂ ਦੇ ਲੋਕ ਵਰਤਦੇ ਸਨ। ਇਹ ਨਸ਼ਾ ਸਸਤਾ ਸੀ ਤੇ ਇਹ ਵਰਤਣ ਦਾ ਢੰਗ ਮਿੱਟੀ ਦੀ ਹੁੱਕੀ ਜਾਂ ਵੱਡਾ ਹੁੱਕਾ ਸੀ। ਕਈਆਂ ਦੇ ਹੁੱਕੇ ਦੀ ਅੱਗ ਨਾਲ ਖਲਵਾੜੇ ਸੜ ਗਏ। ਕਈਆਂ ਦੀਆਂ ਰਜਾਈਆਂ ਨੂੰ ਅੱਗ ਲੱਗ ਗਈ।

ਮੁਸਲਮਾਨ ਤਮਾਕੂ ਆਮ ਵਰਤਦੇ ਸਨ। ਅਮੀਰਾਂ ਦੇ ਹੁੱਕੇ ਸੋਨੇ-ਚਾਂਦੀ ਦੇ ਸਨ। ਬੜੀਆਂ ਲੰਮੀਆਂ ਨਾਲੀਆਂ ਸਨ। ਦਸ-ਵੀਹ ਫੁੱਟ ਦੀ ਦੂਰੀ 'ਤੇ ਬੈਠਾ ਬੰਦਾ ਹੁੱਕੇ ਵਿਚੋਂ ਧੂੰਆਂ ਖਿੱਚ ਸਕਦਾ ਸੀ। ਉਹ ਇਕੱਠ ਦਸ-ਦਸ, ਵੀਹ-ਵੀਹ ਬੰਦੇ ਇਕ ਨਾਲੀ ਵਿਚੋਂ ਹੀ ਹੁੱਕਾ ਪੀਂਦੇ ਸਨ। ਇਕ ਇਹਦਾ ਛੋਟਾ ਰੂਪ ਮੈਂ ਆਪ ਵੇਖਿਆ, ਕਾਫ਼ੀ ਉਹ ਲੋਕ ਜੋ ਪਾਕਿਸਤਾਨੋਂ ਆਏ, ਬੁੱਢੇ ਬੰਦੇ ਜੋ ਸਿੱਖ ਨਹੀਂ ਸਨ, ਉਹ ਚਿਲਮ ਪੀਂਦੇ ਸਨ। ਮੁਸਲਮਾਨਾਂ ਦੀ ਰੀਸੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੇ ਜੋ ਸਿੱਖ ਤਾਂ ਨਹੀਂ ਸਨ ਪਰ ਆਪਣੇ ਆਪ ਨੂੰ ਸਿੱਖੀ ਦੇ ਨੇੜੇ ਮੰਨਦੇ ਸਨ, ਗੁਰਦੁਆਰੇ ਵੀ ਮੰਨਤਾਂ ਮੰਨਦੇ ਸਨ, ਉਹ ਹੁੱਕੀਆਂ, ਹੁੱਕੇ, ਚਿਲਮਾਂ ਪੀਣ ਲੱਗੇ। ਇੱਥੋਂ ਤੱਕ ਕਿ ਗੁਰਦੁਆਰਿਆਂ, ਡੇਰਿਆਂ ਵਿਚ ਰਹਿਣ ਵਾਲੇ (ਕੁੱਝ) ਉਦਾਸੀ, ਸਾਧੂ ਹੁੱਕੇ ਚਿਲਮਾਂ ਪੀਂਦੇ ਸਨ।

ਸੰਤ ਪ੍ਰੇਮ ਸਿੰਘ ਜਿਸ ਨਗਰ ਵਿਚ ਜਾਂਦੇ ਸਨ ਉਨ੍ਹਾਂ ਦੀ ਪ੍ਰੇਰਨਾ ਸਦਕਾ ਲੋਕ ਹੁੱਕੀਆਂ, ਹੁੱਕੇ ਅਤੇ ਚਿਲਮਾਂ ਭੰਨ ਦੇਂਦੇ ਸਨ ਅਤੇ ਹੁੱਕੀਆਂ ਦਾ ਢੇਰ ਲੱਗ

ਜਾਂਦਾ ਸੀ। ਉਨ੍ਹਾਂ ਵੇਖਿਆ ਕਿ ਹੁੱਕੇ ਜਿੱਥੇ ਭੰਨੇ ਸਨ ਉੱਥੇ ਹੁੱਕਿਆਂ ਦਾ ਪਾਣੀ ਗਿਰਿਆ। ਤਮਾਕੂ ਵਾਲੇ ਪਾਣੀ ਨੇ ਘਾਹ ਸਾੜ ਦਿੱਤਾ ਹੈ। ਜਿੱਥੇ ਤਮਾਕੂ ਡਿਗਿਆ ਸੀ ਉੱਥੇ ਕੁੱਝ ਕੁੱਤੇ ਆਏ ਤੇ ਸੁੰਘ ਕੇ ਚਲੇ ਗਏ। ਇਕ ਸ਼ਰਾਬੀ ਦੀ ਸੁਰਾਹੀ ਭੰਨ ਦਿੱਤੀ। ਸ਼ਰਾਬ ਸੁੰਘ ਕੇ ਕੁੱਤੇ ਵਾਪਸ ਚਲੇ ਗਏ। ਸੰਤਾਂ ਕਿਹਾ ਤੁਸੀਂ ਇਸ ਡਿਗਿਆ 'ਤੇ ਸ਼ਰਾਬ ਦਾ ਸੇਵਨ ਕਰਦੇ ਹੋ ਜਿਸਨੂੰ ਕੁੱਤੇ ਵੀ ਨਹੀਂ ਕਬੂਲਦੇ। ਲੋਕਾਂ ਦੇ ਮਨਾਂ 'ਤੇ ਇਸ ਉਪਦੇਸ਼ ਦਾ ਗਹਿਰਾ ਅਸਰ ਹੋਇਆ ਸੀ। ਲੋਕਾਂ ਨੇ ਤਮਾਕੂ ਅਤੇ ਸ਼ਰਾਬ ਦਾ ਸੇਵਨ ਛੱਡ ਕੇ ਅੰਮ੍ਰਿਤਪਾਨ ਕੀਤਾ ਸੀ। ਜਦੋਂ ਅੰਮ੍ਰਿਤ ਸੰਚਾਰ ਹੁੰਦਾ ਸੀ ਬਹੁਤ ਗਿਣਤੀ ਵਿਚ ਪ੍ਰਾਣੀ ਅੰਮ੍ਰਿਤਪਾਨ ਕਰਦੇ ਸਨ।

ਜਿੱਥੇ ਨਸ਼ਿਆਂ ਤੋਂ ਖਲਾਸੀ ਹੋਈ, ਪਹਿਰਾਵੇ ਦਾ ਬਹੁਤ ਸੁਧਾਰ ਹੋਇਆ ਸੀ। ਇਸਤਰੀਆਂ ਮੇਡੀਆਂ ਗੁੰਦ ਲੈਂਦੀਆਂ ਸਨ ਅਤੇ ਮਹੀਨੇ ਪਿੱਛੋਂ ਉਨ੍ਹਾਂ ਨੂੰ ਖੋਹਲਣ ਨਾਲ ਕੇਸਾਂ ਦੀਆਂ ਜਟਾਵਾਂ ਬਣ ਜਾਣੀਆਂ, ਸਿਰ ਦੇ ਕੇਸਾਂ ਵਿਚ ਜੂੰਆਂ ਪੈ ਜਾਣੀਆਂ, ਸੰਤਾਂ ਨੇ ਕੇਸਾਂ ਦੀ ਸੰਭਾਲ ਵਾਸਤੇ ਪ੍ਰੇਰਨਾ ਦਿੱਤੀ, ਜੋ ਬਚਨ ਰਹਿਤਨਾਮਿਆਂ ਵਿਚ ਲਿਖੇ ਹਨ, ਉਹ ਦ੍ਰਿੜ ਕਰਵਾਏ।

ਕੰਘਾ ਦੋਨੋਂ ਵਕ਼ਤ ਕਰ ਪਾਗ ਚੁਨੇ ਕਰ ਬਾਂਧਈ।
ਦਾਤਨ ਨੀਤ ਕਰੇ ਨਾ ਦੁੱਖ ਪਾਵੇ ਲਾਲ ਜੀ।

ਇਸਤਰੀ ਪੁਰਸ਼ ਦੋਵਾਂ ਲਈ ਇਹ ਜ਼ਰੂਰੀ ਹੈ ਕਿ ਸਵੇਰੇ-ਸ਼ਾਮ ਕੇਸਾਂ ਨੂੰ ਕੰਘਾ ਕੀਤਾ ਜਾਏ ਅਤੇ ਪੱਗ ਚੁਣ ਕੇ ਬੰਨ੍ਹਣੀ ਹੈ। ਮੂੰਹ ਸਾਫ਼ ਕਰਨ ਲਈ ਦਾਤਣ ਨਿਤ ਕਰਨਾ ਜ਼ਰੂਰੀ ਹੈ। ਪਹਿਰਾਵਾ ਉਸ ਵਕਤ ਨਗਰਾਂ ਵਿਚ ਐਸਾ ਸੀ ਜਿਵੇਂ ਅੱਜ ਕਿਤੇ ਰਾਜਸਥਾਨੀ ਆਏ ਹੋਣ ਉਹ ਲੋਹੇ ਦਾ ਕੰਮ ਕਰਦੇ ਹਨ, ਟੁੱਟੀਆਂ ਬਾਲਟੀਆਂ ਨੂੰ ਥੱਲੇ ਲਗਾਉਣੇ ਜਿਵੇਂ ਉਹਨਾਂ ਦੀਆਂ ਔਰਤਾਂ ਦੇ ਘਗਰੇ ਹੁੰਦੇ ਹਨ, ਐਸਾ ਔਰਤਾਂ ਦਾ ਲਿਬਾਸ ਸੀ। ਸੰਤ ਪ੍ਰੇਮ ਸਿੰਘ ਜੀ ਨੇ ਗੁਰਮੁਖੀ ਲਿਬਾਸ ਸਲਵਾਰ ਕੁੜਤਾ ਅਤੇ ਸਿਰ ਕੱਜ ਕੇ ਚੱਲਣਾ ਇਸਤਰੀਆਂ ਨੂੰ ਸਿਖਾਇਆ। ਜੋ ਅੰਮ੍ਰਿਤਪਾਨ ਕਰ ਲੈਂਦਾ ਸੀ ਸੁਭਾਵਿਕ ਹੀ ਉਸਦੀ ਖੁਰਾਕ ਅਤੇ ਉਸਦਾ ਪਹਿਰਾਵਾ ਸੁਧਰ ਜਾਂਦਾ ਸੀ।

ਜਿਨ੍ਹਾਂ ਨੇ ਉਨ੍ਹਾਂ ਦੀ ਸੰਗਤ ਨਾਲ ਨਸ਼ੇ ਛੱਡੇ ਪਹਿਰਾਵਾ ਠੀਕ ਹੋਇਆ ਉਹੀ ਸੱਜਣ ਜਦੋਂ ਸੰਤ ਪ੍ਰੇਮ ਸਿੰਘ ਨੂੰ ਯਾਦ ਕਰਦੇ ਹਨ ਤਾਂ ਕਹਿੰਦੇ ਹਨ ਸਚਮੁੱਚ ਸੰਤ ਪ੍ਰੇਮ ਸਿੰਘ ਨੂੰ ਸਤਿਗੁਰੂ ਨੇ ਅੰਮ੍ਰਿਤ ਦੀ ਦਾਤ ਦਿੱਤੀ। ਤੇ ਸੰਤ ਪ੍ਰੇਮ ਸਿੰਘ ਨੇ ਸਾਨੂੰ ਗੁਰੂ ਦੇ ਲੜ ਲਾ ਕੇ ਪਸ਼ੂਆਂ ਤੋਂ ਮਨੁੱਖ ਬਣਾ ਦਿੱਤਾ। ਨਹੀਂ ਤਾਂ ਅਸੀਂ ਪਸ਼ੂਆਂ ਜੈਸਾ ਜੀਵਨ ਬਤੀਤ ਕਰ ਰਹੇ ਸਾਂ। ਸੰਤ ਪ੍ਰੇਮ ਸਿੰਘ ਤਾਂ ਜਿਧਰੋਂ ਲੰਘੇ ਮਨੁੱਖਾਂ ਦੀ ਕਾਇਆ ਕਲਪ ਕਰਦੇ ਗਏ ਹਨ। ਸੰਤ ਪ੍ਰੇਮ ਸਿੰਘ ਦਾ ਪ੍ਰਚਾਰ ਖੇਤਰ

ਜ਼ਿਆਦਾਤਰ ਲੁਬਾਣਾ ਬਰਾਦਰੀ ਹੀ ਰਿਹਾ ਇਕ ਤਾਂ ਉਹ ਆਪ ਲੁਬਾਣਾ ਬਰਾਦਰੀ ਵਿਚੋਂ ਸਨ। ਦੂਸਰਾ ਲੁਬਾਣਾ ਬਰਾਦਰੀ ਬਹੁਤ ਪਿਛੜੀ ਸੀ ਅਤੇ ਥਾਂ-ਥਾਂ ਇਸ ਨਾਲ ਵਿਤਕਰਾ ਹੋ ਰਿਹਾ ਸੀ।

ਵਿਤਕਰਾ ਬਾਕੀ ਬਰਾਦਰੀਆਂ ਨਾਲ ਵੀ ਹੋਇਆ ਹੈ। ਗੁਰੂ ਦੀ ਮੱਤ ਨੂੰ ਅਸੀਂ ਸੁਣਿਆ ਜ਼ਰੂਰ ਹੈ ਇਹ ਵੀ ਕਹਿੰਦੇ ਹਾਂ ਕਿ ਅਸੀਂ ਸਿੱਖ ਹਾਂ। ਪਰ ਗੁਰੂ ਦੀ ਮੱਤ ਨੂੰ ਅਸੀਂ ਸਹੀ ਅਰਥਾਂ ਵਿਚ ਅਜੇ ਵੀ ਨਹੀਂ ਮੰਨਿਆ। ਅਛੂਤ ਜਾਤੀਆਂ ਵਿਚੋਂ, ਭੰਗੀਆਂ ਵਿਚੋਂ ਜਿਹੜੇ ਅੰਮ੍ਰਿਤਪਾਨ ਕਰਕੇ ਸਿੰਘ ਸਜੇ ਸਨ ਉਨ੍ਹਾਂ ਨੂੰ ਨਾਮ ਵੀ ਅਸੀਂ ਮਜ਼ਹਬੀ ਸਿੰਘਾਂ ਦਾ ਦਿੱਤਾ। ਮਜ਼ਹਬ ਸ਼ਬਦ ਇਸਲਾਮੀ ਸ਼ਬਦ ਹੈ ਜਿਸਦਾ ਅਰਥ ਹੈ ਧਰਮੀ ਸਿੰਘ। ਪਰ ਮਜ਼ਹਬੀ ਦੇ ਅੱਜ ਅਰਥ ਫਿਰ ਉਹ ਰਹਿ ਗਏ ਕਿ ਇਹ ਭੰਗੀਆਂ ਵਿਚੋਂ ਹੈ। ਮਿਰਾਸੀਆਂ ਵਿਚੋਂ ਜੋ ਅੰਮ੍ਰਿਤਪਾਨ ਕਰਕੇ ਸਿੰਘ ਸਜੇ ਸਨ ਅਕਸਰ ਇਹ ਸਤਿਗੁਰੂ ਦੇ ਕੀਰਤਨੀਏ ਸਨ। ਬੜੇ ਸਤਿਕਾਰ ਯੋਗ ਸਨ। ਪਰ ਅਜੇ ਤਕ ਉਨ੍ਹਾਂ ਨਾਲ ਮਰਦਾਨੇ ਕੇ ਜਾਂ ਰਬਾਬੀ ਸ਼ਬਦ ਅਸੀਂ ਜੋੜਿਆ ਹੈ। ਉਸਦਾ ਅਰਥ ਫਿਰ ਹੋ ਗਿਆ ਮਿਰਾਸੀ। ਅਸੀਂ ਲਫ਼ਜ਼ ਬਦਲਦੇ ਹਾਂ, ਭਾਵ ਨਹੀਂ। ਦੁਕਾਨ ਦੇ ਸੌਦੇ ਦਾ ਨਾਂ ਬਦਲ ਦੇਂਦੇ ਹਾਂ ਸੌਦਾ ਉਹੀ ਵਿਕਦਾ ਹੈ।

ਲੁਬਾਣਿਆਂ ਵਣਜਾਰਿਆਂ ਨੇ ਜੋ ਸਤਿਗੁਰੂ ਦੇ ਦਰ ਘਰ ਦੀ ਸੇਵਾ ਕੀਤੀ ਹੈ ਉਹ ਬੜੀ ਹੀ ਸ਼ਲਾਘਾ ਯੋਗ ਹੈ। ਬਾਬਾ ਮੱਖਣ ਸ਼ਾਹ ਨੂੰ ਸਿੱਖ ਪੰਥ ਕਿਵੇਂ ਭੁੱਲ ਸਕਦਾ ਹੈ। ਬਾਬਾ ਲਖੀ ਸ਼ਾਹ ਵਣਜਾਰਾ ਜਿਸ ਦਾ ਘਰ ਅੱਜ ਰਕਾਬ ਗੰਜ ਗੁਰਦੁਆਰਾ ਹੈ ਜਿਸਨੇ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਧੜ ਦਾ ਸਸਕਾਰ ਆਪਣੇ ਘਰ ਨੂੰ ਜਲਾ ਕੇ ਕੀਤਾ ਸੀ ਕਿੰਨੀ ਮਹਾਨ ਸੇਵਾ ਹੈ. ਅਤੇ ਲੱਖੀ ਸ਼ਾਹ ਇਹ ਵੀ ਸਮਝਦਾ ਸੀ ਇਹ ਗੱਲ ਘਰ ਤਕ ਹੀ ਸੀਮਤ ਨਹੀਂ। ਜੇ ਹਕੂਮਤ ਨੂੰ ਪਤਾ ਲੱਗ ਗਿਆ ਕਿ ਧੜ ਦਾ ਸਸਕਾਰ ਮੇਰੇ ਘਰ ਹੋਇਆ ਹੈ ਤਾਂ ਮੇਰੇ ਤੇ ਮੇਰੇ ਪਰਿਵਾਰ ਦਾ ਉਹੀ ਹਾਲ ਹੋਵੇਗਾ ਜੋ ਮਤੀ ਦਾਸ ਤੇ ਭਾਈ ਸਤੀ ਦਾਸ ਦਾ ਹੋਇਆ ਹੈ। ਪਰ ਇਹ ਸਭ ਕੁੱਝ ਦਾਉ 'ਤੇ ਲਗਾ ਕੇ ਉਸਨੇ ਸੇਵਾ ਕੀਤੀ ਸੀ ਜੋ ਸੇਵਾ ਸਫਲ ਹੋਈ ਸੀ। ਗੁਰੂ ਕਲਗੀਧਰ ਨੇ ਇਨ੍ਹਾਂ ਸੇਵਕਾਂ ਨੂੰ ਬੜੀਆਂ ਬਖਸ਼ਸ਼ਾਂ ਨਾਲ ਨਿਵਾਜਿਆ ਸੀ। ਲਖੀ ਸ਼ਾਹ ਦੇ ਪੁੱਤਰ ਭਾਈ ਨਿਗਾਹੀਆ ਸਿੰਘ ਨੇ ਆਲਮਗੀਰ ਘੋੜਾ ਭੇਟ ਕੀਤਾ ਸੀ ਤੇ ਸਤਿਗੁਰੂ ਉੱਚ ਦੇ ਪੀਰ ਵਾਲਾ ਮੰਜਾ ਛੱਡ ਕੇ ਉਸ ਘੋੜੇ 'ਤੇ ਅਸਵਾਰੀ ਕੀਤੀ ਸੀ ਜਦੋਂ ਕਿ ਕਨੇਚ ਦੇ ਚੌਧਰੀ ਫਤੇ ਨੇ ਘੋੜੀ ਦੇਣ ਤੋਂ ਇਨਕਾਰ ਕੀਤਾ ਸੀ। ਨਿਗਾਹੀਆ ਸਿੰਘ ਦਾ ਨਾਂ ਦੱਸਦਾ ਹੈ ਕਿ ਲੱਖੀ ਸ਼ਾਹ ਦਾ ਪਰਿਵਾਰ ਅੱਗੋਂ ਅੰਮ੍ਰਿਤਧਾਰੀ ਹੋ ਚੁੱਕਾ ਸੀ। ਜਿੱਥੇ ਬਾਬਾ ਮੱਖਣ ਸ਼ਾਹ ਲਖੀ ਸ਼ਾਹ ਦੀਆਂ ਮਹਾਨ ਸੇਵਾਵਾਂ ਹਨ ਉੱਥੇ ਸੰਤ ਪ੍ਰੇਮ ਸਿੰਘ ਨੇ ਸਿੱਖ ਪੰਥ ਦੀ ਸੇਵਾ

ਕੀਤੀ ਹੈ। ਆਉਣ ਵਾਲੇ ਸਿੱਖ ਇਤਿਹਾਸਕਾਰ ਉਨ੍ਹਾਂ ਨੂੰ ਨਹੀਂ ਭੁੱਲ ਸਕਣਗੇ। ਬਾਬਾ ਮੱਖਣ ਸ਼ਾਹ, ਬਾਬਾ ਲੱਖੀ ਸ਼ਾਹ ਦੀ ਕੁਰਬਾਨੀ ਸੇਵਾ ਸਤਿਗੁਰਾਂ ਨਾਲ ਸੰਬੰਧ ਰੱਖਦੀ ਹੈ ਪਰ ਸੰਤ ਪ੍ਰੇਮ ਸਿੰਘ ਦੀ ਸੇਵਾ ਇਕ ਮਹਾਨ ਪ੍ਰਚਾਰ ਸੇਵਾ ਸੀ ? ਜੋ ਸਿੱਖ ਪੰਥ ਨਾਲ ਸੰਬੰਧ ਰੱਖਦੀ ਹੈ। ਗੁਰੂ ਗ੍ਰੰਥ ਨਾਲ ਸੰਬੰਧ ਰਖਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਲੁਬਾਣਿਆਂ ਵਿਚ ਹੀ ਜ਼ਿਆਦਾ ਪ੍ਰਚਾਰ ਕੀਤਾ, ਲੁਬਾਣੇ ਸਿੰਘ ਸਜਾਏ ਪਰ ਕੀ ਲੁਬਾਣੇ ਸਿੱਖ ਪੰਥ ਦਾ ਅੰਗ ਨਹੀਂ ? ਕੀ ਲੁਬਾਣਿਆਂ ਨੂੰ ਸਿੱਖ ਸਜਾਉਣਾ, ਇਨ੍ਹਾਂ ਦਾ ਸੁਧਾਰ ਕਰਨਾ ਸਿੱਖ ਪੰਥ ਦੀ ਸੇਵਾ ਨਹੀਂ ?

ਸੰਨ 1946 ਵਿਚ ਵਿਸਾਖੀ 'ਤੇ ਆਪ ਹਜ਼ੂਰ ਸਾਹਿਬ ਗਏ ਤੇ ਵੇਖ ਕੇ ਹੈਰਾਨ ਹੋ ਗਏ ਕਿ ਪੁਜਾਰੀਆਂ ਨੇ ਵਣਜਾਰਿਆਂ ਨੂੰ ਪੰਗਤ ਵਿਚ ਨਹੀਂ ਬੈਠਣ ਦਿੱਤਾ। ਸੰਤ ਪ੍ਰੇਮ ਸਿੰਘ ਨੇ ਪੁਜਾਰੀਆਂ ਨੂੰ ਗੁਰਮਤਿ ਯਾਦ ਕਰਾਈ ਤੇ ਕਿਹਾ ਕਿ ਪੰਗਤ ਨਿਰਾ ਭੁੱਖਿਆਂ ਦਾ ਪੇਟ ਭਰਨ ਲਈ ਨਹੀਂ ਸਗੋਂ ਸਭ ਨੂੰ ਬਰਾਬਰ ਕਰਨ ਵਾਸਤੇ ਹੈ, ਦਿਲੀ ਸਾਂਝ ਬਣਾਉਣ ਵਾਸਤੇ ਹੈ, ਇਹ ਤਾਂ ਛੂਤ-ਛਾਤ ਮਿਟਾਉਣ ਵਾਸਤੇ ਹੈ। ਤੁਸੀਂ ਪੰਗਤ ਵਿਚ ਵੀ ਛੂਤ-ਛਾਤ ਲਿਆ ਵਾੜੀ ਹੈ, ਇਹ ਠੀਕ ਨਹੀਂ। ਉਨ੍ਹਾਂ ਆਪ ਲੰਗਰ ਦਾ ਪ੍ਰਬੰਧ ਕੀਤਾ ਅਤੇ ਸਭ ਨੂੰ ਬਰਾਬਰ ਬਿਠਾ ਕੇ ਛਕਾ ਦਿੱਤਾ ਅਤੇ ਆਪ ਵੀ ਬੈਠੇ। ਜਦੋਂ ਸੰਤ ਜੀ ਆਪ ਬੈਠੇ ਤਾਂ ਸਾਰੇ ਪੁਜਾਰੀ ਵੀ ਬੈਠ ਗਏ ਅਤੇ ਸਭ ਨੇ ਗੁਰ-ਮਰਯਾਦਾ ਅਨੁਸਾਰ ਲੰਗਰ ਛਕਿਆ।

ਉੱਚੀਆਂ ਜਾਤਾਂ ਵਾਲੇ ਲੁਬਾਣਿਆਂ ਨਾਲ ਵਿਤਕਰਾ ਕਰਦੇ ਸਨ। ਲੁਬਾਣੇ ਆਪਣੇ ਤੋਂ ਛੋਟੀਆਂ ਜਾਤਾਂ ਨਾਲ ਵਿਤਕਰਾ ਕਰਦੇ ਸਨ। ਲੁਬਾਣੇ ਰਵਿਦਾਸੀਆਂ, ਮਜ਼ਹਬੀਆਂ ਨਾਲ ਬੈਠ ਕੇ ਨਹੀਂ ਸਨ ਖਾਂਦੇ। ਇਹ ਮਸਲਾ ਲੁਬਾਣੇ ਸਰਦਾਰਾਂ ਨੇ ਉਸ ਵਕਤ ਉਠਾਇਆ ਜਦੋਂ ਮੁਰਾਲੇ ਵਿਚ ਇਕ ਪਲਟਨ ਨੇ ਲੰਗਰ ਛਕਿਆ। ਸੰਤਾਂ ਸਭ ਨੂੰ ਇਕੱਠੇ ਛਕਾਇਆ ਤੇ ਕਿਹਾ ਇਹ ਵਿਤਕਰਾ ਅੱਗੋਂ ਲਈ ਆਰਮੀ ਵਿਚ ਬੰਦ ਕਰ ਦਿਓ। ਇਕੱਠੇ ਛਕਿਆ ਕਰੋ, ਸਿੱਖੀ ਦੇ ਪਿਆਰ ਨੂੰ ਸਮਝੋ ਤੇ ਜੀਵਨ ਵਿਚ ਨਿਭਾਓ। ਇਕ ਰਵਿਦਾਸੀਏ ਸਿੰਘ ਨੇ ਘਰ ਪਾਠ ਰਖਾਉਣਾ ਸੀ। ਲੁਬਾਣੇ ਸਿੰਘਾਂ ਕਿਹਾ ਕਿ ਅਸੀਂ ਤੇਰੇ ਘਰ ਪਾਠ ਸੁਣ ਲਵਾਂਗੇ ਪਰ ਲੰਗਰ ਨਹੀਂ ਛਕਣਾ। ਉਸ ਨੇ ਸੰਤ ਪ੍ਰੇਮ ਸਿੰਘ ਨੂੰ ਬੇਨਤੀ ਕੀਤੀ, ਸੰਤ ਆਏ, ਉਨ੍ਹਾਂ ਲੰਗਰ ਛਕਿਆ, ਫਿਰ ਉਨ੍ਹਾਂ ਨਾਲ ਬਾਕੀ ਸਾਰਿਆਂ ਨੂੰ ਛਕਣਾ ਹੀ ਪਿਆ। ਇਕ ਛੂਤ-ਛਾਤ ਦੀ ਦੀਵਾਰ ਸੰਤਾਂ ਨੇ ਗਿਰਾ ਦਿੱਤੀ। ਅੱਗੋਂ ਲਈ ਸਾਰਿਆਂ ਦਾ ਖਾਣਾ-ਪੀਣਾ ਸਾਂਝਾ ਹੋ ਗਿਆ ਸੀ। ਇਹ ਘਟਨਾ ਮਿੰਟਗੁਮਰੀ ਦੇ ਚੱਕ 243 ਵਿਚ ਹੋਈ ਸੀ। ਮੇਰੇ ਲਿਖਣ ਤੋਂ ਭਾਵ ਹੈ ਕਿ ਕਿਸੇ ਬਰਾਦਰੀ ਦੇ ਬੰਦੇ ਨੂੰ ਕੋਈ ਅੰਮ੍ਰਿਤਪਾਨ ਕਰਾਉਂਦਾ ਹੈ ਉਸਨੂੰ ਗੁਰਮਤਿ ਦੀ ਸੋਝੀ ਦੇ ਕੇ ਸਿੱਖੀ ਦ੍ਰਿੜ੍ਹ ਕਰਾਉਂਦਾ ਹੈ ਤਾਂ

ਕੀ ਇਹ ਪੰਥ ਦੀ ਸੇਵਾ ਨਹੀਂ ?

ਇਕ ਕਹਾਵਤ ਹੈ ਕਿ ਪੈਗੰਬਰ ਆਪਣੇ ਨਗਰ ਵਿਚ ਨਹੀਂ ਪੂਜਿਆ ਜਾਂਦਾ। ਉਸਦਾ ਕਾਰਨ ਇਕ ਹੀ ਹੈ ਕਿ ਜਿਨ੍ਹਾਂ ਲੋਕਾਂ ਦੇ ਸਾਹਮਣੇ ਬਚਪਨ ਵਿਚ ਜ਼ਮੀਨ 'ਤੇ ਰਿੜ੍ਹਿਆ ਹੁੰਦਾ ਹੈ ਉਨ੍ਹਾਂ ਨੂੰ ਭਰੋਸਾ ਨਹੀਂ ਆਉਂਦਾ ਕਿ ਇਹ ਬੰਦਾ ਜੋ ਕੱਲ੍ਹ ਗੋਡਿਆਂ ਭਾਰ ਜ਼ਮੀਨ 'ਤੇ ਰਿੜ੍ਹਦਾ ਸੀ, ਅੱਜ ਆਕਾਸ਼ 'ਤੇ ਕਿਵੇਂ ਉੱਡ ਸਕਦਾ ਹੈ। ਬਚਪਨ ਦੀਆਂ ਹਰ ਬੰਦੇ ਦੀਆਂ ਕੁੱਝ ਗ਼ਲਤੀਆਂ ਹੁੰਦੀਆਂ ਹਨ ਅਤੇ ਨਗਰ ਦੇ ਬੱਚੇ-ਬੱਚੇ ਨੂੰ ਉਹ ਯਾਦ ਹੁੰਦੀਆਂ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਹਰ ਚੋਰ ਦਾ ਕੋਈ ਭਵਿੱਖ ਹੁੰਦਾ ਹੈ ਅਤੇ ਹਰ ਸੰਤ ਦਾ ਕੋਈ ਅਤੀਤ ਹੁੰਦਾ ਹੈ।

ਪਰ ਸੰਤ ਪ੍ਰੇਮ ਸਿੰਘ ਦਾ ਬਚਪਨ ਐਸਾ ਸੀ ਕਿ ਨਗਰ ਨਿਵਾਸੀ ਉਨ੍ਹਾਂ ਨੂੰ ਜਦੋਂ ਯਾਦ ਕਰਦੇ ਸਨ ਤਾਂ ਉਨ੍ਹਾਂ ਦੀਆਂ ਖ਼ੂਬੀਆਂ ਨੂੰ ਯਾਦ ਕਰਦੇ ਸਨ। ਜਦੋਂ ਸੰਤ ਪ੍ਰੇਮ ਸਿੰਘ ਮੁਰਾਲੇ ਡੇਰੇ ਦੇ ਮੁਖੀ ਬਣ ਗਏ ਤਾਂ ਪਿੰਡ ਖੋੜੀ ਦੂਨਾ ਸਿੰਘ ਵਾਲਿਆਂ ਨੂੰ ਤਾਂ ਏਨਾ ਚਾਅ ਚੜ੍ਹ ਗਿਆ ਕਿ ਉਹ ਫੁੱਲੇ ਨਹੀਂ ਸਨ ਸਮਾਉਂਦੇ। ਉਨ੍ਹਾਂ ਦੇ ਮਨ ਵਿਚ ਇਕੋ ਤੜਫ ਤਾਂਘ ਸੀ ਕਿ ਸੰਤ ਪ੍ਰੇਮ ਸਿੰਘ ਕਦੋਂ ਨਗਰ ਵਿਚ ਆਉਣ। ਵਾਰ-ਵਾਰ ਸੰਗਤ ਜਾ ਕੇ ਬੇਨਤੀ ਕਰਦੀ ਸੀ ਕਿ ਤੁਸੀਂ ਨਗਰ ਵਿਚ ਚਰਨ ਪਾਉ। ਸੰਤ ਪ੍ਰੇਮ ਸਿੰਘ ਹੋਰਾਂ ਦਾ ਟਾਈਮ ਬੜਾ ਕੀਮਤੀ ਸੀ। ਉਨ੍ਹਾਂ ਦੀ ਸ਼ਰਤ ਇਕ ਹੀ ਸੀ ਕਿ ਜਿਸ ਭਾਵਨਾ ਨੂੰ ਲੈ ਕੇ ਤੁਸੀਂ ਆਏ ਹੋ, ਮੈਂ ਤੁਹਾਡੀ ਕਦਰ ਕਰਦਾ ਹਾਂ। ਉਹ ਭਾਵਨਾ ਹੈ ਕਿ ਅਸੀਂ ਇਕ ਨਗਰ ਦੇ ਹਾਂ। ਪਰ ਮੈਂ ਆਪਨੂੰ ਗੁਰਮਤਿ ਨਗਰੀ ਜਿਸ ਵਿਚ ਅੱਜ ਮੈਂ ਵੱਸਦਾ ਹਾਂ, ਇਸ ਨਗਰੀ ਦਾ ਵਾਸੀ ਬਣਾਉਣਾ ਚਾਹੁੰਦਾ ਹਾਂ। ਜੇ ਤੁਸੀਂ ਅੰਮ੍ਰਿਤਪਾਨ ਕਰਨ ਲਈ ਮਨ ਬਣਾ ਲਉ। ਵਿਹਾਰ ਸੁਧਾਰਨ ਦੀ ਗੱਲ ਮੰਨ ਲਵੋ ਤਾਂ ਮੈਨੂੰ ਆਉਣ ਲਈ ਕੋਈ ਇਤਰਾਜ਼ ਨਹੀਂ। ਫਿਰ ਤੁਹਾਡਾ ਦਿੱਤਾ ਸਨਮਾਨ ਵੀ ਮੈਨੂੰ ਪ੍ਰਵਾਨ ਹੈ।

ਖੋੜੀ ਨਗਰ ਸਰਦਾਰ ਦੂਨਾ ਸਿੰਘ ਲੁਬਾਣੇ ਨੇ ਵਸਾਇਆ ਸੀ। ਇਹ ਦੂਨਾ ਸਿੰਘ ਮਹਾਰਾਜੇ ਰਣਜੀਤ ਸਿੰਘ ਦੀ ਫ਼ੌਜ ਵਿਚ ਜਰਨੈਲ ਸਿੰਘ ਸੀ ਜਿਸਨੂੰ ਮਹਾਰਾਜਾ ਸਾਹਿਬ ਨੇ ਬੜੀ ਵੱਡੀ ਜਾਗੀਰ ਦਿੱਤੀ ਸੀ। ਇਹੋ ਖੋੜੀ ਦੂਨਾ ਸਿੰਘ ਸੰਤ ਪ੍ਰੇਮ ਸਿੰਘ ਦਾ ਜਨਮ ਅਸਥਾਨ ਸੀ। ਖੋੜੀ ਨਿਵਾਸੀ ਸੰਗਤ ਨੇ ਖਿੜੇ ਮੱਥੇ ਕਿਹਾ ਤੁਸੀਂ ਜੋ ਹੁਕਮ ਕਰੋਗੇ ਸਾਨੂੰ ਸਿਰ ਮੱਥੇ 'ਤੇ ਪ੍ਰਵਾਨ ਹੈ। 7 ਮਾਰਚ, ਸੰਨ 1912 ਨੂੰ ਖੋੜੀ ਪਿੰਡ ਪੁੱਜੇ ਆਪ ਦੀ ਉਮਰ ਉਸ ਵੇਲੇ 25 ਸਾਲ ਸੀ। ਉਨ੍ਹਾਂ ਦੇ ਨਾਲ ਸੰਤ ਭਾਗ ਸਿੰਘ, ਸੰਤ ਮੰਨਾ ਸਿੰਘ, ਬਾਬਾ ਜੈ ਸਿੰਘ, ਭਗਤ ਸਰਦਾਰ ਸਿੰਘ, ਭਾਈ ਨਿਹਾਲ ਸਿੰਘ ਸਨ।

ਏਥੇ ਮਹਾਨ ਦੀਵਾਨ ਸੱਜੇ ਅਤੇ ਨੇੜੇ ਦੇ ਪਿੰਡ ਪੈਰੋਸ਼ਾਹ, ਭਖੜੇਆਲੀ,

ਕੁਆਂਖ, ਬਜ਼ੁਰਗਵਾਲ ਆਦਿ ਪਿੰਡਾਂ ਦੀ ਸੰਗਤ ਇਕੱਠੀ ਹੋਈ ਸੀ। ਸੰਤਾਂ ਨੇ ਜਦੋਂ ਉਸ ਵੇਲੇ ਦੀ ਨਿਘਰੀ ਹੋਈ ਹਾਲਤ ਨੂੰ ਵੇਖਿਆ ਤਾਂ ਲੋਕਾਂ ਨੂੰ ਇਕ ਗੱਲ ਕਹੀ ਕਿ ਜੀਵਨ ਦਾ ਮਾਰਗ ਠੀਕ ਹੋ ਜਾਏ ਤਾਂ ਸੁਖੀ ਜੀਵਨ ਦੀ ਆਸ ਹੋ ਸਕਦੀ ਹੈ। ਤੁਸੀਂ ਪਹਿਲਾ ਕੰਮ ਇਹ ਕਰੋ ਕਿ ਗੁਰੂ ਦੇ ਲੜ ਲੱਗੋ, ਸਿੰਘ ਸੱਜ ਜਾਵੋ, ਤੁਹਾਡੀਆਂ ਬੁਰਾਈਆਂ ਮੁੱਕ ਜਾਣਗੀਆਂ, ਗੁਣ ਤੁਹਾਡੇ ਵਿਚ ਆ ਜਾਣਗੇ, ਸੁਖੀ ਹੋ ਜਾਓਗੇ। ਤੁਸੀਂ ਮਨੁੱਖ ਹੋ ਕੇ ਪਸ਼ੂਆਂ ਤੋਂ ਬੁਰਾ ਜੀਵਨ ਬਤੀਤ ਕਰ ਰਹੇ ਹੋ। ਆਪਣੀ ਕਮਾਈ ਤੋਂ ਇਲਾਵਾ ਕਰਜ਼ਾ ਚੁੱਕ ਕੇ ਤੁਸੀਂ ਝਗੜਿਆਂ 'ਤੇ ਲਗਾ ਰਹੇ ਹੋ। ਸ਼ਰਾਬ ਨੇ ਤੁਹਾਡੀ ਮੱਤ ਮਾਰ ਲਈ ਹੈ। ਮੈਂ ਗੁਰੂ ਦੇ ਹੁਕਮ ਅਨੁਸਾਰ ਤੁਹਾਨੂੰ ਸਤਿਗੁਰੂ ਦੇ ਲੜ ਲਾਉਣ ਆਇਆ ਹਾਂ। ਤੁਸੀਂ ਜੇ ਸਮਝ ਲਿਆ ਕਿ ਸਾਡੇ ਨਗਰ ਦਾ ਪ੍ਰੇਮਾ ਆਇਆ ਹੈ ਤਾਂ ਤੁਸੀਂ ਕੁੱਝ ਵੀ ਨਾ ਲਿਆ। ਪਰ ਜੇ ਤੁਸੀਂ ਸਮਝ ਲਿਆ ਕਿ ਸਤਿਗੁਰੂ ਦਾ ਹੁਕਮ ਲੈ ਕੇ ਸਾਨੂੰ ਜੋੜਨ ਲਈ ਕੋਈ ਗੁਰੂ ਦਾ ਸੇਵਕ ਆਇਆ ਹੈ ਤਾਂ ਤੁਹਾਨੂੰ ਕੁੱਝ ਪ੍ਰਾਪਤੀ ਹੋ ਸਕਦੀ ਹੈ।

ਇਨ੍ਹਾਂ ਬਚਨਾਂ ਦਾ ਜਾਦੂਈ ਅਸਰ ਹੋਇਆ ਤੇ ਹਜ਼ਾਰਾਂ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਪਹਿਰਾਵੇ ਵਿਚ ਸੁਧਾਰ ਹੋਇਆ। ਘਰ-ਘਰ ਵਿਚ ਬਾਣੀ ਦੇ ਗੁਟਕੇ ਮਿਲਦੇ ਸਨ। ਸੰਤ ਪ੍ਰੇਮ ਸਿੰਘ ਜਿਸ ਨਗਰ ਵਿਚ ਅੰਮ੍ਰਿਤ ਪ੍ਰਚਾਰ ਕਰਨ ਜਾਂਦੇ ਸਨ। ਉਸ ਤੋਂ ਬਾਅਦ ਘਰ-ਘਰ ਵਿਚ ਬਾਣੀ ਦੇ ਗੁਟਕੇ ਨਜ਼ਰ ਆਉਂਦੇ ਸਨ। ਖੇਤਾਂ ਵਿਚ ਕੰਮ ਕਰਦੇ ਕਾਮੇ ਕਕਾਰ ਧਾਰੀ ਨਜ਼ਰ ਆਉਂਦੇ ਸਨ। ਹੱਲ ਵਾਹੁੰਦੇ ਹੋਏ ਪ੍ਰੇਮੀ ਸੁਖਮਨੀ ਦਾ ਪਾਠ ਨਿਤਨੇਮ ਦਾ ਪਾਠ ਅੰਮ੍ਰਿਤ ਵੇਲੇ ਕਰਦੇ ਨਗਰਾਂ ਵਿਚ ਆਮ ਮਿਲਦੇ ਸਨ। ਖੋੜੀ ਵਿਚ ਜੋ ਸੰਤ ਪ੍ਰੇਮ ਸਿੰਘ ਦਾ ਪਿੰਡ ਸੀ ਇਸ ਪਿੰਡ ਵਿਚ 12 ਸਾਲ ਬਾਅਦ ਜਦੋਂ ਸੰਤ ਪ੍ਰੇਮ ਸਿੰਘ ਆਏ ਤਾਂ ਸੰਗਤਾਂ ਦਾ ਉਤਸ਼ਾਹ ਵੇਖਣ ਵਾਲਾ ਸੀ। ਸੰਗਤਾਂ ਦਾ ਇਕੱਠ ਇਕ ਹੜ੍ਹ ਦੀ ਤਰ੍ਹਾਂ ਸੀ ਅੱਜ ਪਤਾ ਲੱਗਾ ਕਿ ਸੱਚ, ਪਰਉਪਕਾਰ, ਸੇਵਾ ਦੀ ਹਰ ਥਾਂ ਕਦਰ ਹੈ। ਭਲੇ ਪੁਰਸ਼ ਆਪਣੇ ਨਗਰ ਵਿਚ ਵੀ ਸਤਿਕਾਰੇ ਜਾਂਦੇ ਹਨ। ਸਤਿਕਾਰ ਦੇ ਨਾਲ ਜੋ ਉਨ੍ਹਾਂ ਬਚਨ ਮੰਨ ਕੇ ਅੰਮ੍ਰਿਤਪਾਨ ਕੀਤਾ ਸੀ ਉਨ੍ਹਾਂ ਨੂੰ ਅੱਜ ਸਿੰਘ ਬਾਣੇ ਵਿਚ ਵੇਖ ਕੇ ਸੰਤ ਪ੍ਰੇਮ ਸਿੰਘ ਗੱਦ-ਗੱਦ ਹੋ ਰਹੇ ਸਨ।

ਸੰਨ 1907 ਵਿਚ ਉਹ ਮੁਰਾਲੇ ਡੇਰੇ ਦੇ ਮੁਖੀ ਥਾਪੇ ਗਏ। ਸੰਨ 1947 ਤਕ ਉਨ੍ਹਾਂ ਦਿਨ-ਰਾਤ ਇਕ ਕਰਕੇ ਜਿੱਥੇ ਸਮਾਜ ਸੁਧਾਰ ਕੀਤਾ, ਜਿੱਥੇ ਸਕੂਲ ਖੋਲ੍ਹੇ ਉੱਥੇ ਵੱਡੀ ਪੱਧਰ 'ਤੇ ਕਾਨਫ਼ਰੰਸਾਂ, ਬਹੁਤ ਵੱਡੇ ਇਕੱਠ ਕੀਤੇ। ਜਿੱਥੇ ਇਨ੍ਹਾਂ ਵਿਚ ਬਾਕੀ ਮਸਲੇ ਵਿਚਾਰੇ ਜਾਂਦੇ ਸਨ ਉੱਥੇ ਇਨ੍ਹਾਂ ਨੇ ਹਰ ਇਕੱਠ ਵਿਚ ਅੰਮ੍ਰਿਤ ਪ੍ਰਚਾਰ ਜ਼ਰੂਰ ਕੀਤਾ ਅਤੇ ਉਹ ਭਲੀ ਪ੍ਰਕਾਰ ਇਸ ਗੱਲ ਨੂੰ ਸਮਝਾਉਂਦੇ ਸਨ ਕਿ ਕੁੱਝ

ਵੀ ਹੋਰ ਬਣਨ ਤੋਂ ਪਹਿਲਾਂ ਹਰ ਵਿਅਕਤੀ ਦਾ ਸੱਚਾ-ਸੁੱਚਾ ਸਿੱਖ ਬਣਨਾ ਬੜਾ ਜ਼ਰੂਰੀ ਹੈ। ਅੰਮ੍ਰਿਤਪਾਨ ਕਰਾਉਣ ਲਗਿਆਂ ਉਨ੍ਹਾਂ ਪੰਥ ਪ੍ਰਵਾਨਤ ਰਹਿਤ ਮਰਯਾਦਾ ਨੂੰ ਪਹਿਲ ਦਿੱਤੀ ਸੀ। ਇਸ ਡੇਰੇ ਦੀ ਇਹ ਮਹਿਮਾ ਸਦਾ ਹੀ ਯਾਦ ਰਹੇਗੀ ਕਿ ਇਹ ਹਮੇਸ਼ਾ ਅਕਾਲ ਤਖ਼ਤ ਨਾਲ ਜੁੜਿਆ ਰਿਹਾ ਅਤੇ ਹੁਣ ਤੱਕ ਜੁੜਿਆ ਹੋਇਆ ਹੈ। ਸੰਤ ਪ੍ਰੇਮ ਸਿੰਘ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਹੋਣਾ ਅਤੇ ਬੀਬੀ ਜਗੀਰ ਕੌਰ ਜੋ ਇਸ ਡੇਰੇ ਦੇ ਮੁਖੀ ਹਨ, ਉਨ੍ਹਾਂ ਦਾ ਪਿੱਛੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਰਹਿਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਡੇਰਾ ਪੰਥਕ ਡੇਰਾ ਰਿਹਾ ਹੈ।

ਬਹੁਤ ਸਾਰੇ ਨਿਰਮਲੇ ਸਾਧੂ ਅੰਮ੍ਰਿਤਧਾਰੀ ਨਹੀਂ, ਕਈ ਤਾਂ ਕੱਪੜੇ ਵੀ ਭਗਵੇਂ ਰੱਖਦੇ ਹਨ। ਲੰਗੋਟ ਤੇ ਧੋਤੀ ਰੱਖਦੇ ਹਨ। ਇਕ ਵਾਰ ਹਰਦੁਆਰ ਇਕ ਨਿਰਮਲੇ ਸਾਧੂ ਨੇ ਸੰਤ ਪ੍ਰੇਮ ਸਿੰਘ ਨੂੰ ਕਿਹਾ ਸੀ, ਤੁਸੀਂ ਨਿਰਮਲੇ ਹੋ ਕੇ ਅੰਮ੍ਰਿਤਧਾਰੀ ਕਿਉਂ ਹੋ। ਨਿਰਮਲਾ ਸਾਧੂ ਵੇਸ ਵਿਚ ਹੀ ਸੋਭਦਾ ਹੈ। ਸਿਪਾਹੀ ਵੇਸ ਵਿਚ ਨਹੀਂ। ਸੰਤ ਪ੍ਰੇਮ ਸਿੰਘ ਜੀ ਨੇ ਉੱਤਰ ਦਿੱਤਾ ਸੀ ਕਿ ਸੰਤ ਜੀ ਤੁਸੀਂ ਭੁੱਲ ਗਏ ਹੋ ਨਿਰਮਲੇ ਵਿਦਵਾਨ ਅਖਵਾਉਣ ਵਾਲਿਆਂ ਨੂੰ ਅੰਮ੍ਰਿਤ ਦੇ ਦਾਤੇ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਬਨਾਰਸ ਪੜ੍ਹਨ ਵਾਸਤੇ ਭੇਜਿਆ ਸੀ। ਜਿਨ੍ਹਾਂ ਵਾਅਦਾ ਕੀਤਾ ਸੀ ਕਿ ਅਸੀਂ ਜਲਦੀ ਹੀ ਆ ਕੇ ਅੰਮ੍ਰਿਤਪਾਨ ਕਰਾਂਗੇ। ਆਪ ਸੰਸਕ੍ਰਿਤ ਪੜ੍ਹਕੇ ਆਵਾਂਗੇ ਅਤੇ ਸਿੱਖਾਂ ਨੂੰ ਪੜ੍ਹਾਵਾਂਗੇ। ਉਨ੍ਹਾਂ ਪੰਜਾਂ ਨੇ ਆ ਕੇ ਅੰਮ੍ਰਿਤਪਾਨ ਕੀਤਾ ਸੀ। ਉਨ੍ਹਾਂ ਦੇ ਨਾਂ ਸਨ—ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ। ਉਨ੍ਹਾਂ ਕਿਹਾ ਸੀ ਜੇ ਇਨ੍ਹਾਂ ਸੰਤਾਂ ਦਾ ਸਤਿਗੁਰੂ ਦੇ ਘਰ ਨਾਲ ਸੰਬੰਧ ਹੈ ਤਾਂ ਇਨ੍ਹਾਂ ਵਿਚ ਤੇ ਗੁਰੂ ਦੀ ਮਰਯਾਦਾ ਵਿਚ ਕੋਈ ਫਰਕ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਦੇ ਵਿਚਾਰ ਅਨੁਸਾਰ ਹਰ ਨਿਰਮਲਾ ਸੰਤ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ। ਹਰ ਉਦਾਸੀ ਸੰਤ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ।

ਜਿੱਥੇ ਤੱਕ ਹੋ ਸਕਿਆ ਉਨ੍ਹਾਂ ਦੀ ਪਹੁੰਚ ਹੋ ਸਕੀ ਤਨੋ ਮਨੋ ਉਨ੍ਹਾਂ ਸਿਰਤੋੜ ਯਤਨ ਕੀਤਾ ਕਿ ਉਨ੍ਹਾਂ ਦੇ ਸੰਪਰਕ ਵਿਚ ਆਏ ਪਰਿਵਾਰਾਂ ਵਿਚੋਂ ਇਕ ਵੀ ਬੇ-ਅੰਮ੍ਰਿਤੀਆ ਨਾ ਰਹਿ ਜਾਏ। ਉਨ੍ਹਾਂ ਬੱਚੇ ਤੋਂ ਲੈ ਕੇ ਬੁੱਢੇ ਤੱਕ ਹਰ ਇਕ ਨੂੰ ਪ੍ਰੇਰਨਾ ਦਿੱਤੀ। ਬੱਚਿਆਂ ਨੂੰ, ਜਵਾਨਾਂ ਨੂੰ ਸਮਝਾਉਣਾ ਤਾਂ ਉਨ੍ਹਾਂ ਨੂੰ ਮੁਸ਼ਕਿਲ ਨਾ ਪਿਆ ਪਰ ਉਹ ਬੁੱਢੇ ਜਿਨ੍ਹਾਂ ਦੀ ਨਾੜ-ਨਾੜ ਵਿਚ ਤਮਾਕੂ ਤੇ ਸ਼ਰਾਬ ਭਰੀ ਪਈ ਸੀ, ਜਿਨ੍ਹਾਂ ਦਾ ਰੋਮ-ਰੋਮ ਨਿਕੋਟੀਨ ਦਾ ਆਦੀ ਹੋ ਚੁੱਕਾ ਸੀ, ਉਨ੍ਹਾਂ ਨਾਲ ਬੜੀ ਮਿਹਨਤ ਕਰਨੀ ਪਈ। ਉਨ੍ਹਾਂ ਦੀਆਂ ਹੁੱਕੀਆਂ ਤੋੜਨੀਆਂ ਪਈਆਂ। ਇਹ ਕੰਮ ਬੜਾ ਔਖਾ ਸੀ ਪਰ ਉਨ੍ਹਾਂ ਨੇ ਇਸ ਵਿਚ ਸਫ਼ਲਤਾ ਪ੍ਰਾਪਤ ਕੀਤੀ।

ਜਿਨ੍ਹਾਂ ਪ੍ਰਚਾਰਕਾਂ ਦੇ ਸਾਹਮਣੇ ਇਹ ਮੁਸ਼ਕਿਲ ਆਈ ਹੈ ਉਨ੍ਹਾਂ ਨੂੰ ਪਤਾ ਹੈ ਕਿ ਗੁਰਮੁਖ ਗੁਰਸਿੱਖਾਂ ਨੂੰ ਕਥਾ ਕੀਰਤਨ ਸੁਣਾ ਲੈਣਾ ਸੌਖਾ ਹੈ। ਵਾਹਿਗੁਰੂ ਨਾ ਕਰੇ ਕਿਤੇ ਕਿਸੇ ਮਨਮੁਖ ਨਾਲ ਵਾਹ ਪੈ ਜਾਵੇ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਸਮਝਾਉਣਾ ਕਿੰਨਾ ਮੁਸ਼ਕਿਲ ਹੈ, ਉਹ ਅੱਗੋਂ ਗੱਲ ਉਲਟੀ ਕਰਦੇ ਸਨ, ਬੜਾ ਘਟੀਆ ਬੋਲਦੇ ਸਨ। ਪਰ ਸੰਤ ਪ੍ਰੇਮ ਸਿੰਘ ਉਨ੍ਹਾਂ ਦਾ ਪਿੱਛਾ ਉਦੋਂ ਤੱਕ ਨਹੀਂ ਸਨ ਛੱਡਦੇ ਜਦੋਂ ਤਕ ਅੰਮ੍ਰਿਤ ਨਾ ਛਕਾ ਲੈਣ। ਅੱਗੋਂ ਇਕ ਰੁਕਾਵਟ ਹੋਰ ਆ ਰਹੀ ਸੀ, ਕਿ ਜੇ ਸੰਤਾਂ ਦੇ ਪ੍ਰਭਾਵ ਕਰਕੇ ਉਹ ਅੰਮ੍ਰਿਤਪਾਨ ਕਰ ਵੀ ਲੈਣ ਤਾਂ ਕੀ ਗੁਰਮਤਿ ਗਿਆਨ ਤੋਂ ਬਿਨਾਂ ਬਾਣੀ ਅਤੇ ਸਿੱਖ ਇਤਿਹਾਸ ਦੀ ਸੋਝੀ ਬਿਨਾਂ ਕੀ ਉਹ ਸਿੱਖੀ ਨਿਭਾ ਸਕਣਗੇ ਕਿ ਨਹੀਂ। ਉਹ ਕਿਰਤੀ ਲੋਕ ਸਾਰੇ ਦੇ ਸਾਰੇ ਕਿਸੇ ਵਿਦਿਆਲੇ ਵਿਚ ਜਿਵੇਂ ਮੁਰਾਲਾ ਸੀ, ਜਾ ਕੇ ਧਾਰਮਿਕ ਵਿੱਦਿਆ ਵੀ ਨਹੀਂ ਸਨ ਪੜ੍ਹ ਸਕਦੇ, ਉਨ੍ਹਾਂ ਕੋਲ ਸਮਾਂ ਨਹੀਂ ਸੀ। ਉਨ੍ਹਾਂ ਦਾ ਇਲਾਜ ਇਕ ਹੀ ਸੀ ਕਿ ਨਗਰ-ਨਗਰ ਸਕੂਲ ਖੋਲ੍ਹੇ ਜਾਣ। ਬੱਚੇ ਪੜ੍ਹ ਜਾਣ ਅਤੇ ਅਗਲੀ ਪਨੀਰੀ ਜਿੱਥੇ ਅਰਥਚਾਰੇ ਵਿਚ ਖੁਸ਼ਹਾਲ ਹੋਵੇਗੀ, ਉੱਥੇ ਅੱਖਰ ਗਿਆਨ ਹੋਣ ਕਰਕੇ ਧਾਰਮਿਕ ਵਿੱਦਿਆ ਦੀ ਸਟੱਡੀ ਵੀ ਕਰ ਸਕੇਗੀ। ਵਿੱਦਿਆ ਦੀ ਕਦਰ ਸੰਤ ਪ੍ਰੇਮ ਸਿੰਘ ਜੀ ਦੇ ਮਨ ਵਿਚ ਕਿੰਨੀ ਕੁ ਸੀ ਇਸਦਾ ਪਤਾ ਉਨ੍ਹਾਂ ਦੇ ਕੀਤੇ ਉਪਰਾਲੇ ਤੋਂ ਲਗਦਾ ਹੈ, ਜੋ ਉਨ੍ਹਾਂ ਨੇ ਸਕੂਲ ਖੋਲ੍ਹਣ ਵਾਸਤੇ ਕੀਤਾ ਸੀ।

ਉਨ੍ਹਾਂ ਦਾ ਵਿੱਦਿਆ ਵਾਸਤੇ ਯਤਨ ਬੜਾ ਸਫਲ ਹੋਇਆ। ਉਨ੍ਹਾਂ ਕਾਫ਼ੀ ਪ੍ਰਾਇਮਰੀ ਸਕੂਲ, ਕੁੱਝ ਮਿਡਲ ਸਕੂਲ ਅਤੇ ਕੁੱਝ ਹਾਈ ਸਕੂਲ ਵੀ ਖੋਲ੍ਹੇ, ਉਨ੍ਹਾਂ ਦਾ ਕੁੱਝ ਕੁ ਵੇਰਵਾ ਇਸ ਪ੍ਰਕਾਰ ਹੈ—

1. ਸਭ ਤੋਂ ਪਹਿਲਾਂ ਉਨ੍ਹਾਂ ਟਾਂਡਾ ਹਾਈ ਸਕੂਲ ਖੋਲ੍ਹਿਆ, ਬੜੀਆਂ ਮੁਸ਼ਕਿਲਾਂ ਆਈਆਂ ਪਰ ਟਲ ਗਈਆਂ।

2. ਉਨ੍ਹਾਂ ਨੇ 1944 ਵਿਚ ਬਾਬਕਵਾਲ ਵਿਖੇ ਹਾਈ ਸਕੂਲ ਖੋਲ੍ਹਿਆ ਜੋ ਅੱਜ ਕੱਲ੍ਹ ਮੁਕੇਰੀਆਂ ਵਿਚ ਹੈ।

3. ਖੋੜੀ ਦੁਨਾ ਸਿੰਘ ਵਿਚ 1945 ਵਿਚ ਹਾਈ ਸਕੂਲ ਖੋਲ੍ਹਿਆ ਜੋ ਹੁਣ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਵਿਖੇ ਮੌਜੂਦ ਹੈ।

4. ਸੰਨ 1946 ਵਿਚ ਪਿੰਡ ਭਟਨੂਰਾ, ਜ਼ਿਲ੍ਹਾ ਜਲੰਧਰ ਵਿਚ ਹਾਈ ਸਕੂਲ ਖੋਲ੍ਹਿਆ ਗਿਆ।

5. ਪਿੰਡ ਨੰਗਲ ਲੁਬਾਣਾ, ਜ਼ਿਲ੍ਹਾ ਕਪੂਰਥਲਾ ਵਿਚ ਹਾਈ ਸਕੂਲ ਖੋਲ੍ਹਿਆ ਗਿਆ ਸੀ।

ਇਸ ਤੋਂ ਇਲਾਵਾ ਕਾਫ਼ੀ ਮਿਡਲ ਸਕੂਲ ਤੇ ਕਾਫ਼ੀ ਪ੍ਰਾਇਮਰੀ ਸਕੂਲ ਖੋਲ੍ਹੇ

ਗਏ ਸੰਨ। ਪ੍ਰੋਫ਼ੈਸਰ ਹਕਸਲੇ ਸਿਰਫ਼ ਛੋਟੇ ਬੱਚਿਆਂ ਲਈ ਮੁੱਢਲੇ ਕਾਇਦੇ ਹੀ ਲਿਖਦਾ ਸੀ। ਕਿਸੇ ਪੁੱਛਿਆ ਕਿ ਤੂੰ ਵੱਡੀਆਂ ਕਿਤਾਬਾਂ ਕਿਉਂ ਨਹੀਂ ਲਿਖਦਾ। ਉਹ ਕਹਿਣ ਲੱਗੇ ਕਿ ਕਾਇਦੇ ਵੱਡੀਆਂ ਕਿਤਾਬਾਂ ਦੀ ਜੜ੍ਹ ਹਨ। ਸਾਰੀ ਵਿੱਦਿਆ ਜਾਂ ਵੱਡੀਆਂ ਕਿਤਾਬਾਂ ਕਾਇਦਿਆਂ ਵਿਚੋਂ ਹੀ ਨਿਕਲਦੀਆਂ ਹਨ। ਅਜੇ ਉਹ ਬੰਦੇ ਜਿਊਂਦੇ ਹਨ ਜਿਨ੍ਹਾਂ ਨੂੰ ਪਤਾ ਹੈ ਕਿ ਸੰਤ ਪ੍ਰੇਮ ਸਿੰਘ ਬੱਚਿਆਂ ਨੂੰ ਉਨ੍ਹਾਂ ਦੀਆਂ ਪੋਚੀਆਂ ਪੱਟੀਆਂ 'ਤੇ ਪੈਨਸਿਲਾਂ ਨਾਲ ਆਪ ਪੂਰਨੇ ਪਾ ਕੇ ਦੇਂਦੇ ਹੁੰਦੇ ਸਨ ਅਤੇ ਬੱਚਿਆਂ ਦੇ ਝੁਰਮਟ ਤੋਂ ਉਹ ਕਦੀ ਨਹੀਂ ਸਨ ਖਿੱਝਦੇ। ਅਤੇ ਪੂਰਨੇ ਪਾਉਣ ਵੇਲੇ ਉਹ ਇੰਨੇ ਪ੍ਰਸੰਨ ਦਿਸਦੇ ਸਨ, ਉਨ੍ਹਾਂ ਦਾ ਚਿਹਰਾ ਕੰਵਲ ਫੁੱਲ ਵਾਂਗ ਖਿੜਿਆ ਦਿੱਸਦਾ ਸੀ, ਸ਼ਾਇਦ ਪੂਰਨੇ ਪਾਉਣ ਲੱਗੇ ਉਹ ਸਮਝਦੇ ਸਨ ਕਿ ਮੈਂ ਵਿੱਦਿਆ ਦੀ ਜੜ੍ਹ ਲਾ ਰਿਹਾ ਹਾਂ। ਉਹ ਕਹਿੰਦੇ ਸਨ ਕਿ ਖਿਝਣ ਵਾਲੇ ਮਾਸਟਰ ਨੂੰ ਕੋਈ ਹੋਰ ਕੰਮ ਕਰ ਲੈਣਾ ਚਾਹੀਦਾ ਹੈ।

ਵਿੱਦਿਆ ਦਾਤਾ ਬੜਾ ਧੀਰਜ ਵਾਲਾ ਚਾਹੀਦਾ ਹੈ ਉਹ ਐਸੀ ਦਾਤ ਵੰਡ ਰਿਹਾ ਹੈ ਜੋ ਮਨੁੱਖਤਾ ਦੀ ਥੰਮ੍ਹੀ ਹੈ। ਸਾਰੇ ਸਿਆਣੇ ਇਸ ਗੱਲ ਨਾਲ ਸਹਿਮਤ ਹਨ ਕਿ ਵਿੱਦਿਆ ਹੀਣ ਮਨੁੱਖ ਅਤੇ ਪਸ਼ੂ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ ਅਤੇ ਵਿੱਦਿਆ ਹੀ ਤੀਸਰਾ ਨੇਤ੍ਰ ਹੈ।

ਦੁਈ ਦੁਈ ਲੋਚਨ ਸਰਵੈਣੀ
ਵਿਦਵਾਨਾਂ ਤ੍ਰੈਈ ਲੋਚਨਾਂ।

ਜਿਹੜੇ ਵਿਦੇਸ਼ੀ ਹੁਕਮਰਾਨ ਇਸ ਭੇਦ ਨੂੰ ਸਮਝਦੇ ਹਨ ਕਿ ਕਿਸੇ ਕੌਮ ਨੂੰ ਜਾਨੋਂ ਮਾਰਨ ਦੀ ਲੋੜ ਨਹੀਂ, ਉਨ੍ਹਾਂ ਨੂੰ ਗ਼ੁਲਾਮ ਬਣਾਉਣ ਲਈ ਉਨ੍ਹਾਂ ਵਿਚੋਂ ਵਿਦਵਾਨ ਮਾਰਨ ਦੀ ਲੋੜ ਹੈ। ਅਨਪੜ੍ਹ ਰਹਿਣ ਦਿਓ। ਵਿਦਵਾਨ ਮਾਰਨ ਨਾਲ ਉਹ ਨਿਖਸਮੇ ਹੋ ਜਾਣਗੇ, ਉਨ੍ਹਾਂ ਨੂੰ ਕੋਈ ਨਹੀਂ ਪੜ੍ਹਾਏਗਾ, ਉਹ ਧਿਰ ਧਿਰ ਦੇ ਗ਼ੁਲਾਮ ਹੋ ਜਾਣਗੇ।

ਮੈਂ ਸੁਣਿਆ ਹੈ ਇਕ ਬਾਣੀਏ ਕੋਲ ਕੋਈ ਚਿੱਠੀ ਲਿਖਾਉਣ ਵਾਸਤੇ ਗਿਆ। ਬਾਣੀਏ ਨੇ ਪੁੱਛਿਆ ਕਿ ਕਿਸਨੂੰ ਭੇਜਣੀ ਹੈ। ਲਿਖਾਉਣ ਵਾਲੇ ਨੇ ਕਿਹਾ ਇਥੋਂ 10 ਕੋਹ 'ਤੇ ਮੇਰੀ ਲੜਕੀ ਵਿਆਹੀ ਹੈ ਉਸਨੂੰ ਭੇਜਣੀ ਹੈ। ਬਾਣੀਏ ਨੇ ਕਿਹਾ ਮੈਂ ਨਹੀਂ ਲਿਖ ਸਕਦਾ, ਮੇਰੇ ਪੈਰ ਵਿਚ ਦਰਦ ਹੈ। ਜ਼ਿਮੀਂਦਾਰ ਹੈਰਾਨ ਹੋਇਆ, ਚਿੱਠੀ ਹੱਥ ਨਾਲ ਲਿਖਣੀ ਹੈ ਜਾਂ ਪੈਰ ਨਾਲ। ਬਾਣੀਆ ਕਹਿਣ ਲੱਗਾ, ਅਸਲ ਵਿਚ ਏਥੋਂ ਲੈ ਕੇ ਤੇਰੀ ਲੜਕੀ ਦੇ ਪਿੰਡ ਤਕ ਕੋਈ ਪੜ੍ਹਿਆ ਬੰਦਾ ਨਹੀਂ। ਇਹ ਚਿੱਠੀ ਲਿਖਣੀ ਵੀ ਮੈਨੂੰ ਹੀ ਪਵੇਗੀ ਅਤੇ ਪੜ੍ਹਨ ਵਾਸਤੇ ਵੀ ਮੈਨੂੰ ਹੀ ਜਾਣਾ ਪਵੇਗਾ।

ਏਨੀ ਅਨਪੜ੍ਹਤਾ ਸੀ ਇਸ ਅਨਪੜ੍ਹਤਾ ਦੀ ਜ਼ਿੰਮੇਵਾਰ ਬ੍ਰਾਹਮਣ ਸ਼੍ਰੇਣੀ ਹੈ ਜਿਨ੍ਹਾਂ ਨੇ ਆਮ ਲੋਕਾਂ ਲਈ ਵਿੱਦਿਆ ਦੇ ਦਰਵਾਜ਼ੇ ਬੰਦ ਕਰ ਦਿੱਤੇ ਸਨ। ਪੜ੍ਹਾਈ ਤਾਂ ਬਾਣੀਆਂ ਦੇ ਪਾਸ ਸੀ ਉਹ ਵੀ ਲੰਡੇ। ਸੰਸਕ੍ਰਿਤ ਬ੍ਰਾਹਮਣ ਕਿਸੇ ਨੂੰ ਪੜ੍ਹਨ ਹੀ ਨਹੀਂ ਦੇਂਦਾ ਸੀ। ਰਹਿੰਦੀ ਕਸਰ ਔਰੰਗਜ਼ੇਬ ਨੇ ਪੂਰੀ ਕਰ ਦਿੱਤੀ। ਹਿੰਦੁਸਤਾਨੀਆਂ ਲਈ ਉਸਨੇ ਵਿੱਦਿਆ ਦੇ ਦਰਵਾਜ਼ੇ ਬੰਦ ਕਰ ਦਿੱਤੇ। ਹਿੰਦੂਆਂ ਦੇ ਜਿੰਨੇ ਵਿਦਿਆਲੇ ਸਨ, ਜਿੰਨੀਆਂ ਪਾਠਸ਼ਾਲਾਵਾਂ ਸਨ, ਉਹ ਔਰੰਗਜ਼ੇਬ ਨੇ ਬੰਦ ਕਰਵਾ ਦਿੱਤੀਆਂ। ਆਖਰ ਬਾਦਸ਼ਾਹ ਨੇ ਹੀ ਪਿੰਡਾਂ ਨੂੰ ਸਕੂਲ ਦੇਣੇ ਹੁੰਦੇ ਹਨ। ਲੋਕਾਂ ਨੂੰ ਪੜ੍ਹਾਉਣਾ ਹੁੰਦਾ ਹੈ। ਵੈਸੇ ਧਿਆਨ ਨਾਲ ਵੇਖੀਏ ਤਾਂ ਆਪਣੇ ਆਪ ਕੋਈ ਪੜ੍ਹਨ ਵਾਸਤੇ ਤਿਆਰ ਨਹੀਂ ਹੁੰਦਾ। ਕਿਹੜਾ ਬੱਚਾ ਖ਼ੁਸ਼ੀ ਨਾਲ ਪੜ੍ਹਨ ਜਾਂਦਾ ਹੈ, ਸਭ ਰੋਂਦੇ ਧੋਂਦੇ ਹੀ ਜਾਂਦੇ ਹਨ। ਮਾਵਾਂ ਰੋਂਦਿਆਂ ਬੱਚਿਆਂ ਨੂੰ ਜ਼ਬਰਦਸਤੀ ਸਕੂਲ ਛੱਡ ਆਉਂਦੀਆਂ ਹਨ।

ਮੈਨੂੰ ਇਕ ਸੱਜਣ ਨੇ ਦੱਸਿਆ ਸੀ ਕਿ ਯੂ. ਕੇ. ਵਿਚ ਹਰ ਬੱਚੇ ਨੂੰ ਮੈਟਰਿਕ ਤਾਂ ਹੁਕਮਨ ਕਰਨੀ ਹੀ ਪਵੇਗੀ। ਦਸ ਜਮਾਤਾਂ ਪੜ੍ਹਨੀਆਂ ਹੀ ਪੈਣਗੀਆਂ। ਅੱਗੋਂ ਉਸਨੇ ਪੜ੍ਹਨਾ ਹੈ ਤਾਂ ਪੜ੍ਹੇ ਨਹੀਂ ਤਾਂ ਅੱਗੋਂ ਉਸਦੀ ਮਰਜ਼ੀ। ਇੰਗਲੈਂਡ ਵਾਲਿਆਂ ਨੂੰ ਅਨਪੜ੍ਹਤਾ ਪਸੰਦ ਨਹੀਂ ਇਸ ਲਈ ਉਨ੍ਹਾਂ ਦਾ ਇਹ ਕਾਨੂੰਨ ਹੈ। ਔਰੰਗਜ਼ੇਬ ਨੇ ਨਵੇਂ ਮਦਰੱਸੇ ਖੋਲ੍ਹੇ ਸਨ। ਪਰ ਉਥੇ ਮੁਸਲਮਾਨ ਹੀ ਪੜ੍ਹ ਸਕਦੇ ਸਨ। ਹਿੰਦੂਆਂ ਲਈ ਤਾਂ ਵਿੱਦਿਆ ਦਾ ਦਰਵਾਜ਼ਾ ਬੰਦ ਸੀ। ਕੁੱਝ ਬ੍ਰਾਹਮਣਾਂ ਦੀ ਕ੍ਰਿਪਾ ਹੋਈ, ਕੁੱਝ ਔਰੰਗਜ਼ੇਬ ਦੀ, ਹਿੰਦੁਸਤਾਨ ਅਨਪੜ੍ਹਤਾ ਦੀ ਖੱਡ ਵਿਚ ਜਾ ਡਿੱਗਾ।

ਸੰਤ ਪ੍ਰੇਮ ਸਿੰਘ ਜੀ ਵੇਲੇ ਜੋ ਮਨੁੱਖ ਉਹਨਾਂ ਨੂੰ ਮਿਲ ਰਿਹਾ ਸੀ ਉਹ ਤਾਂ ਕਈਆਂ ਪੀੜ੍ਹੀਆਂ ਤੋਂ ਖਾਨਦਾਨੀ ਅਨਪੜ੍ਹ ਸੀ। ਵਿੱਦਿਆ ਸ਼ਬਦ ਹੀ ਉਨ੍ਹਾਂ ਬੰਦਿਆਂ ਨੂੰ ਅਜੀਬ ਲਗਦਾ ਸੀ, ਪੁਸ਼ਤਦਰ ਪੁਸ਼ਤ ਉਹ ਅਨਪੜ੍ਹ ਰਹਿਣ ਦੇ ਆਦੀ ਹੋ ਚੁੱਕੇ ਸਨ। ਸਕੂਲ ਖੋਲ੍ਹਣੇ ਹੀ ਕਾਫ਼ੀ ਨਹੀਂ ਸਨ, ਉਨ੍ਹਾਂ ਬੰਦਿਆਂ ਦੇ ਮਨਾਂ ਨੂੰ ਵਿੱਦਿਆ ਪੜ੍ਹਨ ਲਈ ਸਹਿਮਤ ਕਰਨਾ ਸੀ। ਅਤੇ ਉਨ੍ਹਾਂ ਨੂੰ ਵਿੱਦਿਆ ਦੀ ਮਹਾਨਤਾ ਸਮਝਾਉਣੀ ਕਿੰਨੀ ਮੁਸ਼ਕਿਲ ਸੀ। ਜਿਹੜੇ ਬੰਦੇ ਕਿਸੇ ਵੀ ਮਹਾਨਤਾ ਦੀ ਗੱਲ ਸੁਣਨ ਲਈ ਤਿਆਰ ਨਹੀਂ ਸਨ, ਉਨ੍ਹਾਂ ਨੂੰ ਸਕੂਲ ਵਿੱਦਿਆ ਸ਼ਬਦ ਹੀ ਓਪਰਾ ਲਗਦਾ ਸੀ। ਉਨ੍ਹਾਂ ਬੰਦਿਆਂ ਨੂੰ ਬੱਚੇ ਪੜ੍ਹਾਉਣ ਲਈ ਰਾਜ਼ੀ ਕੀਤਾ। ਉਨ੍ਹਾਂ ਨੂੰ ਲਗਦਾ ਸੀ, ਇਹ ਬਾਬਾ ਸਾਡੇ ਬੱਚਿਆਂ ਨੂੰ ਵਿਗਾੜ ਦੇਵੇਗਾ। ਅਸੀਂ ਤਾਂ ਬੱਚਿਆਂ ਨੂੰ ਖੇਤੀ ਦੇ ਕੰਮ-ਧੰਦੇ ਵਿਚ ਲਾਉਣਾ ਸੀ। ਇਹ ਸਕੂਲ ਲੈ ਜਾਣਗੇ, ਸਾਡੇ ਕੰਮ-ਧੰਦੇ ਦਾ ਕੀ ਬਣੇਗਾ? ਇਕ ਉਨ੍ਹਾਂ ਬੰਦਿਆਂ ਦੇ ਦਿਮਾਗ਼ ਵਿਚ ਇਹ ਗੱਲ ਸੀ ਕਿ ਪੜ੍ਹ ਕੇ ਲੋਕੀਂ ਵਿਗੜ ਜਾਂਦੇ ਹਨ। ਠੀਕ ਰਹਿਣਾ ਹੈ ਤਾਂ ਅਨਪੜ੍ਹ

ਰਹਿਣਾ ਜ਼ਰੂਰੀ ਹੈ। ਲੜਕਿਆਂ ਦੇ ਪੜ੍ਹਨ ਲਈ ਲੋਕਾਂ ਨੂੰ ਮਨਾ ਲਿਆ ਸੀ। ਧੀਆਂ ਦੇ ਪੜ੍ਹਨ ਲਈ ਤਾਂ ਕੋਈ ਗੱਲ ਸੁਣਨ ਲਈ ਰਾਜ਼ੀ ਨਹੀਂ ਸੀ।

ਬਜ਼ੁਰਗ ਬੰਦਿਆਂ ਅਤੇ ਬਜ਼ੁਰਗ ਮਾਤਾਵਾਂ ਕੋਲੋਂ ਬਚਪਨ ਵਿਚ ਮੈਂ ਆਪ ਸੁਣਿਆ ਸੀ, ਪੜ੍ਹੇ-ਲਿਖੇ ਕਾਹਦੇ ਹਨ। ਇਹ ਤਾਂ ਗਰਕ ਹੋਏ ਹਨ, ਪੜ੍ਹੇ ਨਹੀਂ ਇਹ ਤਾਂ ਗਲੇ ਹੋਏ ਹਨ। ਕਾਹਦੀ ਪੜ੍ਹਾਈ ਹੈ ਕੋਈ ਆਦਰ ਅਦਬ ਨਹੀਂ ਰਹਿ ਗਿਆ। ਬਜ਼ੁਰਗ ਜੇ ਵਹਿਮ ਭਰਮ ਦੀ ਗ਼ਲਤ ਗੱਲ ਕਰਨ ਤੇ ਜੇ ਵਿੱਦਿਆ ਦੀ ਰੌਸ਼ਨੀ ਵਿਚ ਕੋਈ ਸਮਝਾਵੇ ਤਾਂ ਉਨ੍ਹਾਂ ਨੂੰ ਗੁੱਸਾ ਲੱਗਣਾ ਸੁਭਾਵਿਕ ਸੀ। ਅੱਜ ਤਕ ਉਨ੍ਹਾਂ ਦੀ ਹਰ ਗ਼ਲਤ ਗੱਲ ਨੂੰ ਮੰਨਿਆ ਜਾ ਰਿਹਾ ਸੀ, ਪੂਜਿਆ ਜਾ ਰਿਹਾ ਸੀ। ਅਚਾਨਕ ਕੋਈ ਪੜ੍ਹੀ-ਲਿਖੀ ਨੂੰਹ ਜਾਂ ਧੀ, ਜਵਾਈ ਜਾਂ ਪੜ੍ਹਿਆ ਲਿਖਿਆ ਆਪਣਾ ਲੜਕਾ ਸੱਚ ਕਹੇ ਤਾਂ ਬੁਰਾ ਲਗਦਾ ਸੀ। ਉਹ ਕਹਿੰਦੇ ਸਨ, ਇਨ੍ਹਾਂ ਨੂੰ ਪੜ੍ਹਾਈ ਨੇ ਤਬਾਹ ਕੀਤਾ ਹੈ। ਉਹ ਨੂੰਹ ਕੈਸੀ ਚਾਹੁੰਦੇ ਸਨ ? ਇਕ ਨੂੰਹ ਆਈ। ਸੱਸ ਨੇ ਦੁੱਧ ਰਿੜਕਣ 'ਤੇ ਲਗਾ ਦਿੱਤਾ। ਨੂੰਹ ਨੇ ਕਿਹਾ ਕਿ ਮਾਂ ਜੀ ਮੱਖਣ ਆ ਗਿਆ ਹੈ। ਬਸ ਤੂਫਾਨ ਖੜ੍ਹਾ ਹੋਇਆ। ਸੱਸ ਨੇ ਕਿਹਾ ਨੀ ਕਲਮੂੰਹੀਏਂ ਤੈਨੂੰ ਪਤਾ ਨਹੀਂ, ਤੇਰੇ ਸਹੁਰੇ ਦਾ ਨਾਂ ਮੱਖਣ ਸਿੰਘ ਹੈ। 30 ਸਾਲ ਹੋ ਗਏ ਮੈਨੂੰ ਵਿਆਹੀ ਨੂੰ ਅਜੇ ਤਕ ਮੈਂ ਤਾਂ ਨਾਂ ਨਹੀਂ ਲਿਆ, ਤੂੰ ਕੱਲ੍ਹ ਆਈ ਆਪਣੇ ਪਤੀ ਦਾ ਹੀ ਨਹੀਂ ਸਗੋਂ ਸਹੁਰੇ ਦਾ ਨਾਂ ਲੈ ਦਿੱਤਾ ਹੈ। ਅਜੇ ਤਾਂ ਕਿਸੇ ਸੁਣਿਆ ਨਹੀਂ ਪਿੰਡ ਵਾਲੇ ਸੁਣ ਲੈਂਦੇ ਤਾਂ ਸਾਰੇ ਪਿੰਡ ਵਿਚ ਬੇਇੱਜ਼ਤੀ ਹੁੰਦੀ ਕਿ ਪਾਗਲ ਨੂੰਹ ਵਿਆਹ ਲਿਆਏ ਹਨ। ਨੂੰਹ ਵੀ ਪੜ੍ਹੀ-ਲਿਖੀ ਨਹੀਂ ਸੀ ਓਨੇ ਵੀ ਸੋਚਿਆ ਕਿ ਜਿਵੇਂ ਹੋਵੇ ਜਾਨ ਬਚਾਵਾਂ।

ਦੂਸਰੇ ਦਿਨ ਦੁੱਧ ਰਿੜਕਿਆ, ਜਦੋਂ ਮੱਖਣ ਆ ਗਿਆ ਉਸ ਵਿਚਾਰੀ ਦੀ ਜਾਨ ਦੀ ਬਣ ਗਈ। ਸੱਸ ਨੇ ਕਿਹਾ ਸੀ ਮੱਖਣ ਮੈਂ ਹੀ ਕੱਢਾਂਗੀ, ਮੱਖਣ ਕੱਢਣਾ ਇਕ ਸਰਦਾਰੀ ਸੀ। ਘਰ ਦੀ ਚੌਧਰ ਸੀ। ਜਿਹੜੀ ਏਡੀ ਛੇਤੀ ਸੱਸ ਨੂੰਹ ਨੂੰ ਨਹੀਂ ਸੀ ਦੇਣਾ ਚਾਹੁੰਦੀ। ਖ਼ੈਰ ਮੱਖਣ ਕੱਢਣਾ ਸੀ, ਨੂੰਹ ਵਿਚਾਰੀ ਛੇਤੀ ਨਾਲ ਕਹਿਣ ਲੱਗੀ, ਮਾਂਜੀ ਬਾਪੂ ਜੀ ਆ ਗਏ। ਸੱਸ ਬਾਹਰ ਵੱਲ ਵੇਖਣ ਲੱਗੀ, ਕਹਿਣ ਲੱਗੀ ਦਿੱਸੇ ਨਹੀਂ। ਕਿੱਥੇ ਹਨ, ਨੂੰਹ ਕਹਿਣ ਲੱਗੀ, ਚਾਟੀ ਵਿਚ। ਬਸ ਸੱਸ ਖ਼ੁਸ਼ ਹੋ ਗਈ ਕਿ ਨੂੰਹ ਬੜੀ ਲਿਆਕਤ ਵਾਲੀ ਹੈ, ਸਹੁਰੇ ਦਾ ਨਾਂ ਨਹੀਂ ਲਿਆ, ਐਸੇ ਪੁੱਤਰ ਧੀਆਂ ਲਿਆਕਤ ਵਾਲੇ ਚਾਹੀਦੇ ਸਨ।

ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਐਸੇ ਭਰਮੀ ਤੇ ਅਨਪੜ੍ਹ ਬੰਦਿਆਂ ਨਾਲ ਜੂਝਣਾ ਪਿਆ ਸੀ। ਟੈਗੋਰ ਦਾ ਕਥਨ ਹੈ ਕਿ ਜੇਂ ਮੈਨੂੰ ਕੋਈ ਕਿਸੇ ਐਸੇ ਮਾਰੂਥਲ ਵਿਚ ਛੱਡ ਆਵੇ ਜਿੱਥੇ ਪਾਣੀ ਮਿਲਣਾ ਮੁਸ਼ਕਿਲ ਹੋਵੇ ਤੇ ਜਿਸ ਮਾਰੂਥਲ ਵਿਚ

ਅਨੇਕਾਂ ਪਿਆਸੇ ਮਰ ਗਏ ਹੋਣ, ਉਥੋਂ ਤਾਂ ਮੈਂ ਸ਼ਾਇਦ ਬਚ ਕੇ ਨਿਕਲ ਆਵਾਂ ਪਰ ਜੇ ਮੈਨੂੰ ਰਸਮਾਂ ਭਰਮਾਂ ਦੇ ਮਾਰੂਥਲ ਵਿਚੋਂ ਲੰਘਣਾ ਪਵੇ ਤਾਂ ਇੱਥੋਂ ਬਚ ਕੇ ਨਿਕਲਣਾ ਮੁਸ਼ਕਿਲ ਹੈ। ਉਸਦਾ ਕਥਨ ਠੀਕ ਹੈ। ਸਿਆਣਾ ਬੰਦਾ ਜੇ ਉਨ੍ਹਾਂ ਬੰਦਿਆਂ ਦੀ ਮਤ ਅਨੁਸਾਰ ਚਲਦਾ ਹੈ ਤਾਂ ਇਨਸਾਨੀਅਤ ਤੇ ਸਿਆਣਪ ਮਰਦੀ ਹੈ। ਜੇ ਨਹੀਂ ਚਲਦਾ ਤਾਂ ਉਸਦਾ ਪ੍ਰਚਾਰ ਉਸਦਾ ਮਕਸਦ ਮਰਦਾ ਹੈ। ਪਰ ਸੰਤ ਪ੍ਰੇਮ ਸਿੰਘ ਭਰਮਾਂ ਰਸਮਾਂ ਦੇ ਮਾਰੂਥਲ ਵਿਚੋਂ ਆਪ ਵੀ ਬਚਕੇ ਨਿਕਲੇ ਸਨ ਅਤੇ ਦੂਸਰਿਆਂ ਨੂੰ ਕੱਢਿਆ ਹੈ। ਉਨ੍ਹਾਂ ਨੂੰ ਪੁਰਾਣੇ ਮਨੁੱਖ ਦੇ ਵਿਚਾਰ ਬਦਲਣੇ ਪਏ, ਉਸਦਾ ਪਹਿਰਾਵਾ ਵੀ ਬਦਲਣਾ ਪਿਆ ਅਤੇ ਖੁਰਾਕ ਵਿਚੋਂ ਨਸ਼ੀਲੀਆਂ ਵਸਤੂਆਂ ਛੁਡਾਉਣੀਆਂ ਪਈਆਂ। ਏਨੀ ਤਬਦੀਲੀ ਬੜੀ ਔਖੀ ਗੱਲ ਸੀ ਪਰ ਉਨ੍ਹਾਂ ਨੇ ਕੀਤੀ ਸੀ। ਅਨਪੜ੍ਹ ਬੰਦਿਆਂ ਨੂੰ ਤਾਂ ਅਨਪੜ੍ਹਤਾ ਦਾ ਵੀ ਬੋਧ ਨਹੀਂ ਹੁੰਦਾ ਉਹ ਗਿਆਨ ਵੀ ਤਾਂ ਹੀ ਹੁੰਦਾ ਹੈ ਜਦੋਂ ਕੋਈ ਮਨੁੱਖ ਇਕ ਭਾਸ਼ਾ ਪੜ੍ਹ ਲੈਂਦਾ ਹੈ, ਦੂਸਰੀ ਭਾਸ਼ਾ ਉਸਨੂੰ ਬੋਲਣੀ ਨਹੀਂ ਆਉਂਦੀ। ਇਹ ਗੱਲ ਕੰਡੇ ਵਾਂਗ ਰੜਕਦੀ ਹੈ ਕਿ ਕਿਤੇ ਮੈਂ ਵੀ ਪੜ੍ਹਿਆ ਹੁੰਦਾ ਤਾਂ ਦੂਸਰੇ ਬੰਦੇ ਨਾਲ ਗੱਲ ਕਰ ਸਕਦਾ, ਮੈਂ ਉਸਦੀ ਗੱਲ ਸਮਝ ਸਕਦਾ।

ਬਹੁਤ ਦੇਸ਼ ਐਸੇ ਹਨ ਜਿਨ੍ਹਾਂ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਇੰਗਲਿਸ਼ ਨਹੀਂ ਬੋਲ ਸਕਦੇ, ਨਾ ਸਮਝ ਸਕਦੇ ਹਨ। ਉਨ੍ਹਾਂ ਨੂੰ ਇੰਗਲਿਸ਼ ਆਉਂਦੀ ਹੀ ਨਹੀਂ। ਉਨ੍ਹਾਂ ਨੂੰ ਦੁਭਾਸ਼ੀਏ, ਇੰਟਰਪਰੈਟਰ ਗੱਲ ਕਰਾਉਂਦੇ ਹਨ, ਜੋ ਦੋਵੇਂ ਭਾਸ਼ਾਵਾਂ ਸਮਝਦੇ ਹਨ। ਕੋਈ ਵੀ ਪ੍ਰਤਿਸ਼ਠਤ ਬੰਦਾ ਦੂਸਰੇ ਦੀ ਭਾਸ਼ਾ ਨਾ ਸਮਝ ਸਕੇ ਮਨ ਵਿਚ ਪੀੜਾ ਤਾਂ ਹੁੰਦੀ ਹੈ। ਇਸ ਤੋਂ ਵੀ ਵੱਡੀ ਅਫ਼ਸੋਸ ਦੀ ਗੱਲ ਹੈ ਕਿ ਕੋਈ ਬੰਦਾ ਸੌ ਸਾਲ ਜ਼ਿੰਦਾ ਰਹੇ ਪਰ ਆਪਣੀ ਹੀ ਭਾਸ਼ਾ ਨਾ ਲਿਖ ਸਕੇ ਅਤੇ ਨਾ ਹੀ ਪੜ੍ਹ ਸਕੇ।

ਅਜੇ ਤਕ ਵੀ ਦੇਸ਼ ਵਿਚ ਕਿਤੇ-ਕਿਤੇ ਜਦੋਂ ਆਪਣਾ ਨਾਂ ਲਿਖਣ ਦੀ ਨੌਬਤ ਆਉਂਦੀ ਹੈ ਤਾਂ ਅਜੇ ਵੀ ਬਜ਼ੁਰਗ ਮਾਤਾਵਾਂ, ਬਜ਼ੁਰਗ ਬੰਦੇ ਅੰਗੂਠਾ ਅੱਗੇ ਕਰ ਦੇਂਦੇ ਹਨ ਕਿ ਅੰਗੂਠਾ ਲਾ ਲਉ, ਮੈਂ ਪੜ੍ਹਿਆ ਨਹੀਂ। ਇਹ ਤਾਂ ਮਨੁੱਖਤਾ ਦੀ ਤੌਹੀਨ ਹੈ ਕਿ ਜਿਸ ਬੰਦੇ ਨੇ ਸੌ ਸਾਲ ਉਮਰ ਹੰਢਾਈ ਹੈ ਉਸ ਨੇ ਦੋ ਸਾਲ ਵੀ ਪੜ੍ਹਨ ਵਾਲੇ ਪਾਸੇ ਨਹੀਂ ਲਾਏ। ਜੇ ਉਹ ਮਨੁੱਖ ਇਕ ਘੰਟਾ ਵੀ ਰੋਜ਼ ਪੜ੍ਹਦਾ ਤਾਂ ਦੋ ਸਾਲ ਵਿਚ ਆਪਣੀ ਭਾਸ਼ਾ ਲਿਖ ਸਕਦਾ ਸੀ। ਜਦੋਂ ਪੁੱਛਿਆ ਜਾਏ ਕਿ ਕਿਉਂ ਨਹੀਂ ਪੜ੍ਹਿਆ ਤਾਂ ਉੱਤਰ ਲਗਪਗ ਇਹੀ ਹੈ ਕਿ ਬਸ ਸਮਾਂ ਹੀ ਨਹੀਂ ਮਿਲਿਆ। ਉਹ ਬੰਦਾ ਕਿੰਨਾ ਦੀਨ ਹੀਨ ਹੈ ਜਿਹੜਾ ਕਿਸੇ ਨੂੰ ਕਹਿ ਰਿਹਾ ਹੈ ਕਿ ਮੇਰੀ ਚਿੱਠੀ ਪੜ੍ਹ ਦੇ।

ਮੈਨੂੰ ਇਕ ਸੱਜਣ ਨੇ ਇਕ ਲਤੀਫਾ ਸੁਣਾਇਆ ਕਿ ਪੁਰਾਣੇ ਆਰਮੀ ਦੇ ਸਿਪਾਹੀ ਜ਼ਿਆਦਾ ਅਨਪੜ੍ਹ ਸਨ। ਅੰਗਰੇਜ਼ਾਂ ਦਾ ਸਮਾਂ ਸੀ ਕਰਨਲ ਸਾਹਿਬ ਰਾਊਂਡ ਲਗਾ ਰਹੇ ਸਨ, ਉਨ੍ਹਾਂ ਵੇਖਿਆ ਕਿ ਲਾਲਟੈਨ ਦੇ ਚਾਨਣ ਵਿਚ ਇਕ ਸਿਪਾਹੀ ਚਿੱਠੀ ਪੜ੍ਹ ਰਿਹਾ ਸੀ, ਦੂਸਰਾ ਉਸਦੇ ਕੰਨਾਂ ਵਿਚ ਉਂਗਲੀਆਂ ਦੇ ਕੇ ਚਿੱਠੀ ਸੁਣ ਰਿਹਾ ਹੈ, ਕਰਨਲ ਸਾਹਿਬ ਨੇ ਕਿਹਾ ਕਿ ਤੂੰ ਇਸਦੇ ਕੰਨਾਂ ਵਿਚ ਉਂਗਲੀਆਂ ਕਿਉਂ ਦਿੱਤੀਆਂ ਹਨ। ਕਹਿਣ ਲੱਗਾ ਜੀ ਸਾਹਿਬ ! ਇਹ ਚਿੱਠੀ ਮੇਰੀ ਪਤਨੀ ਦੀ ਹੈ ਇਹ ਕਿਤੇ ਸੁਣ ਨਾ ਲਵੇ। ਇਸ ਲਈ ਇਹਦੇ ਕੰਨਾਂ ਵਿਚ ਉਂਗਲੀਆਂ ਦਿੱਤੀਆਂ ਹਨ। ਕਰਨਲ ਹੱਸਿਆ ਕਿ ਇਹ ਕੀ ਕਹਿ ਰਿਹਾ ਹੈ ?. ਮੈਨੂੰ ਇਹ ਗੱਲ ਸੱਚ ਜਾਪੀ ਕਿ ਵਿੱਦਿਆਹੀਣ ਬੰਦੇ ਦੀ ਸੋਚਣੀ ਬੜੀ ਅਧੂਰੀ ਹੁੰਦੀ ਹੈ।

ਸੰਤ ਪ੍ਰੇਮ ਸਿੰਘ ਚਾਹੁੰਦੇ ਸਨ ਕਿ ਲੁਬਾਣਿਆਂ ਦਾ ਕੋਈ ਬੱਚਾ ਅਨਪੜ੍ਹ ਨਾ ਰਹੇ। ਇਨ੍ਹਾਂ ਨੂੰ ਜੋ ਦੇਸ਼ ਵਿਚ ਬੋਲੀਆਂ, ਬੋਲੀਆਂ ਜਾਂਦੀਆਂ ਹਨ, ਸਭ ਆਉਣੀਆਂ ਚਾਹੀਦੀਆਂ ਹਨ। ਉਨ੍ਹਾਂ ਦੀ ਵਿਗਿਆਨਕ ਦ੍ਰਿਸ਼ਟੀ ਸੀ। ਉਨ੍ਹਾਂ ਨੇ ਡੇਰੇ ਨੂੰ ਬਿਲਕੁਲ ਨਵਾਂ ਰੂਪ ਦਿੱਤਾ, ਨਵੇਂ ਢੰਗ ਦੇ ਮਕਾਨ ਬਣਾਏ। ਆਧੁਨਿਕ ਯੁੱਗ ਦੀਆਂ ਜੋ ਲੋੜਾਂ ਸਨ, ਉਨ੍ਹਾਂ ਨੇ ਪੂਰੀਆਂ ਕੀਤੀਆਂ। ਬੇਸ਼ੱਕ ਕੁੱਝ ਪੁਰਾਣ ਪੰਥੀਆਂ ਨੇ ਇਸ ਗੱਲ ਦੀ ਵਿਰੋਧਤਾ ਵੀ ਕੀਤੀ। ਪਰ ਉਨ੍ਹਾਂ ਇਸ ਗੱਲ ਦੀ ਪ੍ਰਵਾਹ ਨਾ ਕਰਦਿਆਂ ਹਰ ਵਿਗਿਆਨਕ ਪ੍ਰਾਪਤੀ ਨੂੰ ਜੀ ਆਇਆਂ ਆਖਿਆ ਅਤੇ ਵਰਤੋਂ ਵਿਚ ਲਿਆਂਦਾ।

ਆਪਣੇ ਵਿੱਦਿਆ ਦੇ, ਅਤੇ ਵਿਹਾਰ ਸੁਧਾਰ ਦੇ, ਅੰਮ੍ਰਿਤ ਪ੍ਰਚਾਰ ਦੇ, ਮਿਸ਼ਨ ਨੂੰ ਦੂਰ-ਦੁਰਾਡੇ ਪਹੁੰਚਾਉਣ ਵਾਸਤੇ ਉਨ੍ਹਾਂ ਨੇ ਅਖ਼ਬਾਰ ਵੀ ਚਲਾਏ। ਅਖ਼ਬਾਰ ਚਲਾਉਣ ਲਈ ਆਰੰਭ ਵਿਚ ਕਿੰਨੀਆਂ ਮੁਸ਼ਕਿਲਾਂ ਆਉਂਦੀਆਂ ਹਨ। ਇਹ ਅਖ਼ਬਾਰ ਚਲਾਉਣ ਵਾਲੇ ਹੀ ਜਾਣਦੇ ਹਨ।

ਉਨ੍ਹਾਂ ਕੌਮੀ ਸੇਵਕ ਹਫ਼ਤਾਵਾਰੀ ਅਖ਼ਬਾਰ ਸ਼ੁਰੂ ਕੀਤਾ ਜਿਸ ਦੇ ਐਡੀਟਰ ਗਿ: ਲਾਲ ਸਿੰਘ ਸਨ।

1942 ਤੋਂ 1956 ਤੱਕ ਪ੍ਰੇਮ ਸੰਦੇਸ਼ ਹਫ਼ਤਾਵਾਰੀ ਚਲਦੀ ਰਹੀ ਜਿਸਦੇ ਐਡੀਟਰ ਬਾਵਾ ਹਰਨਾਮ ਸਿੰਘ ਸਨ। ਅਖ਼ਬਾਰਾਂ ਵਿਚ ਇਨ੍ਹਾਂ ਤਿੰਨਾਂ ਗੱਲਾਂ 'ਤੇ ਹੀ ਜ਼ੋਰ ਸੀ ਕਿ ਅੰਮ੍ਰਿਤ ਪ੍ਰਚਾਰ ਹੋਵੇ, ਵਿਹਾਰ ਸੁਧਾਰ ਹੋਵੇ ਅਤੇ ਵਿੱਦਿਆ ਦਾ ਪਾਸਾਰ ਹੋਵੇ। ਇੰਜ ਜਾਪਦਾ ਹੈ ਕਿ ਉਹ ਭਲੀ-ਭਾਂਤ ਸਮਝਦੇ ਸਨ ਕਿ ਬੂਟਾ ਲਾ ਦੇਈਏ ਤੇ ਉਸ ਦੀ ਸੰਭਾਲ ਨਾ ਕਰੀਏ ਤਾਂ ਬੂਟਾ ਸੁੱਕ ਜਾਂਦਾ ਹੈ, ਫਲ ਤੱਕ ਨਹੀਂ ਪਹੁੰਚਦਾ। ਜਿਨ੍ਹਾਂ ਨੂੰ ਗੁਰੂ ਦੇ ਲੜ ਲਾਇਆ ਸੀ, ਫੋਕੀਆਂ ਰਸਮਾਂ ਤੋਂ

ਬਚਾਇਆ ਸੀ ਜਾਂ ਜਿਨ੍ਹਾਂ ਨੂੰ ਪੜ੍ਹਨ ਵੱਲ ਤੋਰਿਆ ਸੀ ਕਿਤੇ ਫਿਰ ਵਾਪਸ ਪੁਰਾਣੀ ਥਾਂ 'ਤੇ ਨਾ ਆ ਜਾਣ।

ਮਨੁੱਖ ਆਦਤਾਂ ਨਾਲ ਬੱਝਾ ਹੈ, ਆਦਤਾਂ ਨਾਲ ਹੀ ਜਿਊਂਦਾ ਹੈ। ਪੁਰਾਣੀਆਂ ਆਦਤਾਂ ਵਾਪਸ ਖਿੱਚਦੀਆਂ ਹਨ। ਵਾਰਸ ਸ਼ਾਹ ਨੇ ਠੀਕ ਹੀ ਲਿਖਿਆ ਹੈ—

ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
ਭਾਵੇਂ ਕਟੀਏ ਪੋਰੀਆ ਪੋਰੀਆ ਜੀ।

ਇਕ ਨਸ਼ਾ ਕਰਨ ਵਾਲਾ ਮਨੁੱਖ ਅਫੀਮ ਛੱਡ ਵੀ ਬੈਠੇ ਕਿੰਨੀਆਂ ਸਹੁੰਆਂ ਚੁੱਕੇ ਪਰ ਪੁਰਾਣੀ ਆਦਤ ਉਸਨੂੰ ਵਾਰ-ਵਾਰ ਖਿੱਚਦੀ ਹੈ। ਸੰਤਾਂ ਨੂੰ ਪਤਾ ਸੀ ਕਿ ਇਨ੍ਹਾਂ ਬੰਦਿਆਂ ਨੂੰ ਮੇਰਾ ਸੁਨੇਹਾ ਪਹੁੰਚਦਾ ਹੀ ਰਹਿਣਾ ਚਾਹੀਦਾ ਹੈ, ਇਨ੍ਹਾਂ ਦੇ ਬੱਚੇ ਹੀ ਅਖ਼ਬਾਰ ਪੜ੍ਹਕੇ ਸੁਣਾਉਣਗੇ ਕਿ ਸੰਤ ਪ੍ਰੇਮ ਸਿੰਘ ਨੇ ਕੀ ਕਿਹਾ ਹੈ। ਦੂਜਾ ਜੋ ਬਰਾਦਰੀ ਨਾਲ ਵਧੀਕੀਆਂ ਹੋ ਰਹੀਆਂ ਹਨ ਉਹ ਸਾਰੀ ਜਨਤਾ ਨੂੰ ਪਤਾ ਲੱਗੇ ਅਤੇ ਸਰਕਾਰ ਨੂੰ ਵੀ ਪਤਾ ਲੱਗੇ। ਉਨ੍ਹਾਂ ਨੂੰ ਪਤਾ ਸੀ ਜਿਹੜੇ ਕਬੀਲੇ ਚੁੱਪ ਕਰਕੇ ਬੈਠੇ ਰਹਿੰਦੇ ਹਨ ਉਹ ਸਦਾ ਲਈ ਚੁੱਪ ਹੋ ਜਾਂਦੇ ਹਨ। ਫਿਰ ਉਨ੍ਹਾਂ ਦੀ ਮਰਦਿਆਂ ਦੀ ਵੀ ਕੋਈ ਫਰਿਆਦ ਨਹੀਂ ਸੁਣਦਾ।

ਇਨ੍ਹਾਂ ਦੋ ਅਖ਼ਬਾਰਾਂ ਨੇ ਲੁਬਾਣਾ ਬਰਾਦਰੀ ਦੀ ਇਕ ਮਹਾਨ ਹਸਤੀ ਦੁਨੀਆਂ ਦੇ ਸਾਹਮਣੇ ਪੇਸ਼ ਕਰ ਦਿੱਤੀ ਸੀ। ਅਫਸੋਸ ਕਿ ਇਨ੍ਹਾਂ ਅਖ਼ਬਾਰਾਂ ਦੀ ਮਹਾਨਤਾ ਲੁਬਾਣਾ ਬਰਾਦਰੀ ਸਮਝ ਨਹੀਂ ਸਕੀ। ਇਹ ਅਖ਼ਬਾਰਾਂ ਬੰਦ ਹੋ ਗਈਆਂ। ਇਸ ਤੋਂ ਬਾਅਦ ਚੱਲੀਆਂ ਅਖਬਾਰਾਂ ਅੱਜ ਮਹਾਨ ਹਸਤੀ ਬਣਕੇ ਬੈਠੀਆਂ ਹਨ। ਅੱਜ ਹਰ ਸੰਸਥਾ ਇਹ ਮਹਿਸੂਸ ਕਰਦੀ ਹੈ ਕਿ ਸਾਡੀ ਆਪਣੀ ਅਖਬਾਰ ਚਾਹੀਦੀ ਹੈ। ਇਸ ਗੱਲ ਨੂੰ ਸੰਤ ਪ੍ਰੇਮ ਸਿੰਘ ਨੇ ਅੱਜ ਤੋਂ 80 ਸਾਲ ਪਹਿਲੇ ਮਹਿਸੂਸ ਕੀਤਾ ਅਤੇ ਉਪਰਾਲਾ ਕੀਤਾ ਸੀ। ਅਖ਼ਬਾਰ ਇਕ ਐਸਾ ਸ਼ੀਸ਼ਾ ਹੈ ਜਿਸ ਵਿਚੋਂ ਮਾਨਵਤਾ ਦਾ ਅਸਲ ਚਿਹਰਾ ਨਜ਼ਰ ਆਉਂਦਾ ਹੈ, ਬਸ਼ਰਤੇ ਕਿ ਅਖ਼ਬਾਰ ਚਲਾਉਣ ਵਾਲਾ ਮਨੁੱਖ ਨੇਕ-ਨੀਅਤ ਵਾਲਾ ਹੋਵੇ ਅਤੇ ਉਹ ਖ਼ਬਰ ਠੀਕ ਦੇਵੇ। ਖ਼ਬਰ ਦੇ ਮਗਰ ਉਸਦਾ ਲੋਭ ਖੜ੍ਹਾ ਹੋ ਗਿਆ ਤਾਂ ਖ਼ਬਰ ਖਰਾਬੀਆਂ ਹੀ ਇਕੱਠੀਆਂ ਕਰੇਗੀ। ਸਿਆਣਿਆਂ ਦਾ ਇਹ ਕਹਿਣਾ ਕਿ ਜਿਸ ਦੇਸ਼ ਵਿਚ ਜਿੰਨੀਆਂ ਜ਼ਿਆਦਾ ਖਰਾਬੀਆਂ ਹੋਣਗੀਆਂ, ਉੱਨੀਆਂ ਹੀ ਉੱਥੇ ਅਖ਼ਬਾਰਾਂ ਜ਼ਿਆਦਾ ਛਪਣਗੀਆਂ ਅਤੇ ਵਿਕਣਗੀਆਂ। ਪਰ ਸੰਤ ਪ੍ਰੇਮ ਸਿੰਘ ਦੀ ਅਖ਼ਬਾਰ ਕਿਸੇ ਖਰਾਬੀ ਨੂੰ ਨਹੀਂ, ਸਗੋਂ ਚੰਗੀਆਂ ਗੱਲਾਂ ਨੂੰ ਪਹਿਲ ਦਿੰਦੀ ਸੀ। ਉਹ ਅਖ਼ਬਾਰ ਕਿਸੇ ਲੋਭ ਦੇ ਆਸਰੇ ਨਹੀਂ, ਸਗੋਂ ਸੇਵਾ ਨੂੰ ਮਕਸਦ ਬਣਾ ਕੇ ਆਰੰਭ ਕੀਤੀ ਗਈ ਸੀ। ਇਹ ਅਖ਼ਬਾਰਾਂ ਨਹੀਂ ਚਲੀਆਂ, ਇਹ ਇਕ ਵੱਖਰੀ ਪੜਚੋਲ ਹੈ। ਪਰ ਇਨ੍ਹਾਂ ਦੀ ਆਰੰਭਤਾ ਤੋਂ

ਸੰਤ ਪ੍ਰੇਮ ਸਿੰਘ ਦੀਆਂ ਰੁਚੀਆਂ ਦਾ ਤਾਂ ਪਤਾ ਲਗਦਾ ਹੈ ਕਿ ਵਿੱਦਿਆ ਦੇ ਪਾਸਾਰ ਵਾਸਤੇ ਉਹ ਕੀ-ਕੀ ਕਰਨਾ ਚਾਹੁੰਦੇ ਸਨ ? ਉਹ ਭੋਰਿਆਂ ਵਿਚ ਬੈਠਣ ਵਾਲੇ ਹੀ ਨਹੀਂ ਸਨ। ਉਹ ਤਾਂ ਮੀਡੀਏ ਰਾਹੀਂ ਬਾਹਰ ਹਰ ਥਾਂ 'ਤੇ ਗੁਰੂ ਦਾ ਪ੍ਰੇਮ ਸੰਦੇਸ਼ ਪਹੁੰਚਾਉਣਾ ਚਾਹੁੰਦੇ ਸਨ।

ਵਿੱਦਿਆ ਨਾਲ ਉਨ੍ਹਾਂ ਦਾ ਪਿਆਰ ਸੀ, ਉਹ ਧਾਰਮਿਕ ਵਿੱਦਿਆ ਵੀ ਚਾਹੁੰਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਧਾਰਮਿਕ ਵਿੱਦਿਆ ਬਿਨਾਂ ਮਨੁੱਖ ਦਾ ਪ੍ਰਲੋਕ ਨਹੀਂ ਸੰਵਰਨਾ ਅਤੇ ਸੰਸਾਰਕ ਵਿੱਦਿਆ ਬਿਨਾਂ ਇਸਨੂੰ ਸਫ਼ਲ ਰੋਟੀ ਨਹੀਂ ਮਿਲਣੀ। ਅਨਪੜ੍ਹ ਬੰਦਾ ਵਿਗਿਆਨ ਦੀ ਦੌੜ ਨਾਲ ਜੇ ਰਲਕੇ ਨਾ ਦੌੜ ਸਕਿਆ ਤਾਂ ਇਹ ਬਹੁਤ ਹੀ ਪਿੱਛੇ ਰਹਿ ਜਾਵੇਗਾ। ਫਿਰ ਇਸਦੇ ਪਾਸ ਪਛਤਾਵੇ ਤੋਂ ਬਿਨਾਂ ਕੁੱਝ ਨਹੀਂ ਬਚਣਾ। ਗਿਆ ਸਮਾਂ ਤਾਂ ਫਿਰ ਹੱਥ ਨਹੀਂ ਆਵੇਗਾ। ਗੁਰਮਤਿ ਵਿੱਦਿਆ ਉਹ ਆਪ ਪੜ੍ਹਾਉਂਦੇ ਸਨ। ਸਕੂਲੀ ਵਿੱਦਿਆ ਲਈ ਉਨ੍ਹਾਂ ਜੋ ਸਕੂਲ ਖੋਲ੍ਹੇ ਸਨ ਉਨ੍ਹਾਂ ਸਕੂਲਾਂ ਵਿਚ ਹੀ ਇਹ ਧਿਆਨ ਰੱਖਿਆ ਗਿਆ ਕਿ ਇਨ੍ਹਾਂ ਸਕੂਲਾਂ ਨਾਲ ਖ਼ਾਲਸਾ ਸਕੂਲ ਸ਼ਬਦ ਜੁੜਦਾ ਹੈ। ਇਨ੍ਹਾਂ ਸਕੂਲਾਂ ਵਿਚ ਧਾਰਮਿਕ ਵਿੱਦਿਆ ਪੜ੍ਹਾਉਣ ਵਾਸਤੇ ਧਾਰਮਿਕ ਟੀਚਰ ਜ਼ਰੂਰ ਹੁੰਦਾ ਸੀ। ਅਕਸਰ ਜੋ ਗਿਆਨੀ ਪਾਸ ਹੁੰਦਾ ਸੀ ਅਤੇ ਗੁਰਬਾਣੀ ਅਤੇ ਗੁਰ-ਇਤਿਹਾਸ ਤੋਂ ਜਾਣੂ ਹੁੰਦਾ ਸੀ।

ਉਹਨਾਂ ਨੇ ਮਾਸਟਰ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ ਸਿੱਖੀ ਦਾ ਵੀ ਧਿਆਨ ਰੱਖਿਆ ਸੀ। ਉਹਨਾਂ ਨੂੰ ਇਹ ਪਤਾ ਸੀ ਕਿ ਜੇ ਇਨ੍ਹਾਂ ਸਕੂਲਾਂ ਵਿਚੋਂ ਪੜ੍ਹੇ ਬੱਚੇ ਖ਼ਾਲਸਾ ਸਕੂਲ ਸ਼ਬਦ ਤੋਂ ਪ੍ਰੇਰਨਾ ਲੈ ਕੇ ਸਕੂਲੀ ਪੜ੍ਹਾਈ ਦੇ ਨਾਲ ਗੁਰਮਤਿ ਨੂੰ ਸਮਝ ਗਏ ਤਾਂ ਸਿੱਖੀ ਪ੍ਰਚਾਰ ਵਿਚ ਇਹ ਬਹੁਤ ਵੱਡਾ ਹਿੱਸਾ ਪਾਉਣਗੇ। ਇਕ ਮਿਸ਼ਨਰੀ ਟੀਚਰ ਦੇ ਮਨ ਵਿਚ ਜੇ ਮਿਸ਼ਨਰੀ ਰੁਚੀਆਂ ਆ ਗਈਆਂ ਤਾਂ ਪੜ੍ਹੇ-ਲਿਖੇ ਨੌਜਵਾਨ ਧਰਮ ਪ੍ਰਚਾਰ ਵਿਚ ਜੋ ਹਿੱਸਾ ਪਾ ਸਕਦੇ ਹਨ ਉਹ ਗੁਰਦੁਆਰੇ ਦੇ ਗ੍ਰੰਥੀ ਰਾਗੀ ਪ੍ਰਚਾਰਕਾਂ ਨਾਲੋਂ ਬਹੁਤ ਜ਼ਿਆਦਾ ਹੋਵੇਗਾ।

ਸੰਤ ਪ੍ਰੇਮ ਸਿੰਘ ਜੀ ਨੇ ਸਕੂਲਾਂ ਦਾ ਏਡਾ ਵੱਡਾ ਕੰਮ ਆਪ ਚੁੱਕਣ ਤੋਂ ਪਹਿਲਾਂ ਹੋਰ ਪਾਸਿਓਂ ਮਦਦ ਚਾਹੀ ਸੀ ਪਰ ਕਿਸੇ ਨੇ ਕੋਈ ਸਹਾਇਤਾ ਨਾ ਕੀਤੀ। ਚੀਫ਼ ਖ਼ਾਲਸਾ ਦੀਵਾਨ ਨੇ ਆਪਨੂੰ ਮੈਂਬਰ ਤਾਂ ਬਣਾ ਲਿਆ। ਤਰਨਤਾਰਨ ਐਜੂਕੇਸ਼ਨਲ ਕਾਨਫ਼ਰੰਸ ਵਿਚ ਉਹ ਆਏ ਜਦੋਂ ਉਨ੍ਹਾਂ ਨੇ ਪ੍ਰਬੰਧਕਾਂ ਨੂੰ ਕਿਹਾ ਕਿ ਦੋ ਸਕੂਲ ਲੁਬਾਣਿਆਂ ਦੇ ਪਿੰਡਾਂ ਵਿਚ ਵੀ ਖੋਲ੍ਹ ਦਿਉ ਜਿੱਥੇ ਕਿ ਲੋਕ ਬਿਲਕੁਲ ਅਨਪੜ੍ਹ ਹਨ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਬੰਧਕਾਂ ਬਿਲਕੁਲ ਧਿਆਨ ਨਹੀਂ ਦਿੱਤਾ। ਸੰਤ ਪ੍ਰੇਮ ਸਿੰਘ ਨੇ ਫ਼ੈਸਲਾ ਕਰ ਲਿਆ ਸੀ ਕਿ ਆਪਣਾ ਕੰਮ ਆਪ ਹੀ ਕਰਨਾ

ਪਵੇਗਾ ਸਿਰਫ਼ ਗੁਰੂ ਦੀ ਟੇਕ ਹੀ ਲਵਾਂਗੇ। ਇਨ੍ਹਾਂ ਅਮੀਰਾਂ ਨੇ ਸਾਡਾ ਕੁੱਝ ਨਹੀਂ ਸੰਵਾਰਨਾ। ਇਸ ਤੋਂ ਬਾਅਦ ਉਹ ਚੀਫ਼ ਖ਼ਾਲਸਾ ਦੀਵਾਨ ਨੂੰ ਸਹਿਯੋਗ ਜ਼ਰੂਰ ਦੇਂਦੇ ਰਹੇ ਪਰ ਇਨ੍ਹਾਂ ਕੋਲੋਂ ਕਦੀ ਸਹਾਇਤਾ ਨਹੀਂ ਮੰਗੀ। ਸੰਨ 1920 ਅਪ੍ਰੈਲ ਵਿਚ 2-3-4 ਅਪ੍ਰੈਲ ਨੂੰ ਬਾਰ੍ਹਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਡਿੰਗੇ ਹੋਈ। ਸੁਆਗਤ ਕਮੇਟੀ ਦੇ ਚੇਅਰਮੈਨ ਸੰਤ ਪ੍ਰੇਮ ਸਿੰਘ ਸਨ। ਸਹਿਯੋਗ ਉਨ੍ਹਾਂ ਦਿੱਤਾ ਸੀ ਪਰ ਬਰਾਦਰੀ ਦੇ ਕੰਮ ਗੁਰੂ ਦੀ ਟੇਕ ਨਾਲ ਆਪ ਹੀ ਕੀਤੇ ਸਨ।

ਉਨ੍ਹਾਂ ਦਾ ਸੰਕਲਪ ਸਾਕਾਰ ਹੋਇਆ ਜੋ ਉਹ ਚਾਹੁੰਦੇ ਸਨ ਉਹ ਹੋਇਆ। ਅੱਜ ਸੇਵਾ ਮੁਕਤ ਹੋਏ ਆਰਮੀ ਆਫ਼ੀਸਰ ਜਦੋਂ ਕਹਿੰਦੇ ਹਨ ਪਿਛਲੇ ਵਡੇਰੇ ਸਾਰੇ ਅਨਪੜ੍ਹ ਸਨ ਪਰ ਸੰਤ ਪ੍ਰੇਮ ਸਿੰਘ ਦੇ ਚਲਾਏ ਸਕੂਲ ਵਿਚੋਂ ਪੜ੍ਹ ਕੇ ਮੈਂ ਕੈਪਟਨ ਬਣਿਆ, ਮੈਂ ਕਰਨਲ ਬਣਿਆ, ਬਿਰਗੇਡੀਅਰ ਬਣਿਆ ਜਾਂ ਹੋਰ ਮਹਿਕਮਿਆਂ ਵਿਚ ਬਹੁਤ ਅਫ਼ਸਰ ਬਣੇ ਤਾਂ ਖ਼ਿਆਲ ਆਉਂਦਾ ਹੈ ਕਿ ਇਹ ਸੰਕਲਪ ਸੰਤ ਪ੍ਰੇਮ ਸਿੰਘ ਦਾ ਸੀ ਕਿ ਮੇਰੀ ਬਰਾਦਰੀ ਪੜ੍ਹੀ-ਲਿਖੀ ਹੋਵੇ। ਹਰ ਨੌਜਵਾਨ ਇੱਜ਼ਤ ਵਾਲੀ ਥਾਂ 'ਤੇ ਕੰਮ ਕਰਦਾ ਹੋਵੇ। ਕਿਸੇ ਵੀ ਲੁਬਾਣੇ ਨੂੰ ਕਿਸੇ ਨੂੰ ਨਾ ਕਹਿਣਾ ਪਵੇ ਕਿ ਮੇਰੀ ਚਿੱਠੀ ਪੜ੍ਹ ਦੇ। ਹਰ ਬੰਦਾ ਪੜ੍ਹਿਆ-ਲਿਖਿਆ ਹੋਵੇ। ਅਕਾਲ ਪੁਰਖ ਨੇ ਕਿਰਪਾ ਕੀਤੀ ਅੱਜ ਉਨ੍ਹਾਂ ਦੀ ਮਿਹਨਤ ਨੂੰ ਫਲ ਲੱਗਾ ਹੈ। ਜਿਹੜੇ ਬੰਦੇ ਕੱਲ੍ਹ ਤੱਕ ਅੱਖਰ ਵੇਖ ਕੇ ਦੱਸ ਨਹੀਂ ਸਨ ਸਕਦੇ ਕਿ ਉਹ ਊੜਾ ਹੈ ਕਿ ਐੜਾ ਉਹਨਾਂ ਦੀ ਔਲਾਦ ਉੱਚੀਆਂ ਡਿਗਰੀਆਂ ਪ੍ਰਾਪਤ ਕਰਕੇ ਮਾਨ-ਸਨਮਾਨ ਪ੍ਰਾਪਤ ਕਰ ਰਹੀ ਹੈ।

ਅੱਜ ਇਸ ਬਰਾਦਰੀ ਵਿਚੋਂ ਡਾਕਟਰ ਆਮ ਮਿਲਦੇ ਹਨ, ਟੀਚਰ ਪ੍ਰੋਫ਼ੈਸਰ, ਪ੍ਰਿੰਸੀਪਲ ਮਿਲਦੇ ਹਨ। ਚੰਗੇ ਸਾਹਿਤਕਾਰ ਤੇ ਲੇਖਕ ਮਿਲਦੇ ਹਨ। ਚੰਗੇ ਧਨਵਾਨ ਮਿਲਦੇ ਹਨ ਚੰਗੇ ਜ਼ਿਮੀਂਦਾਰ ਮਿਲਦੇ ਹਨ, ਚੰਗੇ ਬਿਜ਼ਨਸਮੈਨ ਮਿਲਦੇ ਹਨ। ਵਿਦੇਸ਼ਾਂ ਵਿਚ ਜਾ ਕੇ ਜਿਨ੍ਹਾਂ ਅਣਥੱਕ ਮਿਹਨਤ ਕੀਤੀ ਤੇ ਬੜੀ ਇੱਜ਼ਤ ਨਾਲ ਵੱਸ ਰਹੇ ਹਨ। ਇਹ ਸਭ ਸੰਤ ਪ੍ਰੇਮ ਸਿੰਘ ਦੀ ਦਿੱਤੀ ਪ੍ਰੇਰਨਾ ਦਾ ਫਲ ਹੈ। ਉਹ ਸਦਾ ਕਹਿੰਦੇ ਸਨ ਜਿਧਰ ਵੀ ਤੁਰੋ ਗੁਰੂ ਦੇ ਭਰੋਸੇ ਨਾਲ ਤੁਰੋ। ਅਰਦਾਸ ਕਰਕੇ ਤੁਰੋ, ਅਕਾਲ ਪੁਰਖ ਨੂੰ ਅੰਗ ਸੰਗ ਸਮਝ ਕੇ ਤੁਰੋ, ਕਾਮਯਾਬੀ ਤੁਹਾਡੇ ਕਦਮ ਚੁੰਮੇਗੀ।

ਉਨ੍ਹਾਂ ਨੇ ਆਪਣਾ ਮਿਸ਼ਨ ਜੋ ਬਿਲਕੁਲ ਗੁਰਮਤਿ ਅਨੁਸਾਰ ਸੀ, ਉਹ ਘਰ-ਘਰ ਪਹੁੰਚਾਉਣ ਲਈ ਵੱਡੀਆਂ-ਵੱਡੀਆਂ ਕਾਨਫ਼ਰੰਸਾਂ ਵੀ ਕੀਤੀਆਂ। ਉਸ ਵੇਲੇ ਇਹ ਬਹੁਤ ਜ਼ਰੂਰੀ ਹੋ ਗਿਆ ਸੀ ਕਿ ਸਾਰਿਆਂ ਨੂੰ ਇਕੱਠੇ ਕਰਕੇ ਪ੍ਰੋਗਰਾਮ ਦਿੱਤਾ ਜਾਵੇ ਅਤੇ ਬੰਦੇ ਦਾ ਇਹ ਸੁਭਾਅ ਹੈ ਜੋ ਬਹੁਤੇ ਕਰਦੇ ਹਨ ਉਹ ਕਰਨ ਲਈ

ਤਿਆਰ ਹੋ ਜਾਂਦਾ ਹੈ ਜਿਹੜਾ ਕੰਮ ਇਸ ਨੂੰ ਇਕੱਲੇ ਨੂੰ ਪਹਾੜ ਜਾਪਦਾ ਹੈ ਜਦੋਂ ਦਸ ਵੀਹ ਹਜ਼ਾਰ ਬੰਦੇ ਕਰਨ ਲਈ ਤਿਆਰ ਹੋ ਜਾਣ ਤਾਂ ਇਹ ਵੀ ਤਿਆਰ ਹੋ ਜਾਂਦਾ ਹੈ।

ਮਸਲੇ ਉਹੀ ਸਨ ਕਿ ਕੁੱਝ ਕਰਨ ਦਾ ਸਮਾਂ ਹੈ ਕਰ ਲਵੋ ਤਾਂ ਅੱਗੇ ਨਿਕਲ ਜਾਵੋਗੇ, ਰਹਿ ਗਏ ਤਾਂ ਬਹੁਤ ਪਿੱਛੇ ਰਹਿ ਜਾਵੋਗੇ। ਜਿਨੀਆਂ ਕਾਨਫ਼ਰੰਸਾਂ ਹੋਈਆਂ, ਉਨ੍ਹਾਂ ਵਿਚ ਖਾਸ ਮਤੇ ਪਾਸ ਕੀਤੇ ਗਏ ਅਤੇ ਉਨ੍ਹਾਂ ਉੱਤੇ ਫੌਰਨ ਅਮਲ ਕਰਨ ਦਾ ਆਏ ਇਕੱਠ ਕੋਲੋਂ ਵਾਅਦਾ ਲਿਆ ਗਿਆ ਜੋ ਕਿਸੇ ਹੱਦ ਤੱਕ ਉਨ੍ਹਾਂ ਨਿਭਾਇਆ। ਉਨ੍ਹਾਂ ਦਾ ਹਰੇਕ ਇਕੱਠ ਸਫਲ ਰਿਹਾ। ਉਹਨਾਂ ਦਾ ਕੋਈ ਵੀ ਯਤਨ ਨਿਸਫਲ ਨਹੀਂ ਗਿਆ। ਸਗੋਂ ਹਰ ਯਤਨ ਨੂੰ ਪਰਮਾਤਮਾ ਨੇ ਸਫਲ ਕੀਤਾ। ਉਨ੍ਹਾਂ ਜੋ ਕਾਨਫ਼ਰੰਸਾਂ ਕੀਤੀਆਂ ਸਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ—

1. ਪਿੰਡ ਬਜ਼ੁਰਗਵਾਲ, ਜ਼ਿਲ੍ਹਾ ਗੁਜਰਾਤ ਸੰਨ 1918 ਜੇਠ ਮਹੀਨੇ ਵਿਚ।

2. ਪਿੰਡ ਸ਼ਾਮ ਕੇ, ਜ਼ਿਲ੍ਹਾ ਸ਼ੇਖੂਪੁਰਾ ਸੰਨ 1922 ਮਹੀਨਾ ਜੇਠ ਵਿਚ।

3. ਪਿੰਡ ਮਿਰਜ਼ਾਪੁਰ ਜ਼ਿਲ੍ਹਾ ਗੁਜਰਾਂਵਾਲਾ, ਸੰਨ 1924 ਮਹੀਨਾ ਜੇਠ ਵਿਚ।

4. ਪਿੰਡ ਖੋਖਰਾਂਵਾਲੀ, ਜ਼ਿਲ੍ਹਾ ਸਿਆਲਕੋਟ ਸੰਨ 1925 ਮਹੀਨਾ ਜੇਠ ਵਿਚ।

5. ਪਿੰਡ ਨੰਗਲ ਸਾਧਾਂ, ਜ਼ਿਲ੍ਹਾ ਸ਼ੇਖੂਪੁਰਾ ਸੰਨ 1926 ਮਹੀਨਾ ਜੇਠ ਵਿਚ।

6. 441 ਚੱਕ, ਜ਼ਿਲ੍ਹਾ ਲਾਇਲਪੁਰ ਸੰਨ 1927 ਮਹੀਨਾ ਜੇਠ ਵਿਚ।

7. ਚੱਕ ਮਤੋ, ਜ਼ਿਲ੍ਹਾ ਲਾਹੌਰ ਸੰਨ 1928 ਮਹੀਨਾ ਜੇਠ ਵਿਚ। ਜੇਠ ਮਹੀਨੇ ਵਿਚ ਹੀ ਇਹ ਇਕੱਠ ਕਰਨੇ ਉਨ੍ਹਾਂ ਦੀ ਮਹਾਨ ਸਿਆਣਪ ਸੀ। ਨਗਰਾਂ ਦੇ ਲੋਕ ਹਾੜ੍ਹੀ ਕੱਟ ਬੈਠ ਕੇ ਵਿਹਲ਼ੇ ਹੁੰਦੇ ਸਨ, ਸਉਣੀ ਬੀਜਣ ਵਿਚ ਅਜੇ ਸਮਾਂ ਹੁੰਦਾ ਸੀ। ਜੇਠ ਮਹੀਨੇ ਵਿਚ ਕਿਸਾਨ ਵਿਹਲੇ ਹੁੰਦੇ ਸਨ।

ਨੰਗਲ ਸਾਧਾਂ ਵਿਚ ਜੋ ਆਲ ਇੰਡੀਆ ਲੁਬਾਣਾ ਕਾਨਫ਼ਰੰਸ ਹੋਈ, ਇਸ ਵਿਚ ਪੀਲੀਭੀਤ ਤੋਂ ਦੋ ਮਹਾਨ ਜਾਗੀਰਦਾਰ ਆਏ ਸਨ। ਕੰਵਰ ਮੰਨਾ ਸਿੰਘ ਅਤੇ ਰਘੂਨੰਦਨ ਸਿੰਘ। ਸੰਤ ਪ੍ਰੇਮ ਸਿੰਘ ਦੀ ਇਹ ਬੜੀ ਦੂਰ ਦ੍ਰਿਸ਼ਟੀ ਸੀ। ਉਹ ਜੋ ਚਾਹੁੰਦੇ ਸਨ ਜ਼ਿੰਦਗੀ ਨੇ ਸਾਥ ਨਹੀਂ ਦਿੱਤਾ। ਉਹ ਪੰਜਾਬ ਦੇ ਲੁਬਾਣੇ ਜਾਂ ਪੀਲੀਭੀਤ ਵਿਚ ਜੋ ਵਣਜਾਰੇ ਸਨ, ਉਨ੍ਹਾਂ ਸਾਰਿਆਂ ਨੂੰ ਇਕ ਲੜੀ ਵਿਚ ਪਰੋਣਾ ਚਾਹੁੰਦੇ ਸਨ। ਪਿੱਛੇ ਇਕ ਸੱਜਣ ਨੇ ਬੜੇ ਫਖਰ ਨਾਲ ਕਿਹਾ ਸੀ ਕਿ ਜੇ ਅੰਦਾਜ਼ਨ ਸਿੱਖ ਦੋ ਕਰੋੜ ਹਨ ਤਾਂ ਇਨ੍ਹਾਂ ਵਿਚ 40 ਲੱਖ ਰ੍ਹਾਮਗੜ੍ਹੀਆ ਬਰਾਦਰੀ ਹੈ ਅਤੇ ਇਹ ਹੈ ਵੀ ਠੀਕ। ਪਰ ਜੇ ਕਿਤੇ ਸੰਤ ਪ੍ਰੇਮ ਸਿੰਘ ਦਾ ਜੋ ਸੰਕਲਪ ਸੀ ਕਿ ਸਭ

ਵਣਜਾਰੇ ਤੇ ਲੁਬਾਣੇ ਇਕ ਹੋ ਕੇ ਅੰਮ੍ਰਿਤਧਾਰੀ ਹੋ ਜਾਂਦੇ ਤਾਂ ਇਹ ਬਰਾਦਰੀ ਕਈ ਕਰੋੜਾਂ ਦੀ ਗਿਣਤੀ ਵਿਚ ਹੁੰਦੀ। ਅਤੇ ਇੰਜ ਕਹਾਂ ਕਿ ਸਿੱਖਾਂ ਦੀ ਗਿਣਤੀ ਹੁਣ ਨਾਲੋਂ ਘੱਟੋ-ਘੱਟ ਦੁਗਣੀ ਜ਼ਰੂਰ ਹੁੰਦੀ।

ਇਨ੍ਹਾਂ ਕਾਨਫ਼ਰੰਸਾਂ ਵਿਚ ਖਾਸ ਪ੍ਰੇਰਨਾ ਤੇ ਮਤੇ ਇਹ ਸਨ—

1. ਜਿੱਥੇ ਵੀ ਹੋਵੋ ਸਤਿਗੁਰੂ ਦੀ ਟੇਕ ਨਾਲ ਰਹੋ, ਅੰਮ੍ਰਿਤਧਾਰੀ ਹੋਵੋ ਤੇ ਦੂਸਰਿਆਂ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿਉ। ਬਾਕੀ ਦਿਆਂ ਨਾਲ ਪਿਆਰ ਜ਼ਰੂਰ ਕਰੋ ਪਰ ਉਨ੍ਹਾਂ ਦੇ ਪਿੱਛੇ ਲੱਗ ਕੇ ਗੁਰਮਤਿ ਦੀ ਰਹਿਣੀ ਨਹੀਂ ਭੁੱਲਣੀ।

2. ਬੱਚਿਆਂ ਨੂੰ ਉੱਚ ਵਿੱਦਿਆ ਦਿਉ ਪਰ ਸਿੱਖੀ ਦਾ ਧਿਆਨ ਰੱਖਣਾ, ਪੜ੍ਹਦਾ ਬੱਚਾ ਕੇਸਾਂ ਦੀ ਬੇਅਦਬੀ ਤਾਂ ਨਹੀਂ ਕਰਦਾ, ਨਸ਼ੇ ਤਾਂ ਨਹੀਂ ਵਰਤਦਾ!

3. ਬੱਚੇ ਬੱਚੀਆਂ ਨੂੰ ਬਰਾਬਰ ਸਮਝਣਾ ਦੋਹਾਂ ਨੂੰ ਬਰਾਬਰ ਤਾਲੀਮ ਦੇਣੀ।

4. ਨਾ ਹੀ ਦਾਜ ਲੈਣਾ ਅਤੇ ਨਾ ਹੀ ਬੱਚੀ ਦੇ ਪੈਸੇ ਲੈਣੇ। ਵਿਆਹ ਲਈ ਬਰਾਤ ਇਕ ਰਾਤ ਤੋਂ ਜ਼ਿਆਦਾ ਨਾ ਰਹੇ। ਦਾਜ ਲੈਣਾ ਜਾਂ ਵਿਖਾਲਾ ਪਾਉਣਾ ਮਨਮਤ ਹੈ, ਇਹ ਨਾ ਕਰੋ। ਬਰਾਤ ਵਿਚ ਕੋਈ ਸ਼ਰਾਬ ਨਾ ਪੀਵੇ।

ਇਹਨਾਂ ਇਕੱਠਾਂ ਨੇ ਦੂਰ ਬੈਠਿਆਂ ਨੂੰ ਨੇੜੇ ਕਰ ਦਿੱਤਾ ਸੀ ਅਤੇ ਦਿਲੀ ਸਾਂਝ ਬਣਾ ਦਿੱਤੀ ਸੀ। ਇੰਜ ਜਾਪਦਾ ਸੀ ਜਿਵੇਂ ਸਾਰੀ ਬਰਾਦਰੀ ਇਕ ਪਰਿਵਾਰ ਹੋਵੇ, ਇਕ ਦੂਸਰੇ ਨਾਲ ਅੰਦਰੋਂ ਹਮਦਰਦੀ ਤੇ ਪਿਆਰ ਪੈਦਾ ਹੋ ਰਿਹਾ ਸੀ। ਸੰਤ ਪ੍ਰੇਮ ਸਿੰਘ ਇਕ ਵੱਡੇ ਬਜ਼ੁਰਗ ਤੇ ਸਭ ਦਾ ਜੋੜ ਨਜ਼ਰ ਆਉਂਦੇ ਸਨ।

ਸੰਸਾਰ ਵਿਚ ਉਹ ਬੰਦੇ ਤਾਂ ਬਹੁਤ ਆਏ ਹਨ ਜਿਨ੍ਹਾਂ ਦੇ ਕੋਲ ਵਿੱਦਿਆ ਦਾ ਬਲ ਸੀ, ਚਿਹਰੇ ਦਾ ਪ੍ਰਭਾਵ ਸੀ ਅਤੇ ਪ੍ਰਹੇਜ਼ਗਾਰ ਅਤੇ ਸਾਧੂ ਬਾਣੇ ਵਿਚ ਵਿਚਰੇ। ਪਰ ਉਨ੍ਹਾਂ ਵਿਤਕਰਾ ਵਧਾਇਆ ਬੰਦੇ ਨਾਲੋਂ ਬੰਦੇ ਨੂੰ ਤੋੜਿਆ ਅਤੇ ਐਸੀ ਵਿੱਥ ਪਾ ਦਿੱਤੀ ਜੋ ਅੱਜ ਤੱਕ ਦੂਰ ਨਹੀਂ ਹੋ ਸਕੀ। ਬੰਦੇ ਤੋਂ ਬੰਦੇ ਨੂੰ ਨਫ਼ਰਤ ਹੋ ਗਈ, ਘ੍ਰਿਣਾ ਹੋ ਗਈ, ਇਕ ਨੂੰ ਪਹਾੜ 'ਤੇ ਚੜ੍ਹਾ ਦਿੱਤਾ ਤੇ ਦੂਸਰੇ ਨੂੰ ਖੱਡ ਵਿਚ ਸੁੱਟ ਦਿੱਤਾ। ਇਕ ਨੂੰ ਕਹਿ ਦਿੱਤਾ ਤੂੰ ਏਨਾ ਉੱਚਾ ਹੈਂ ਕਿ ਨੀਵੇਂ ਨਾਲ ਛੋਹ ਗਿਆ ਤਾਂ ਭ੍ਰਿਸ਼ਟ ਹੋ ਜਾਵੇਂਗਾ। ਇਸਦੇ ਪਰਛਾਵੇਂ ਤੋਂ ਵੀ ਬਚ ਕੇ ਰਹਿਣਾ। ਇਹ ਉਨ੍ਹਾਂ ਬੰਦਿਆਂ ਪਾਪ ਕੀਤਾ ਜੋ ਆਪਣੇ ਆਪ ਨੂੰ ਸਾਧੂ ਤੇ ਪ੍ਰਹੇਜ਼ਗਾਰ ਦਸਦੇ ਸਨ। ਇਕ ਅਦੀਬ ਦਾ ਕਥਨ ਹੈ—

ਉਤਨੇ ਗੁਨਾਹ ਰਿੰਦ ਨਹੀ ਕਰਤੇ ਜਿਤਨੇ ਪ੍ਰਹੇਜ਼ਗਾਰ ਕਰਤੇ ਹੈਂ।
ਹਮ ਤੇਰੀ ਬੰਦਗੀ ਕਰੇਂ ਯਾ ਨਾ ਤੇਰੇ ਬੰਦੋ ਸੇ ਪਿਆਰ ਕਰਤੇ ਹੈਂ।

ਅਸਲ ਵਿਚ ਮਾਲਾ ਫੇਰਨੀਆਂ ਰਾਮ ਰਾਮ ਰਟਨਾ ਬੰਦਗੀ ਨਹੀਂ। ਬੰਦਗੀ

ਤੇ ਹੈ ਹੀ ਇਹ ਕਿ ਮੂੰਹੋਂ ਕੋਈ ਰਾਮ ਆਖੇ ਤੇ ਜਿਹੜਾ ਮਨੁੱਖ ਵੀ ਦਿੱਸੇ ਉਸ ਵਿਚ ਰਾਮ ਨਜ਼ਰ ਆਵੇ। ਐਸਾ ਤਾਂ ਹੋ ਨਹੀਂ ਸਕਿਆ ਮਾਮੂਲੀ ਲਫ਼ਜ਼ਾਂ ਦਾ ਅੱਗਾ ਪਿੱਛਾ ਹੋ ਗਿਆ ਤਾਂ ਬੰਦੇ ਦਾ ਸਿਰ ਕੱਟ ਦੇਣਾ। ਬ੍ਰਾਹਮਣ ਨੇ ਇੱਥੇ ਤਕ ਕਿਹਾ ਸੀ ਕਿ ਜੇ ਵੇਦ-ਮੰਤ੍ਰ ਪੜ੍ਹਦਾ ਕੋਈ ਸ਼ੂਦਰ ਫੜਿਆ ਜਾਵੇ, ਉਸਦੀ ਜ਼ਬਾਨ ਕੱਟ ਦਿੱਤੀ ਜਾਵੇ ਜਾਂ ਸੁਣਦਾ ਫੜਿਆ ਜਾਵੇ, ਉਸਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਵੇ। ਸ਼ੂਦਰਾਂ ਨੂੰ ਆਪਣੇ ਪਿੱਛੇ ਹਰੀਆਂ ਟਾਹਣੀਆਂ ਬੰਨ੍ਹ ਕੇ ਤੁਰਨਾ ਪੈਂਦਾ ਸੀ ਕਿ ਉਨ੍ਹਾਂ ਦਾ ਪਰਛਾਵਾਂ ਧਰਤੀ 'ਤੇ ਪੈਕੇ ਧਰਤੀ ਨੂੰ ਭ੍ਰਿਸ਼ਟ ਨਾ ਕਰ ਦੇਵੇ।

ਯਹੂਦੀਆਂ ਦੇ ਪੈਗੰਬਰ ਬਾਰੇ ਇਕ ਕਥਾ ਹੈ ਕਿ ਇਕ ਅਯਾਲੀ ਨੂੰ ਇਸ ਨੇ ਵੇਖਿਆ ਉਹ ਕਹਿ ਰਿਹਾ ਸੀ ਹੇ ਖ਼ੁਦਾ ਮੈਂ ਤੈਨੂੰ ਮਿੱਤਰ ਬਣਾਉਣਾ ਚਾਹੁੰਦਾ ਹਾਂ, ਤੂੰ ਬਿਲਕੁਲ ਮੇਰੇ ਜੈਸਾ ਹੈਂ, ਤੇਰੀ ਮੇਰੀ ਮਿੱਤਰਤਾ ਹੋ ਸਕਦੀ ਹੈ। ਮੈਂ ਸੁਣਿਆ ਹੈ, ਤੂੰ ਵੀ ਇਕੱਲਾ ਹੈਂ ਕੋਈ ਤੇਰਾ ਘਰ-ਘਾਟ ਨਹੀਂ। ਮੈਂ ਅੱਧੀਆਂ ਭੇਡਾਂ ਤੈਨੂੰ ਦੇ ਦਿਆਂਗਾ। ਤੇਰੀ ਜੁੱਤੀ ਗੰਢ ਦਿਆਂਗਾ, ਅੱਧੀ ਰੋਟੀ ਤੇ ਸਾਗ ਤੈਨੂੰ ਦਿਆਂਗਾ, ਅੱਧੀ ਰੋਟੀ ਆਪ ਖਾਵਾਂਗਾ। ਤੈਨੂੰ ਬੁਖਾਰ ਚੜ੍ਹੇ ਤਾਂ ਦਵਾਈ ਦੇ ਕੇ ਉਤਾਰ ਦਿਆਂਗਾ। ਤੈਨੂੰ ਜੂੰਆਂ ਪੈਣ ਤਾਂ ਬੂਟੀ ਪਾ ਕੇ ਮਾਰ ਦਿਆਂਗਾ। ਤੂੰ ਕਿੱਥੇ ਹੈਂ ਮੈਂ ਤੇਰੀ ਚਾਕਰੀ ਕਰਾਂ।

ਮਸਨਵੀ ਰੂਮੀ ਵਿਚ ਲਿਖਿਆ ਹੈ—

ਤੂ ਕੁਜਾਈ ਤਾ ਸ਼ਵੱਮ ਮਮ ਚਾਕਰਮ।

ਮੂਸਾ ਪੈਗੰਬਰ ਨੇ ਇਹ ਗੱਲਾਂ ਸੁਣੀਆਂ ਤੇ ਉਸ ਦੇ ਮੂੰਹ 'ਤੇ ਇਕ ਥੱਪੜ ਮਾਰ ਦਿੱਤਾ ਤੇ ਕਿਹਾ ਤੂੰ ਖ਼ੁਦਾ ਨੂੰ ਆਪਣੇ ਵਰਗਾ ਸਮਝਦਾ ਹੈਂ। ਉਹ ਉੱਚਿਆਂ ਤੋਂ ਉੱਚਾ ਹੈ। ਅਯਾਲੀ ਨੇ ਕਿਹਾ ਖ਼ਿਮਾ ਕਰਨਾ, ਮੈਨੂੰ ਭੁਲੇਖਾ ਲੱਗ ਗਿਆ ਹੈ। ਫਿਰ ਮੇਰੀ ਤੇ ਉਸਦੀ ਮਿੱਤਰਤਾ ਨਹੀਂ ਹੋ ਸਕਦੀ।

ਰਾਤ ਮੂਸਾ ਰੱਬ ਨਾਲ ਜੁੜ ਕੇ ਗੱਲਾਂ ਕਰਦਾ ਸੀ। ਅੱਜ ਆਵਾਜ਼ ਆਈ ਕਿ ਹੇ ਮੂਸਾ! ਤੈਨੂੰ ਮੈਂ ਜੋੜਨ ਲਈ ਭੇਜਿਆ ਹੈ, ਤੋੜਨ ਲਈ ਨਹੀਂ। ਤੂੰ ਇਕ ਜੁੜੇ ਹੋਏ ਨੂੰ ਤੋੜ ਦਿੱਤਾ ਹੈ। ਉਹ ਮੇਰੇ ਨਾਲ ਕਿੰਨੇ ਪਿਆਰ ਨਾਲ ਗੱਲਾਂ ਕਰਦਾ ਸੀ। ਮੈਂ ਉਸਦੀ ਗੱਲ ਸੁਣ ਕੇ ਖ਼ੁਸ਼ ਹੋ ਰਿਹਾ ਸੀ।

ਵਹੀ ਆਮਦ ਸੂਏ ਮੂਸਾ ਅਜ਼ ਖ਼ੁਦਾ।
ਬੰਦਾਏ ਮਾਰਾ ਜ਼ਿਮਾ ਕਰਦੀ ਜੁਦਾ।
ਤੂ ਬਰਾਏ ਵਸਲ ਕਰਦਨ ਆਮਦੀ।
ਨੇਹ ਬਰਾਏ ਫ਼ਸਲ ਕਰਦਨ ਆਮਦੀ।

(ਮਸਨਵੀ ਰੂਮੀ)

ਸੰਤ ਪ੍ਰੇਮ ਸਿੰਘ ਜੀ ਨੇ ਵੇਖਿਆ ਕਿ ਮਨੁੱਖਾਂ ਦੀ ਦੂਰੀ ਵਧ ਰਹੀ ਹੈ। ਇਸ ਦਾ ਕਾਰਨ ਇਕੋ ਹੈ ਕਿ ਮਨੁੱਖ ਪਰਮਾਤਮਾ ਤੋਂ ਟੁੱਟਾ ਹੈ, ਸ਼ੁੱਭ ਗੁਣਾਂ ਤੋਂ ਟੁੱਟਾ ਹੈ, ਕਦੀ ਪ੍ਰੇਮ ਦੀ ਦਾਤ ਇਸਨੂੰ ਮਿਲ ਜਾਏ ਤਾਂ ਇਹ ਦੂਰੀਆਂ ਮਿਟ ਸਕਦੀਆਂ ਹਨ। ਪਛੜੀਆਂ ਜਾਤਾਂ ਨਾਲ ਉਨ੍ਹਾਂ ਨੂੰ ਪੂਰਨ ਹਮਦਰਦੀ ਸੀ ਤੇ ਬੜਾ ਧਿਆਨ ਰੱਖਦੇ ਸਨ। ਉਹ ਚਾਹੁੰਦੇ ਸਨ ਜਿਨ੍ਹਾਂ ਬੰਦਿਆਂ ਨਾਲ ਸਦੀਆਂ ਤੋਂ ਬੇਇਨਸਾਫ਼ੀ ਹੋ ਰਹੀ ਹੈ, ਉਨ੍ਹਾਂ ਨੂੰ ਉਨ੍ਹਾਂ ਦਾ ਹੱਕ ਮਿਲਣਾ ਚਾਹੀਦਾ ਹੈ। ਉਨ੍ਹਾਂ ਦੀ ਵਿੱਦਿਆ ਬਾਰੇ ਇੰਨੀ ਪ੍ਰਬਲ ਭਾਵਨਾ ਸੀ ਕਿ ਕੋਈ ਵੀ ਪਛੜੀ ਜਾਤ ਦਾ ਮਨੁੱਖ ਅਨਪੜ੍ਹ ਨਾ ਰਹੇ, ਉਨ੍ਹਾਂ ਦਾ ਖ਼ਿਆਲ ਸੀ ਕਿ ਵਿੱਦਿਆਹੀਣ ਹੋਣ ਕਰਕੇ ਹੀ ਲੋਕ ਪਿਛੜੇ ਹਨ ਅਤੇ ਇਨ੍ਹਾਂ ਨੂੰ ਵਿੱਦਿਆ ਤੋਂ ਵਾਂਝੇ ਰੱਖਣ ਦੀ ਉਨ੍ਹਾਂ ਬੰਦਿਆਂ ਦੀ ਹੀ ਜ਼ਿੰਮੇਵਾਰੀ ਹੈ ਜਿਹੜੇ ਇਨ੍ਹਾਂ ਨੂੰ ਸਦਾ ਲਈ ਗ਼ੁਲਾਮ ਰੱਖਣਾ ਚਾਹੁੰਦੇ ਸਨ।

ਉਨ੍ਹਾਂ ਦੀ ਇਹ ਤੀਬਰ ਤਾਂਘ ਅਤੇ ਪ੍ਰੇਰਨਾ ਤਨ ਮੁੱਕਣ ਨਾਲ ਵੀ ਨਹੀਂ ਮੁੱਕੀ। ਇਕ ਅਦੀਬ ਕਹਿੰਦੇ ਹਨ—

ਤੂ ਨਹੀ ਲੇਕਿਨ ਤੇਰੀ ਉਲਫ਼ਤ ਅਭੀ ਤਕ ਦਿਲ ਮੇਂ ਹੈ।
ਬੁੱਝ ਚੁਕੀ ਹੈ ਸ਼ਮ੍ਹਾਂ ਫਿਰ ਭੀ ਰੌਸ਼ਨੀ ਮਹਿਫਲ ਮੇਂ ਹੈ।

ਇਸ ਤੜਫ਼ ਤਾਂਘ ਨੇ ਫਿਰ ਸਾਕਾਰ ਰੂਪ ਧਾਰਨ ਕੀਤਾ ਜਦੋਂ ਸੰਨ 1969 ਵਿਚ ਗੁਰੂ ਨਾਨਕ ਪ੍ਰੇਮਸਰ ਕਾਲਜ ਨਡਾਲੇ ਵਿਚ ਖੁੱਲ੍ਹ ਗਿਆ ਅਤੇ ਚੱਲ ਰਿਹਾ ਹੈ। ਬੇਗੋਵਾਲ ਵਿਚ ਸੰਤ ਪ੍ਰੇਮ ਸਿੰਘ ਕਰਮਸਰ ਖ਼ਾਲਸਾ ਕਾਲਜ ਸੰਨ 1970 ਵਿਚ ਖੋਲ੍ਹਿਆ ਗਿਆ ਸੀ।

ਲੁਬਾਣੇ ਸੁਣਨ ਭਾਵੇਂ ਨਾ ਸੁਣਨ ਸੰਤ ਪ੍ਰੇਮ ਸਿੰਘ ਦੀ ਇੱਛਾ ਤਾਂ ਹਰ ਲੁਬਾਣੇ ਦੇ ਅੰਦਰੋਂ ਬੋਲ ਰਹੀ ਹੈ ਕਿ ਨਾ ਵਿੱਦਿਆ ਤੋਂ ਹੀਣ ਆਪ ਰਹੀਂ ਅਤੇ ਨਾ ਆਪਣੇ ਬੱਚਿਆਂ ਨੂੰ ਅਨਪੜ੍ਹ ਰੱਖੀਂ। ਜੇ ਸੰਸਾਰ ਵਿਚ ਇੱਜ਼ਤ ਨਾਲ ਜੀਣਾ ਚਾਹੁੰਦਾ ਹੈਂ ਤਾਂ ਵਿੱਦਿਆ ਪੜ੍ਹ ਅਤੇ ਵਿੱਦਿਆ ਪੜ੍ਹਾ। ਵਿੱਦਿਆ ਦਾ ਵੱਧ ਤੋਂ ਵੱਧ ਸਤਿਕਾਰ ਕਰ। ਮਨੁੱਖ ਵਿਚਾਰਵਾਨ ਤਾਂ ਹੀ ਬਣੇਗਾ ਜੇ ਵਿਦਵਾਨ ਹੋਵੇਗਾ। ਵਿਚਾਰ ਤੋਂ ਵੀ ਥੱਲੇ ਚਲਾ ਜਾਏ ਤਾਂ ਮਨੁੱਖ ਤੇ ਪਸ਼ੂ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ। ਵਿੱਦਿਆ ਦੇ ਸੰਬੰਧ ਵਿਚ ਉਨ੍ਹਾਂ ਨੇ ਬਿਲਕੁਲ ਠੀਕ ਦਿਸ਼ਾ ਪ੍ਰਦਾਨ ਕੀਤੀ ਹੈ। ਸੰਤ ਪ੍ਰੇਮ ਸਿੰਘ ਦਾ ਜੀਵਨ ਅਡੋਲ ਜੀਵਨ ਸੀ, ਸਹਿਜ ਜੀਵਨ ਸੀ। ਉਨ੍ਹਾਂ ਨੂੰ ਜੀਵਨ, ਸੱਤ ਦੀ ਕਸਵੱਟੀ 'ਤੇ ਪਰਖਣਾ ਆਉਂਦਾ ਸੀ। ਜੀਵਨ ਸੱਚ ਦੀ ਤਕੜੀ 'ਤੇ ਤੋਲਣਾ ਆਉਂਦਾ ਸੀ। ਉਸ ਜੀਵਨ ਦਾ ਪੂਰਾ ਸੰਤੁਲਨ ਸੀ ਉੱਥੇ ਉਲਾਰਪੁਣਾ ਨਹੀਂ ਸੀ।

ਵਿੱਦਿਆ ਦੇ ਸੰਬੰਧ ਵਿਚ ਕੁੱਝ ਮਨੁੱਖ ਐਸੇ ਹਨ ਜੋ ਸਿਰਫ਼ ਉਸ ਵਿੱਦਿਆ

ਨੂੰ ਵਿੱਦਿਆ ਮੰਨਦੇ ਹਨ ਜਿਸ ਨਾਲ ਸਫਲ ਰੋਟੀ ਮਿਲੇ। ਪੜ੍ਹ ਕੇ ਬੰਦਾ ਪੈਸਾ ਕਮਾ ਸਕੇ। ਆਤਮਿਕ ਵਿੱਦਿਆ ਪੜ੍ਹਨ ਲਈ ਉਹ ਤਿਆਰ ਨਹੀਂ। ਉਹ ਆਤਮਾ ਨੂੰ ਹੀ ਨਹੀਂ ਮੰਨਦੇ। ਆਤਮਾ ਉਨ੍ਹਾਂ ਲਈ ਕੋਰਾ ਸ਼ਬਦ ਹੈ। ਵਿਗਿਆਨ ਸਿਰਫ਼ ਉਸ ਚੀਜ਼ ਨੂੰ ਮੰਨਣ ਵਾਸਤੇ ਤਿਆਰ ਹੈ ਜੋ ਪਕੜ ਵਿਚ ਆਵੇ। ਸਰੀਰ ਦਿਸਦਾ ਹੈ, ਪਕੜ ਵਿਚ ਆਉਂਦਾ ਹੈ। ਪਦਾਰਥ ਨੂੰ ਵਿਗਿਆਨਕ ਮੰਨਦਾ ਹੈ।

ਵਿਗਿਆਨ ਕਹਿੰਦਾ ਹੈ ਕਿਸੇ ਚੀਜ਼ ਦੇ ਬਣਨ ਲਈ ਤਿੰਨਾਂ ਚੀਜ਼ਾਂ ਦੀ ਲੋੜ ਹੈ। ਪਹਿਲਾ ਸਪੇਸ, ਦੂਸਰਾ ਟਾਈਮ, ਤੀਸਰਾ ਮੈਟਰ, ਇਨ੍ਹਾਂ ਤੋਂ ਬਿਨਾਂ ਕੁੱਝ ਨਹੀਂ ਬਣ ਸਕਦਾ। ਇਹ ਹੀ ਤਿੰਨ ਮਿਲਕੇ ਸ੍ਰਿਸ਼ਟੀ ਚਲਾ ਰਹੇ ਹਨ। ਪਰਮਾਤਮਾ ਨੂੰ ਸਾਇੰਸਦਾਨ ਨਹੀਂ ਮੰਨਦਾ। ਦੂਸਰੇ ਪਾਸੇ ਸਾਡੇ ਸਾਧੂ ਸੰਤ ਕਹਿੰਦੇ ਹਨ ਸਕੂਲੀ ਵਿੱਦਿਆ ਬਿਲਕੁਲ ਬੇਕਾਰ ਹੈ। ਆਤਮਾ ਦਾ ਉਧਾਰ ਤਾਂ ਨਾਮ ਨੇ ਕਰਨਾ ਹੈ। ਇਸ ਲਈ ਬ੍ਰਹਮ ਵਿੱਦਿਆ ਪੜ੍ਹੋ। ਦੂਸਰੀ ਵਿੱਦਿਆ ਦੀ ਕੀ ਲੋੜ ਹੈ ? ਐਸੇ ਬੰਦੇ ਦੋਵੇਂ ਹੀ ਅਧੂਰੇ ਹਨ ਇਕ ਆਤਮਾ ਨੂੰ ਮੰਨਦਾ ਹੈ, ਸਰੀਰ ਨੂੰ ਨਹੀਂ। ਦੂਸਰਾ ਸਰੀਰ ਨੂੰ ਮੰਨਦਾ ਹੈ, ਆਤਮਾ ਨੂੰ ਨਹੀਂ।

ਸੰਤ ਪ੍ਰੇਮ ਸਿੰਘ ਦੀ ਦ੍ਰਿਸ਼ਟੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਆਧਾਰ 'ਤੇ ਸੀ ਉਸ ਵਿਚ ਦੋਵੇਂ ਪੱਖ ਲਏ ਹਨ। ਸਮੁੱਚੇ ਜੀਵਨ ਨੂੰ ਜਿਊਣ ਵਾਸਤੇ ਸਰੀਰ ਤੇ ਆਤਮਾ ਦੋਵਾਂ ਦੀਆਂ ਹੀ ਲੋੜਾਂ ਪੂਰੀਆਂ ਕਰਨੀਆਂ ਹਨ। ਅਧਿਆਤਮਕਤਾ ਵੀ ਸੰਭਾਲਣੀ ਹੈ ਅਤੇ ਸਰੀਰ ਵੀ। ਗੁਰੂ ਅਮਰਦਾਸ ਇਕ ਵਾਰ ਦੌੜ ਕੇ ਇਕ ਦੀਵਾਰ ਕੋਲੋਂ ਲੰਘ ਗਏ। ਸਿੱਖਾਂ ਪੁੱਛਿਆ ਪਾਤਸ਼ਾਹ ਤੁਸੀਂ ਤਾਂ ਅਮਰ ਆਤਮਾ ਜਾਣ ਚੁੱਕੇ ਹੋ, ਡਰ ਕਿਉਂ ਗਏ, ਤੁਸੀਂ ਦੌੜ ਕੇ ਕਿਉਂ ਲੰਘ ਗਏ। ਸਤਿਗੁਰਾਂ ਕਿਹਾ ਸੀ ਮੈਂ ਡਰਿਆ ਨਹੀਂ, ਡਰ ਕੇ ਦੌੜਿਆ ਨਹੀਂ। ਮੈਂ ਕੇਵਲ ਸਰੀਰ ਦੀ ਸੰਭਾਲ ਕੀਤੀ ਹੈ ਜੋ ਪਰਮਾਤਮਾ ਦੀ ਅਮੋਲਕ ਦਾਤ ਹੈ। ਸੰਤ ਪ੍ਰੇਮ ਸਿੰਘ ਨੂੰ ਆਤਮਾ ਦੀ ਅਮਰਤਾ ਦਾ ਵੀ ਅਨੁਭਵ ਸੀ ਅਤੇ ਸਰੀਰ ਦੀ ਮਹਾਨਤਾ ਦਾ ਵੀ ਪੂਰਾ ਪਤਾ ਸੀ। ਆਤਮਿਕ ਅਨੁਭਵ ਲਈ ਉਹ ਗੁਰਬਾਣੀ ਦਾ ਗਿਆਨ ਨਿੱਤ ਪੜ੍ਹਦੇ ਸਨ ਤੇ ਦੂਸਰਿਆਂ ਨੂੰ ਪੜ੍ਹਾਉਂਦੇ ਸਨ ਅਤੇ ਸਰੀਰਕ ਸੁੱਖਾਂ ਦੀ ਪ੍ਰਾਪਤੀ ਲਈ ਵਿਗਿਆਨਕ ਦ੍ਰਿਸ਼ਟੀ ਚਾਹੀਦੀ ਸੀ ਉਸ ਵਾਸਤੇ ਉਨ੍ਹਾਂ ਸਕੂਲ ਖੋਲ੍ਹੇ ਸਨ। ਜ਼ਿੰਦਗੀ ਛੇਤੀ ਜੁਆਬ ਦੇ ਗਈ ਨਹੀਂ ਤਾਂ ਪਤਾ ਨਹੀਂ ਉਨ੍ਹਾਂ ਦੀਆਂ ਕਿੰਨੀਆਂ ਕੁ ਰੀਝਾਂ ਸਨ। ਸੱਚ ਤਾਂ ਇਹ ਹੈ ਕਿ ਵਿਗਿਆਨਕ ਉਪਲਬਧੀਆਂ ਵਾਸਤੇ ਉਹ ਸੌ ਸਾਲ ਅੱਗੇ ਦੀ ਸੋਚਦੇ ਸਨ।

ਦੁਨਿਆਵੀ ਵਿੱਦਿਆ ਉਹ ਹੈ ਜਿਸ ਨਾਲ ਸਮਝਣਾ ਹੈ ਕਿ ਦੁਨੀਆਂ ਕੀ ਹੈ ? ਰੂਹਾਨੀ ਵਿੱਦਿਆ ਅਧਿਆਤਮਿਕ ਵਿੱਦਿਆ ਉਹ ਹੈ ਜਿਸ ਨਾਲ ਸਮਝਣਾ

ਹੈ ਕਿ ਮੈਂ ਕੀ ਹਾਂ ? ਦੁਨੀਆਂ ਨੂੰ ਸਮਝਣ ਦਾ ਭਾਵ ਹੈ ਦੂਸਰੇ ਨੂੰ ਸਮਝਣਾ। ਬਾਹਰ ਕੁੱਝ ਸਮਝਣਾ। ਇਹ ਨਾ ਸਮਝਿਆ ਤਾਂ ਮਨੁੱਖ ਬਾਹਰੋਂ ਲੁਟਿਆ ਜਾਵੇਗਾ। ਬਾਹਰਲਾ ਧਨ ਲੁੱਟਿਆ ਜਾਵੇਗਾ।

ਅਧਿਆਤਮਕ ਵਿੱਦਿਆ ਵਿਚ ਧਾਰਮਿਕ ਵਿੱਦਿਆ ਆ ਜਾਂਦੀ ਹੈ। ਇਸ ਨਾਲ ਜੇ ਆਪਣੇ ਆਪੇ ਨੂੰ ਨਾ ਸਮਝਿਆ ਤਾਂ ਮਨੁੱਖ ਅੰਦਰੋਂ ਲੁੱਟਿਆ ਜਾਵੇਗਾ। ਗੁਜ਼ਰਾਨ ਵਾਸਤੇ ਬਾਹਰਲਾ ਧਨ ਚਾਹੀਦਾ ਹੈ ਬਾਹਰਲੀ ਵਿੱਦਿਆ ਨਾਲ ਕੋਈ ਧਨ ਕਮਾਵੇਗਾ ਅਤੇ ਆਪਣੇ ਧਨ ਦੀ ਰਖਵਾਲੀ ਵੀ ਕਰੇਗਾ। ਰੂਹਾਨੀ ਵਿੱਦਿਆ ਨਾਲ ਕੋਈ ਨਾਮ ਧਨ ਇਕੱਠਾ ਕਰੇਗਾ ਅਤੇ ਨਾਮ ਧਨ ਦੀ ਰਖਵਾਲੀ ਵੀ ਕਰੇਗਾ।

ਏਹੀ ਕਾਰਨ ਹੈ ਕਿ ਜਿੰਨਾ ਧਿਆਨ ਉਨ੍ਹਾਂ ਦਾ ਬ੍ਰਹਮ ਵਿੱਦਿਆ ਵੱਲ ਸੀ, ਉੱਨਾ ਧਿਆਨ ਹੀ ਉਨ੍ਹਾਂ ਦਾ ਸਕੂਲੀ ਵਿੱਦਿਆ ਵੱਲ ਸੀ। ਇਕ ਕਹਾਣੀ ਰਾਹੀਂ ਉਨ੍ਹਾਂ ਦੀ ਦ੍ਰਿਸ਼ਟੀ ਸਾਡੀ ਸਮਝ ਵਿਚ ਆ ਜਾਵੇਗੀ।

ਕਿਤੇ ਨੇਜ਼ੇਬਾਜ਼ੀ ਦੀ ਪ੍ਰਤੀਯੋਗਤਾ ਸੀ। ਨੇਜ਼ੇ ਨਾਲ ਕਿਲ੍ਹੇ ਢੁੰਡਣੇ ਸਨ। ਕਈਆਂ ਨੇ ਘੋੜੇ ਚੰਗੇ ਪਾਲੇ ਆਪਣੇ ਵੱਲ ਧਿਆਨ ਨਾ ਦਿੱਤਾ। ਕਈਆਂ ਨੇ ਆਪਣਾ ਆਪਾ ਪਾਲਿਆ ਘੋੜੇ ਦਾ ਖ਼ਿਆਲ ਨਾ ਕੀਤਾ। ਉਹ ਦੋਵੇਂ ਹਾਰ ਗਏ, ਕਈਆਂ ਦੇ ਘੋੜੇ ਡਿੱਗ ਪਏ, ਕਮਜ਼ੋਰ ਸਨ। ਕਈ ਆਪ ਡਿੱਗ ਪਏ ਆਪ ਕਮਜ਼ੋਰ ਸਨ। ਇਕ ਜਿੱਤ ਗਿਆ, ਉਹ ਆਪ ਵੀ ਬਲਵਾਨ ਸੀ, ਉਸਦਾ ਘੋੜਾ ਵੀ ਬਲਵਾਨ ਸੀ। ਸਰੀਰ ਘੋੜਾ ਹੈ, ਅਸਵਾਰ ਆਤਮਾ ਹੈ। ਬ੍ਰਹਮ ਵਿੱਦਿਆ ਦੀ ਖੁਰਾਕ ਨਾਲ ਆਤਮਾ ਨੇ ਬਲਵਾਨ ਹੋਣਾ ਹੈ। ਦੁਨਿਆਵੀ ਵਿੱਦਿਆ ਨਾਲ ਸਫਲ ਰੋਟੀ ਮਿਲੇਗੀ ਇਸ ਨਾਲ ਸਰੀਰ ਨੇ ਬਲਵਾਨ ਹੋਣਾ ਹੈ। ਜੀਵਨ ਦੀ ਪ੍ਰਤੀਯੋਗਤਾ ਵਿਚ ਮੁਕਾਬਲੇ ਵਿਚ ਉਹੀ ਜਿੱਤਣਗੇ, ਜਿਨ੍ਹਾਂ ਦਾ ਸਰੀਰ ਵੀ ਬਲਵਾਨ ਹੈ ਅਤੇ ਜਿਨ੍ਹਾਂ ਦੀ ਆਤਮਾ ਵੀ ਬਲਵਾਨ ਹੈ। ਸੰਤ ਪ੍ਰੇਮ ਸਿੰਘ ਦੋਵੇਂ ਹੀ ਵਿੱਦਿਆ ਚਾਹੁੰਦੇ ਸਨ ਤਾਂਕਿ ਆਤਮਾ ਵੀ ਬਲਵਾਨ ਰਹੇ ਸਰੀਰ ਵੀ ਬਲਵਾਨ ਰਹੇ।

ਜਿਹੜੇ ਬੰਦੇ ਅਕਾਸ਼ ਦੀਆਂ ਗੱਲਾਂ ਭਾਵ ਆਤਮਾ ਦੀਆਂ ਗੱਲਾਂ ਹੀ ਕਰਦੇ ਰਹੇ ਉਹ ਸਰੀਰ ਰੂਪੀ ਧਰਤੀ ਗਵਾ ਬੈਠੇ। ਜਿਹੜੇ ਸਰੀਰ ਰੂਪੀ ਧਰਤੀ ਦੀ ਗੱਲ ਕਰਦੇ ਰਹੇ ਆਕਾਸ਼ ਰੂਪੀ ਆਤਮਾ ਤੋਂ ਵਾਂਝੇ ਰਹਿ ਗਏ ਉਹ ਧਰਤੀ ਦੇ ਕੀੜੇ ਬਣ ਕੇ ਰਹਿ ਗਏ, ਆਤਮਿਕ ਉਡਾਰੀ ਨਾ ਮਾਰ ਸਕੇ।

ਭ੍ਰਿਗੂ ਸਹੰਤਾ ਦਾ ਇਕ ਜੋਤਸ਼ੀ ਰਾਤ ਤਾਰਿਆਂ ਦਾ ਹਿਸਾਬ ਲਗਾ ਰਿਹਾ ਸੀ। ਅਚਾਨਕ ਇਕ ਖੂਹ ਵਿਚ ਡਿੱਗ ਪਿਆ। ਉਜਾੜ ਵਿਚ ਇਮਦਾਦ ਵੀ ਨਾ ਮਿਲੀ। ਸਾਰੀ ਰਾਤ ਖੂਹ ਵਿਚ ਹੀ ਪਿਆ ਰਿਹਾ। ਸਵੇਰੇ ਲੱਕੜਾਂ ਕੱਟਣ ਵਾਲੀ ਇਕ ਮਾਈ ਜੰਗਲ ਵਿਚ ਗਈ ਤੇ ਇਤਫਾਕ ਨਾਲ ਖੂਹ ਦੇ ਨੇੜੇ ਹੀ ਲੱਕੜਾਂ

ਕੱਟਣ ਲੱਗੀ। ਕੁਹਾੜੀ ਦੀ ਆਵਾਜ਼ ਸੁਣ ਕੇ ਜੋਤਸ਼ੀ ਨੇ ਆਵਾਜ਼ਾਂ ਦਿੱਤੀਆਂ ਕਿ ਕੋਈ ਹੈ ਮੈਨੂੰ ਖੂਹ ਵਿਚੋਂ ਬਾਹਰ ਕੱਢੋ। ਮਾਈ ਆਈ, ਰੱਸਾ ਉਸਦੇ ਪਾਸ ਸੀ ਉਸਨੇ ਰੱਸਾ ਵਗਾਇਆ ਤੇ ਜੋਤਸ਼ੀ ਨੂੰ ਖੂਹ ਵਿਚੋਂ ਬਾਹਰ ਕੱਢਿਆ। ਜੋਤਸ਼ੀ ਨੇ ਬੜਾ ਧੰਨਵਾਦ ਕੀਤਾ ਤੇ ਕਿਹਾ ਮਾਤਾ ਤੇਰਾ ਧੰਨਵਾਦ ਹੈ, ਤੂੰ ਆਈ ਤੇ ਮੈਨੂੰ ਬਾਹਰ ਕੱਢਿਆ ਹੈ। ਨਹੀਂ ਤਾਂ ਮੈਂ ਇਸ ਖੂਹ ਵਿਚੋਂ ਬਾਹਰ ਕਿੱਥੇ ਆਉਣਾ ਸੀ, ਮੈਂ ਏਥੇ ਹੀ ਮਰ ਜਾਣਾ ਸੀ ਤੇ ਕਹਿਣ ਲੱਗਾ, ਤੂੰ ਜਾ ਤੇਰੀ ਸੰਤਾਨ ਨੇ ਜੋਤਿਸ਼ ਵਿੱਦਿਆ 'ਤਾਰਿਆਂ' ਦਾ ਹਿਸਾਬ ਸਿੱਖਣਾ ਹੋਵੇ ਤਾਂ ਮੈਂ ਮੁਫ਼ਤ ਸਿਖਾਵਾਂਗਾ। ਕੋਈ ਟੇਵਾ ਕੁੰਡਲੀ ਬਣਾਉਣੀ ਹੋਵੇ ਤਾਂ ਮੁਫ਼ਤ ਬਣਾਵਾਂਗਾ ਤੇ ਤੇਰਾ ਭਵਿੱਖ ਵੀ ਦੱਸਾਂਗਾ। ਅਨਪੜ੍ਹ ਮਾਈ ਖਿੜਖਿੜਾ ਕੇ ਹੱਸ ਪਈ ਤੇ ਕਹਿਣ ਲੱਗੀ ਪੁੱਤਰ, ਤੂੰ ਤਾਰਿਆਂ ਦਾ ਹਿਸਾਬ ਛੱਡ ਅਤੇ ਖੱਡਿਆਂ ਦਾ ਹਿਸਾਬ ਸਿੱਖ। ਜਦੋਂ ਧਰਤੀ 'ਤੇ ਤੁਰਿਆ ਕਰੇਂ ਉੱਪਰ ਨਾ ਵੇਖਿਆ ਕਰ, ਥੱਲੇ ਖੱਡਿਆਂ ਵੱਲ ਵੇਖਿਆ ਕਰ। ਤੂੰ ਤੁਰਦਾ ਹੈਂ ਧਰਤੀ 'ਤੇ ਵੇਖਦਾ ਹੈਂ ਅਸਮਾਨ ਵੱਲ। ਫਿਰ ਵੀ ਤੈਨੂੰ ਇਹ ਗੱਲ ਕਹਿੰਦਿਆਂ ਜ਼ਰਾ ਸ਼ਰਮ ਨਾ ਆਈ ਕਿ ਤੂੰ ਮੇਰਾ ਭਵਿੱਖ ਦੱਸੇਂਗਾ। ਤੈਨੂੰ ਆਪਣੇ ਭਵਿੱਖ ਦਾ ਤਾਂ ਪਤਾ ਨਹੀਂ ਲੱਗਾ ਕਿ ਅੱਜ ਮੈਂ ਖੂਹ ਵਿਚ ਡਿੱਗ ਪੈਣਾ ਹੈ।

ਇਕ ਅਦੀਬ ਕਹਿੰਦੇ ਹਨ—

ਆਸਮਾਨੋਂ ਕੀ ਤਮੰਨਾ ਕਰਨੇ ਵਾਲੋ,
ਧਰਤੀ ਭੀ ਹਾਥੋਂ ਸੇ ਜਾਤੀ ਰਹੇਗੀ।

ਅਧੂਰਾ ਜੀਵਨ ਜਿਊਣ ਵਾਲਿਆਂ ਨੇ ਧਰਤੀ ਨੂੰ ਨਰਕ ਬਣਾ ਦਿੱਤਾ ਹੈ। ਆਕਾਸ਼ ਵਿਚ ਪਹੁੰਚ ਨਹੀਂ ਹੋਈ ਅਤੇ ਧਰਤੀ 'ਤੇ ਰਹਿਣਾ ਨਹੀਂ ਆਇਆ, ਐਸੇ ਬੰਦਿਆਂ ਨੂੰ ਕੋਈ ਹੋਰ ਨਰਕ ਲੱਭਣ ਦੀ ਲੋੜ ਨਹੀਂ।

ਸੰਤ ਪ੍ਰੇਮ ਸਿੰਘ ਨੇ ਧਰਤੀ 'ਤੇ ਰਹਿਣਾ ਵੀ ਸਿਖਾਇਆ ਤੇ ਆਕਾਸ਼ ਨੂੰ ਵੀ ਨਹੀਂ ਭੁੱਲੇ। ਉਨ੍ਹਾਂ ਕਿਹਾ ਆਕਾਸ਼ ਵੇਖਣ ਵੇਲੇ ਅਕਾਸ਼ ਵੇਖੋ ਫਿਰ ਸਿਰਫ਼ ਆਕਾਸ਼ ਹੀ ਵੇਖੋ। ਧਰਤੀ 'ਤੇ ਤੁਰਨ ਲੱਗਿਆਂ ਪੂਰਾ ਧਿਆਨ ਧਰਤੀ ਵੱਲ ਦਿਓ। ਭਾਵ ਪਦਾਰਥ ਕਮਾਉਣ ਲੱਗਿਆਂ ਪੂਰਾ ਉੱਦਮ ਕਰੋ, ਰੋਜ਼ੀ ਕਮਾਉ। ਪਰ ਖਾਣ ਲੱਗਿਆਂ ਪਹਿਲਾਂ ਉਸ ਦਾਤੇ ਦਾ ਸ਼ੁਕਰਾਨਾ ਕਰੋ।

ਉਨ੍ਹਾਂ ਦਾ ਵਿੱਦਿਆ ਦਾ ਮੰਤਵ ਸੀ ਕਿ ਦੁਨਿਆਵੀ ਵਿੱਦਿਆ ਪੜ੍ਹ ਕੇ ਸੁੱਖ ਇਕੱਠੇ ਕਰ ਤੇ ਸੁਖ ਮਾਣ। ਰੂਹਾਨੀ ਵਿੱਦਿਆ ਪੜ੍ਹ ਕੇ ਸ਼ਾਂਤੀ ਪ੍ਰਾਪਤ ਕਰ। ਜ਼ਿੰਦਗੀ ਅਨੰਦਮਈ ਤਾਂ ਹੀ ਹੋਵੇਗੀ ਜੇ ਸੁਖ ਵੀ ਹੋਵੇ ਅਤੇ ਸ਼ਾਂਤੀ ਵੀ ਹੋਵੇ। ਸੁਖ ਤਨ ਵਿਚ ਹੋਣਗੇ, ਸ਼ਾਂਤੀ ਮਨ ਵਿਚ ਹੋਵੇਗੀ।

ਜਿਸਨੂੰ ਅਸੀਂ ਅੱਖਰੀ ਵਿੱਦਿਆ ਕਹਿੰਦੇ ਹਾਂ ਇਹ ਹੈ ਕੀ। ਅੱਖਰ ਤਾਂ ਚਿੰਨ੍ਹ

ਹਨ, ਕੁੱਝ ਧੁਨੀਆਂ ਨੂੰ ਪ੍ਰਗਟ ਕਰਨ ਵਾਸਤੇ ਸਾਧਨ ਹਨ। ਇਨ੍ਹਾਂ ਚਿੰਨ੍ਹਾਂ ਰਾਹੀਂ ਅਸੀਂ ਦੂਸਰੇ ਦੇ ਬੋਲਾਂ ਨੂੰ ਖ਼ਿਆਲਾਂ ਨੂੰ ਪੜ੍ਹਦੇ ਹਾਂ। ਸਾਡੇ ਤੋਂ ਪਹਿਲਾਂ ਹੋ ਚੁੱਕੇ ਸਦੀਆਂ ਪਹਿਲੇ ਹੋ ਚੁੱਕੇ ਮਹਾਂਪੁਰਖਾਂ ਦੇ ਰੱਬੀ ਅਨੁਭਵ ਉਨ੍ਹਾਂ ਦੇ ਵਿਚਾਰ ਤੇ ਖ਼ਿਆਲ ਅੱਖਰਾਂ ਨੇ ਹੀ ਸਾਂਭ ਕੇ ਰੱਖੇ ਹਨ। ਸੰਸਾਰ ਦੇ ਹੋਰ ਕਾਰ-ਵਿਹਾਰ ਉਨ੍ਹਾਂ ਬਾਰੇ ਗਿਆਨ। ਰਾਜਨੀਤੀ ਬਾਰੇ ਗਿਆਨ। ਇਹ ਸਭ ਕੁੱਝ ਅੱਖਰਾਂ ਰਾਹੀਂ ਹੀ ਸੁਰੱਖਿਅਤ ਪਿਆ ਹੈ। ਅੱਜ ਅੱਖਰਾਂ ਦੀ ਸਹਾਇਤਾ ਨਾਲ ਹਜ਼ਾਰਾਂ ਸਾਲ ਪਹਿਲਾਂ ਮਨੁੱਖ ਦੇ ਵਿਚਾਰ, ਖ਼ਿਆਲ ਪੜ੍ਹ ਲੈਂਦੇ ਹਾਂ।

ਜੇ ਮਨੁੱਖ ਅੱਖਰਾਂ ਦੀ ਵਿੱਦਿਆ ਤੋਂ ਸੱਖਣਾ ਰਿਹਾ ਤਾਂ ਕੀਮਤੀ ਅਨੁਭਵ ਉਸ ਨੂੰ ਪ੍ਰਾਪਤ ਨਹੀਂ ਹੋ ਸਕਦੇ। ਸੰਤ ਪ੍ਰੇਮ ਸਿੰਘ ਅੱਖਰਾਂ ਦੀ ਕਦਰ-ਕੀਮਤ ਸਮਝਦੇ ਸਨ। ਉਨ੍ਹਾਂ ਇਹ ਸਕੂਲਾਂ ਦਾ ਉਪਰਾਲਾ ਇਸ ਲਈ ਕੀਤਾ ਸੀ ਕਿ ਆਉਣ ਵਾਲੀ ਪਨੀਰੀ ਲਿਖ ਸਕੇ, ਪੜ੍ਹ ਸਕੇ। ਪਿਛਲੇ ਅਨੁਭਵ ਹੁਣ ਦਾ ਗਿਆਨ ਤੇ ਅੱਗੋਂ ਆਉਣ ਵਾਲੇ ਗਿਆਨ ਨੂੰ ਇਹ ਸਾਂਭ ਸਕਣ।

5

ਵਿਹਾਰ ਸੁਧਾਰ

ਵਿਹਾਰ ਸੁਧਾਰ ਸੰਤ ਪ੍ਰੇਮ ਸਿੰਘ ਜੀ ਦਾ ਖਾਸ ਅੰਦੋਲਨ ਸੀ ਜਿਸ 'ਤੇ ਉਨ੍ਹਾਂ ਬੜਾ ਹੀ ਜ਼ੋਰ ਦਿੱਤਾ। ਅਸੀਂ ਜੋ ਵੀ ਕਰਮ ਕਰਦੇ ਹਾਂ ਜੇ ਉਹ ਸਾਡਾ ਕਰਮ ਕਿਸੇ ਦੂਸਰੇ ਨਾਲ ਸੰਬੰਧਿਤ ਹੈ ਤਾਂ ਉਹ ਸਾਡਾ ਵਿਹਾਰ ਹੈ। ਲੈਣ-ਦੇਣ ਦਾ ਵਿਹਾਰ ਹੈ। ਵਿਹਾਰ ਸੁਧਾਰ ਸ਼ਬਦ ਹੀ ਦਸਦਾ ਹੈ ਕਿ ਲੁਬਾਣਾ ਬਰਾਦਰੀ ਦਾ ਵਿਹਾਰ ਬਹੁਤ ਵਿਗੜਿਆ ਸੀ। ਵਿਗੜਿਆ ਨਾ ਹੁੰਦਾ ਤਾਂ ਸੁਧਾਰ ਦੀ ਲੋੜ ਨਾ ਪੈਂਦੀ।

ਇਸਤਰੀ ਦਾ ਬਹੁਤ ਅਨਾਦਰ ਸੀ, ਲੜਕੀ ਦੀ ਕੀ ਮਰਜ਼ੀ ਹੈ ਇਹ ਪੁੱਛਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਲੜਕੀ ਦੀ ਮਰਜ਼ੀ ਦੀ ਗੱਲ ਕਰਨ ਵਾਲਾ ਮਨੁੱਖ ਤਾਂ ਸਾਰੇ ਭਾਈਚਾਰੇ ਵਿਚ ਭੰਡਿਆ ਜਾਂਦਾ ਸੀ। ਸੰਤ ਪ੍ਰੇਮ ਸਿੰਘ ਜੀ ਨੇ ਪਹਿਲਾ ਕੰਮ ਇਹ ਕੀਤਾ ਕਿ ਬੱਚੀਆਂ ਨੂੰ ਵੀ ਬੱਚਿਆਂ ਵਾਂਗ ਪੜ੍ਹਾਇਆ ਜਾਏ। ਪਹਿਲਾਂ ਤਾਂ ਗੱਲ ਲੋਕਾਂ ਨੂੰ ਬੜੀ ਅਜੀਬ ਲੱਗੀ, ਬਜ਼ੁਰਗ ਔਰਤਾਂ ਹੀ ਘਰ-ਘਰ ਗੱਲਾਂ ਕਰਨ ਲੱਗ ਪਈਆਂ, ਜ਼ਮਾਨਾ ਗਰਕਣ 'ਤੇ ਆ ਗਿਆ ਹੈ। ਵੇਖੋ ਕਹਿੰਦੇ ਹਨ ਕੁੜੀਆਂ ਨੂੰ ਪੜ੍ਹਾਓ। ਅਸੀਂ ਤਾਂ ਆਪਣੀ ਧੀ ਨੂੰ ਘਰੋਂ ਬਾਹਰ ਨਹੀਂ ਨਿਕਲਣ ਦੇਣਾ। ਬਸ ਧੀ ਜ਼ਰਾ ਜਵਾਨ ਹੁੰਦੀ ਦਿੱਸੇ ਫੇਰੇ ਫੇਰ ਕੇ ਤੋਰ ਦਿਓ। ਬਲਕਿ ਏਨਾ ਜ਼ੁਲਮ ਸੀ ਕਿ 7-8 ਸਾਲ ਦੀ ਬੱਚੀ ਦਾ ਵਿਆਹ ਕਰ ਦੇਣਾ।

ਅਸਲ ਵਿਚ ਕ੍ਰਾਂਤੀ ਜਾਂ ਬਗਾਵਤ ਹੋਣ ਵਾਸਤੇ ਥੋੜ੍ਹੀ ਹੋਸ਼ ਦੀ ਲੋੜ ਹੈ। ਸੱਤ ਅੱਠ ਸਾਲ ਦੀ ਬੱਚੀ ਨੂੰ ਵਿਆਹ ਦੇਣਾ। ਅਸਲ ਵਿਚ ਉਸਦਾ ਸਾਰਾ ਭਵਿੱਖ ਖ਼ਤਮ ਕਰ ਦੇਣਾ ਹੈ। ਔਰਤ ਨੂੰ ਹੋਸ਼ ਹੀ ਨਹੀਂ ਆਉਣ ਦਿੱਤੀ ਗਈ। ਅੱਗੋਂ ਸੱਸ ਦੀਆਂ ਝਿੜਕਾਂ, ਪਤੀ ਦੀ ਮਾਰਕੁੱਟ ਖਾਂਦਿਆਂ ਜਵਾਨੀ ਢਲ ਜਾਂਦੀ ਸੀ। ਇਕ ਗ਼ੁਲਾਮ ਦੀ ਤਰ੍ਹਾਂ ਔਰਤ ਜ਼ਿੰਦਗੀ ਦੇ ਦਿਨ ਬਿਤਾ ਕੇ ਮਰ ਜਾਂਦੀ

ਸੀ। ਇਹ ਹੋਰ ਅਫਸੋਸਨਾਕ ਗੱਲ ਸੀ ਕਿ ਔਰਤਾਂ ਹੀ ਔਰਤਾਂ ਦੀ ਜ਼ਿਆਦਾ ਵਿਰੋਧਤਾ ਕਰਦੀਆਂ ਸਨ। ਇਹ ਖ਼ਿਆਲ ਹੀ ਨਹੀਂ ਸੀ ਆਉਂਦਾ ਕਿ ਔਰਤ ਜਾਤ ਉੱਚੀ ਹੋਵੇ ਤਾਂ ਅਸੀਂ ਵੀ ਉੱਚੀਆਂ ਹੋ ਜਾਵਾਂਗੀਆਂ। ਕਿਤੇ ਕੋਈ ਪੜ੍ਹੀ ਲਿਖੀ ਔਰਤ ਨੇ ਜੇ ਕੋਈ ਉਪਰਾਲਾ ਕੀਤਾ ਵੀ ਤਾਂ ਸਭ ਤੋਂ ਜ਼ਿਆਦਾ ਔਰਤਾਂ ਨੇ ਹੀ ਉਸਨੂੰ ਭੰਡਿਆ, ਅਤੇ ਜੋ-ਜੋ ਉਸ ਬਾਰੇ ਨਹੀਂ ਸੀ ਕਹਿਣਾ ਚਾਹੀਦਾ, ਉਹ-ਉਹ ਆਖਿਆ ਗਿਆ। ਐਸੀ ਸੁਧਾਰਕ ਔਰਤ ਦਾ ਚਲਣਾ ਮੁਹਾਲ ਕਰ ਦਿੱਤਾ ਜਾਂਦਾ ਸੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਸੰਪਰਕ ਵਿਚ ਜਿਹੜੇ ਸਤਸੰਗੀ ਆਏ ਉਨ੍ਹਾਂ ਨੂੰ ਸਮਝਾਇਆ। ਸਕੂਲਾਂ ਵਿਚ ਬੱਚੀਆਂ ਨੂੰ ਪੜ੍ਹਾਉਣ ਲਈ ਰਾਜ਼ੀ ਕੀਤਾ। ਇਹ ਸੰਤ ਪ੍ਰੇਮ ਸਿੰਘ ਜੀ ਦਾ ਲੁਬਾਣਾ ਬਰਾਦਰੀ ਦੀਆਂ ਔਰਤਾਂ ਦੇ ਸਿਰ ਬਹੁਤ ਵੱਡਾ ਅਹਿਸਾਨ ਹੈ। ਬੀਬੀ ਜਗੀਰ ਕੌਰ ਜੋ ਡੇਰੇ ਦੇ ਮੁਖੀ ਹਨ ਉਹ ਵੀ ਸੰਤ ਪ੍ਰੇਮ ਸਿੰਘ ਜੀ ਦੇ ਚਲਾਏ ਭਟਨੂਰਾ ਹਾਈ ਸਕੂਲ ਦੇ ਹੀ ਪੜ੍ਹੇ ਹੋਏ ਹਨ।

ਅੱਜ ਦੀ ਦੁਨੀਆਂ ਵਿਚ ਸਾਨੂੰ ਇਹ ਗੱਲਾਂ ਕੋਈ ਬਹੁਤ ਵੱਡੀਆਂ ਨਹੀਂ ਲੱਗਣਗੀਆਂ। ਅੱਜ ਹਰ ਇਕ ਬੱਚੀ ਪੜ੍ਹ ਰਹੀ ਹੈ, ਵੱਡੀ ਤੋਂ ਵੱਡੀ ਡਿਗਰੀ ਪ੍ਰਾਪਤ ਕਰ ਰਹੀ ਹੈ। ਇਹ ਗੱਲਾਂ ਉਸ ਵੇਲੇ ਦੀਆਂ ਹਨ, ਬੱਚੀਆਂ ਨੂੰ ਪੜ੍ਹਾਉਣਾ ਤਾਂ ਇਕ ਪਾਸੇ ਰਿਹਾ, ਜੰਮਦੀਆਂ ਧੀਆਂ ਨੂੰ ਲੋਕ ਮਾਰ ਦੇਂਦੇ ਸਨ। ਰਹਿਤਨਾਮਿਆਂ ਵਿਚ ਇਕ ਗੱਲ ਲਿਖੀ ਮਿਲਦੀ ਹੈ ਕਿ ਗੁਰੂ ਕੇ ਸਿੱਖ ਨੇ ਨੜੀ ਮਾਰ ਤੇ ਕੁੜੀ ਮਾਰ ਨਾਲ ਵਰਤਣ-ਵਿਹਾਰ ਨਹੀਂ ਰੱਖਣਾ। ਨੜੀ ਮਾਰ ਹੈ ਜੋ ਹੁੱਕਾ ਪੀਂਦਾ ਹੈ ਅਤੇ ਕੁੜੀਮਾਰ ਹੈ ਜੋ ਜੰਮਦੀ ਲੜਕੀ ਨੂੰ ਮਾਰ ਦੇਂਦਾ ਹੈ।

ਪਿੱਛੇ ਦਾ ਹਾਲ ਮਿਸਲਾਂ ਦੇ ਹਾਲ ਪੜ੍ਹਦੇ ਹਾਂ। ਜੀਂਦ ਦਾ ਰਾਜਾ ਗਜਪਤ ਸਿੰਘ ਦੇ ਘਰ ਲੜਕੀ ਜੰਮੀ ਤੇ ਉਸਨੂੰ ਜਿਊਂਦੀ ਨੂੰ ਮਟਕੇ ਵਿਚ ਪਾ ਕੇ ਮਿੱਟੀ ਵਿਚ, ਦੱਬ ਦਿੱਤਾ ਸੀ। ਅੰਦਰੋਂ ਆਤਮਾ ਤੇ ਕਹਿੰਦੀ ਹੈ ਕਿ ਤੂੰ ਪਾਪ ਕੀਤਾ ਹੈ। ਇਸ ਪਾਪ ਨੂੰ ਉਤਾਰਨ ਵਾਸਤੇ ਬੜਾ ਰਾਸ਼ਨ ਗੱਡਿਆਂ 'ਤੇ ਲੱਦ ਕੇ ਜੀਂਦ ਦਾ ਰਾਜਾ ਪਾਪ ਉਤਾਰਨ ਵਾਸਤੇ ਹਰਦੁਆਰ ਨੂੰ ਤੁਰ ਪਿਆ ਸੀ।

ਰਸਤੇ ਵਿਚ ਕੀਰਤਨ ਦੀ ਆਵਾਜ਼ ਕੰਨਾਂ ਵਿਚ ਪਈ, ਸੁਣਕੇ ਦੀਵਾਨ ਵੱਲ ਗਿਆ। ਬਡਰੁੱਖਿਆਂ ਵਾਲੇ ਭਾਈ ਗੁੱਦੜ ਸਿੰਘ ਉਪਦੇਸ਼ ਕਰ ਰਹੇ ਸਨ। ਸੁਣਕੇ ਬਹੁਤ ਪ੍ਰਭਾਵਿਤ ਹੋਇਆ। ਬੇਨਤੀ ਕੀਤੀ ਕਿ ਮੈਂ ਪਾਪ ਉਤਾਰਨ ਤਾਂ ਗੰਗਾ ਚਲਿਆ ਸਾਂ। ਪਰ ਅੱਧ ਕੁ ਤੁਸੀਂ ਏਥੇ ਉਤਾਰ ਦਿਉ ਤਾਂ ਚੰਗਾ ਹੋਵੇਗਾ। ਅੱਧਾ ਰਾਸ਼ਨ ਏਥੇ ਲੰਗਰ ਵਿਚ ਪਾ ਲਉ। ਭਾਈ ਗੁੱਦੜ ਸਿੰਘ ਕਹਿਣ ਲੱਗੇ,

ਇਹ ਪਾਪ ਨਾ ਅਸੀਂ ਉਤਾਰ ਸਕਦੇ ਹਾਂ ਨਾ ਹੀ ਗੰਗਾ, ਪਾਪ ਤੋਂ ਤੂੰ ਬੱਚ ਸਕਦਾ ਹੈਂ, ਲੰਗਰ ਫਿਰ ਕਰਵਾਈਂ ਜਾਹ ਪਹਿਲੇ ਆਪਣੀ ਧੀ ਨੂੰ ਜ਼ਮੀਨ ਚੋਂ ਬਾਹਰ ਕੱਢ ਉਹ ਮਰੀ ਨਹੀਂ।

ਗਜਪਤ ਸਿੰਘ ਵਾਪਸ ਗਿਆ ਉਸ ਮਟਕੇ ਨੂੰ ਪੁੱਟਿਆ, ਬੱਚੀ ਠੀਕ ਨਿਕਲ ਆਈ—

ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥

ਆਪਣਾ ਹੱਥ ਦਾ ਅੰਗੂਠਾ ਮੂੰਹ ਵਿਚ ਪਾ ਕੇ ਚੁੰਘ ਰਹੀ ਸੀ। ਇਸਦਾ ਨਾਂ ਰਾਜ ਕੌਰ ਰੱਖਿਆ। ਸਰਦਾਰ ਮਹਾਂ ਸਿੰਘ ਨਾਲ ਸ਼ਾਦੀ ਹੋਈ ਅਤੇ ਪੁੱਤਰ ਮਹਾਰਾਜਾ ਰਣਜੀਤ ਸਿੰਘ ਇਸ ਦੇ ਘਰ ਜਨਮਿਆ ਸੀ। ਪਟਿਆਲੇ ਦੇ ਮਹਾਰਾਜਾ ਆਲਾ ਸਿੰਘ ਦੀ ਪਤਨੀ ਇਕ ਸਿੰਘ ਨਾਲ ਨਾਰਾਜ਼ ਹੋ ਪਈ ਸੀ। ਉਸਨੇ ਕਿਹਾ ਸੀ ਕਿ ਦਾਲ ਕਿਸੇ ਕੰਮ ਦੀ ਨਹੀਂ, ਇਸਨੂੰ ਕੀ ਕਰਾਂ। ਇਹ ਕਹਿਣ ਲੱਗੀ ਮੇਰੇ ਸਿਰ ਵਿਚ ਪਾ ਦੇ। ਉਸਨੇ ਸਿਰ ਵਿਚ ਦਾਲ ਪਾ ਦਿੱਤੀ ਸੀ। ਬਾਬਾ ਆਲਾ ਸਿੰਘ ਨੇ ਨਾਰਾਜ਼ ਹੋਣ ਦੀ ਥਾਂ 'ਤੇ ਉਸ ਸਿੰਘ ਕੋਲੋਂ ਮੁਆਫ਼ੀ ਮੰਗੀ ਸੀ ਅਤੇ ਕਿਹਾ ਸੀ, ਫ਼ਤਿਹ ਕੌਰ ਇਨ੍ਹਾਂ ਦੀ ਕਿਰਪਾ ਨਾਲ ਤੈਨੂੰ ਜੀਵਨ ਮਿਲਿਆ ਹੈ। ਇਸਨੂੰ ਵੀ ਜੰਮਦੀ ਨੂੰ ਦੱਬਣ ਲੱਗੇ ਸਨ। ਇਕ ਸਿੰਘ ਆ ਕੇ ਰੋਕਿਆ ਤੇ ਇਸਨੂੰ ਬਚਾ ਲਿਆ ਗਿਆ।

ਮੇਰੇ ਲਿਖਣ ਤੋਂ ਭਾਵ ਹੈ ਕਿ ਇਹ ਹਾਲ ਸੀ ਰਾਜ ਘਰਾਣਿਆਂ ਦਾ ਤੇ ਬਾਕੀ ਲੋਕਾਂ ਦਾ ਕੀ ਹਾਲ ਹੋਵੇਗਾ ? ਬਜ਼ੁਰਗ ਮਾਤਾਵਾਂ ਉਹ ਹਾਲ ਸੁਣਾਉਂਦੀਆਂ ਹਨ ਕਿ ਜਨਮ ਦੇਣ ਵਾਲੀ ਮਾਂ ਨੇ ਰੋਂਦੀ ਰਹਿ ਜਾਣਾ, ਉਸਦੀ ਜਿਗਰ ਦੀ ਟੁਕੜੀ ਨੂੰ ਬਜ਼ੁਰਗ ਮਾਈਆਂ ਨੇ ਖੋਹ ਕੇ ਲੈ ਜਾਣਾ ਅਤੇ ਕਹਿਣਾ, ਲਿਆ ਇਸ ਚੁੜੇਲ ਦਾ ਹੁਣੇ ਹੀ ਫਾਹ ਵੱਢ ਦੇਈਏ ਨਹੀਂ ਤਾਂ ਕੱਲ੍ਹ ਏਨੂੰ ਦਾਜ ਕੌਣ ਦੇਵੇਗਾ। ਉਸਦਾ ਗਲ ਘੁੱਟ ਕੇ ਮਾਰ ਦੇਣੀ। ਮਟਕੇ ਵਿਚ ਪਾ ਕੇ ਉਸਦੇ ਹੱਥ ਵਿਚ ਗੁੜ ਦੇ ਦੇਣਾ, ਦੂਸਰੇ ਹੱਥ ਵਿਚ ਪੂਣੀ ਦੇ ਦੇਣੀ ਅਤੇ ਕਹਿਣਾ ਜਾ ਗੁੜ ਖਾਂਦੀ ਜਾ, ਪੂਣੀ ਕਤਦੀ ਜਾ। ਛੇਤੀ-ਛੇਤੀ ਜਾ ਕੇ ਵੀਰੇ ਨੂੰ ਭੇਜ ਦੇ।

ਜੇ ਕੋਈ ਭਾਗਾਂ ਵਾਲੀ ਬਚ ਜਾਂਦੀ ਸੀ ਜੇ ਮਾਂ ਬਾਪ ਅਮੀਰ ਹਨ ਤਾਂ ਚੰਗਾ ਘਰ ਵੇਖ ਕੇ ਛੋਟੀ ਉਮਰ ਵਿਚ ਹੀ ਵਿਆਹ ਦੇਣੀ। ਚੰਗੇ ਧਨਵਾਨਾਂ ਦੇ ਜ਼ਿਆਦਾ ਵਿਆਹ ਹੁੰਦੇ ਸਨ। ਰਾਜਿਆਂ ਮਹਾਰਾਜਿਆਂ ਦੀਆਂ ਸੈਂਕੜੇ ਜਾਂ ਹਜ਼ਾਰਾਂ ਰਾਣੀਆਂ ਸਨ। ਇਹ ਸਿਰਫ਼ ਕੁੱਝ ਰਾਜਨੀਤਿਕ ਰਿਸ਼ਤੇ ਸਨ ਕਿ ਵੇਲੇ ਸਿਰ ਫ਼ੌਜੀ ਇਮਦਾਦ ਮਿਲ ਸਕੇ। ਜਾਂ ਪੈਸੇ ਦਾ ਲਾਲਚ ਹੁੰਦਾ ਸੀ। ਗ਼ਰੀਬ

ਬੰਦਿਆਂ ਵੀ ਬੱਚੀਆਂ ਦੇ ਪੈਸੇ ਲੈ ਕੇ ਬਿਲਕੁਲ ਅਯੋਗ ਵਰ ਨਾਲ ਬੱਚੀ ਤੋਰ ਦੇਣੀ। ਕਈਆਂ ਦਾ ਤਾਂ ਲੋਭ ਇਥੋਂ ਤਕ ਵਧ ਗਿਆ ਸੀ, ਉਹ ਕਈਆਂ ਥਾਵਾਂ ਤੋਂ ਬੱਚੀ ਦਾ ਵਿਆਹ ਤੋੜ ਕੇ ਹੋਰ ਨਵੇਂ ਥਾਂ ਕਰ ਦੇਂਦੇ ਸਨ। ਐਸੇ ਹਾਲਾਤ ਵਿਚ ਹਰ ਤਰ੍ਹਾਂ, ਜ਼ੁਲਮ ਦਾ ਸ਼ਿਕਾਰ ਔਰਤ ਹੀ ਹੁੰਦੀ ਸੀ ਭਾਵੇਂ ਉਸ 'ਤੇ ਸਹੁਰੇ ਜ਼ੁਲਮ ਕਰਨ ਭਾਵੇਂ ਪੇਕੇ ਕਰਨ। ਉਸ ਨਿਮਾਣੀ ਦਾ ਜੀਵਨ ਨਰਕ ਹੀ ਸੀ। ਰਹਿੰਦੀ ਕਸਰ ਸਤੀ ਪ੍ਰਥਾ ਨੇ ਪੂਰੀ ਕਰ ਦਿੱਤੀ ਸੀ। ਪਤੀ ਮਰ ਜਾਏ ਤਾਂ ਔਰਤ ਨੂੰ ਨਾਲ ਹੀ ਸਾੜ ਦਿੱਤਾ ਜਾਂਦਾ ਸੀ। ਇਸ ਕਤਲ ਦਾ ਨਾਂ ਧਰਮ ਦੀ ਪੁੱਠ ਦੇ ਕੇ ਸਤੀ ਰੱਖ ਦਿੱਤਾ ਸੀ।

ਐਸੇ ਹਾਲਾਤ ਵਿਚ ਸੰਤ ਪ੍ਰੇਮ ਸਿੰਘ ਨੇ ਧੀਆਂ ਵੱਲ ਧਿਆਨ ਦਿੱਤਾ ਕਿ ਜੋ ਇਨ੍ਹਾਂ ਨਾਲ ਵਧੀਕੀ ਹੋ ਰਹੀ ਹੈ, ਉਹ ਨਾ ਹੋਵੇ। ਇਨ੍ਹਾਂ ਦਾ ਹੱਕ ਜੋ ਸਮਾਜ ਵਿਚ ਹੈ, ਉਹ ਹਰ ਤਰ੍ਹਾਂ ਨਾਲ ਇਨ੍ਹਾਂ ਨੂੰ ਮਿਲਣਾ ਚਾਹੀਦਾ ਹੈ।

ਇਕ ਪਾਸੇ ਅਮੀਰ ਬੰਦੇ ਲੜਕਿਆਂ ਦਾ ਪੂਰਾ ਮੁੱਲ ਵੱਟਦੇ ਸਨ। ਅੱਜ ਤਾਂ ਸੰਤ ਪ੍ਰੇਮ ਸਿੰਘ ਦੀ ਸਿੱਖਿਆ ਭੁਲਾ ਕੇ ਲੁਬਾਣੇ ਸਿੱਖ ਫਿਰ ਦਾਜ ਦਹੇਜ ਦੀ ਬੀਮਾਰੀ ਦੇ ਸ਼ਿਕਾਰ ਹੋ ਗਏ ਹਨ। ਜਿਸ ਘਰ ਬਾ-ਮੁਸ਼ਕਿਲ ਸਾਈਕਲ ਖੜ੍ਹੀ ਕਰਨ ਦੀ ਥਾਂ ਹੈ ਉਹ ਵੀ ਕਹਿੰਦਾ ਹੈ ਕਿ ਦਾਜ ਵਿਚ ਕਾਰ ਕਿਹੜੀ ਦਿਓਗੇ। ਬੇਸ਼ੱਕ ਅੱਜ ਸਰਕਾਰ ਦਾਜ ਲੈਣ ਅਤੇ ਦੇਣ ਵਾਲਿਆਂ ਦੇ ਖਿਲਾਫ਼ ਕੇਸ ਦਰਜ ਕਰ ਰਹੀ ਹੈ ਪਰ ਫਿਰ ਵੀ ਅੰਦਰਖਾਤੇ ਸੌਦੇ ਉਸੇ ਤਰ੍ਹਾਂ ਹੀ ਹੋ ਰਹੇ ਹਨ। ਦਹੇਜ ਦੀ ਬੀਮਾਰੀ ਪੂਰੇ ਦੇਸ਼ ਵਿਚ ਫੈਲੀ ਹੈ। ਪੰਜਾਬ ਤੋਂ ਇਲਾਵਾ ਬਾਕੀ ਸੂਬਿਆਂ ਵਿਚ ਵੀ ਇਸਦੀ ਭਰਮਾਰ ਹੈ।

ਮੈਂ ਸੁਣਿਆ ਹੈ ਇਕ ਮਾਰਵਾੜੀ ਆਪਣੇ ਪੁੱਤਰ ਨੂੰ ਲੜਕੀ ਦੇਖਣ ਵਾਸਤੇ ਭੇਜਦਾ ਹੈ ਤੇ ਸਿੱਖਿਆ ਦੇਂਦਾ ਹੈ ਕਿ ਬੇਟਾ ਦੋ ਲੱਖ ਤੋਂ ਘੱਟ ਸੌਦਾ ਨਾ ਕਰਨਾ। ਜੇ ਤੇਰੇ ਸਹੁਰੇ ਨੇ ਦਿਵਾਲਾ ਕਢਿਆ ਹੋਵੇ ਫਿਰ ਤਿੰਨ ਲੱਖ ਦੀ ਗੱਲ ਕਰਨੀ। ਜੇ ਉਹ ਦੋ ਮਹੀਨੇ ਜੇਲ੍ਹ ਵਿਚ ਰਹਿ ਆਇਆ ਹੋਵੇ ਫਿਰ ਸਮਝਣਾ ਉਸਨੇ ਕਰੋੜ ਦਾ ਗਬਨ ਕੀਤਾ ਹੈ, ਫਿਰ ਚਾਰ ਲੱਖ ਤੋਂ ਘੱਟ ਗੱਲ ਨਾ ਕਰਨੀ। ਬੱਚੇ ਨੇ ਸਹੁਰੇ ਘਰ ਜਾ ਕੇ ਪਿਤਾ ਨੂੰ ਫ਼ੋਨ ਕੀਤਾ। ਪਿਤਾ ਜੀ ਜੇਲ੍ਹ ਤਕ ਤਾਂ ਤੁਸੀਂ ਸਮਝਾਇਆ ਸੀ ਚਾਰ ਲੱਖ ਕਹਾਂ। ਪਰ ਸਹੁਰੇ ਨੂੰ ਫਾਂਸੀ ਦੀ ਸਜ਼ਾ ਹੋ ਗਈ ਹੈ ਹੁਣ ਕਿੰਨੇ ਵਿਚ ਸੌਦਾ ਕਰਾਂ। ਇਹ ਸਾਡੇ ਦੇਸ਼ ਵਿਚ ਦਾਜ ਦੀ ਹਾਲਤ ਹੈ। ਨਿਤ ਖ਼ਬਰਾਂ ਪੜ੍ਹਦੇ ਹਾਂ ਕਿ ਇਕ ਹੋਰ ਦੇਵੀ ਦਾਜ ਦੀ ਬਲੀ ਚੜ੍ਹ ਗਈ।

ਸੰਤ ਪ੍ਰੇਮ ਸਿੰਘ ਵੇਲੇ ਤਾਂ ਹਾਲਤ ਹੋਰ ਮੰਦੀ ਸੀ ਉਸ ਵੇਲੇ ਲੜਕੀਆਂ

ਵਾਲੇ ਪੈਸੇ ਮੰਗਦੇ ਸਨ। ਜਾਂ ਇਕ ਹੋਰ ਢੰਗ ਸੀ, ਅਪਣੀ ਲੜਕੀ ਉਸ ਘਰ ਭੇਜ ਦੇਣੀ, ਉਨ੍ਹਾਂ ਦੀ ਲੜਕੀ ਲੈ ਆਉਣੀ। ਠੀਕ ਜੋੜ ਤਾਂ ਕਿਤੇ ਹੀ ਬੈਠਦਾ ਸੀ, ਅਜੋੜ ਬਹੁਤ ਸਨ। ਔਰਤ ਦਾ ਦੁੱਖ ਵੇਖ ਕੇ ਸੰਤ ਪ੍ਰੇਮ ਸਿੰਘ ਦਾ ਦਿਲ ਦ੍ਰਵ ਜਾਂਦਾ ਸੀ, ਭਾਵੇਂ ਉਹ ਕਿਸੇ ਜਾਤ ਦੀ ਹੋਵੇ, ਕਿਸੇ ਧਰਮ ਦੀ ਹੋਵੇ। ਐਸਾ ਹੋਇਆ ਸੀ ਇਕ ਮੁਸਲਮਾਨ ਵਿਧਵਾ ਔਰਤ ਜੋ ਹਰ ਪਾਸਿਉਂ ਦੁਖੀ ਸੀ ਉਸਨੇ ਇਕ ਸਿੰਘ ਨਾਲ ਸ਼ਾਦੀ ਕਰ ਲਈ। ਅਕਾਲ ਤਖ਼ਤ ਤੋਂ ਦੋਹਾਂ ਅੰਮ੍ਰਿਤਪਾਨ ਕਰ ਲਿਆ। ਫਿਰ ਵੀ ਬਰਾਦਰੀ ਨੇ ਉਸਨੂੰ ਛੇਕ ਦਿੱਤਾ। ਪਰ ਸੰਤ ਪ੍ਰੇਮ ਸਿੰਘ ਆਪ ਉਸਦੇ ਘਰ ਗਏ, ਉਸਦੇ ਘਰ ਲੰਗਰ ਛਕਿਆ ਜੋ ਉਸ ਬੀਬੀ ਨੇ ਤਿਆਰ ਕੀਤਾ ਸੀ ਜੋ ਮੁਸਲਮਾਨੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੀ ਸੀ। ਸੰਤਾਂ ਨੇ ਜਦੋਂ ਲੰਗਰ ਛਕਿਆ, ਨਾਲ ਹੀ ਬਾਕੀ ਪਤਵੰਤਿਆਂ ਵੀ ਲੰਗਰ ਛਕਿਆ। ਇਸ ਪਰਿਵਾਰ ਨੂੰ ਛੇਕਣ ਵਾਲੀ ਗੱਲ ਮੁੱਕ ਗਈ। ਐਸੇ-ਐਸੇ ਥਾਵਾਂ 'ਤੇ ਉਹ ਆਪ ਪਹੁੰਚਦੇ ਸਨ। ਉਨ੍ਹਾਂ ਕਿਹਾ ਗੁਰੂ ਦੇ ਅੰਮ੍ਰਿਤ ਨੇ ਵੀ ਜੇ ਇਸਨੂੰ ਤੁਹਾਡੇ ਵਰਗਾ ਨਹੀਂ ਬਣਾਇਆ ਫਿਰ ਤਾਂ ਸਾਡਾ ਸਾਰਿਆਂ ਦਾ ਅੰਮ੍ਰਿਤ ਛਕਣਾ ਵਿਅਰਥ ਹੈ। ਕੀ ਅੰਮ੍ਰਿਤ ਛਕ ਕੇ ਸਿੱਖੀ ਬਾਣੇ ਵਿਚ ਇਹ ਬੀਬੀ ਮੁਸਲਮਾਨਣੀ ਹੈ। ਸਾਰਿਆਂ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਸੀ ਅਤੇ ਉਨ੍ਹਾਂ ਨੇ ਸੰਤਾਂ ਪਾਸੋਂ ਮੁਆਫ਼ੀ ਮੰਗੀ ਸੀ। ਇਸ ਸਿੰਘ ਦਾ ਨਾਂ ਰਾਮ ਸਿੰਘ ਸੀ ਤੇ ਇਹ ਪਿੰਡ ਕਲਾਵਲਪੁਰ, ਜ਼ਿਲ੍ਹਾ ਗੁਜਰਾਤ ਦਾ ਰਹਿਣ ਵਾਲਾ ਸੀ।

ਸੰਤਾਂ ਇਸ ਇਲਾਕੇ ਵਿਚ ਭਾਰੀ ਦੀਵਾਨ ਸਜਾ ਕੇ ਸਾਰੇ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ ਤਾਂ ਕਿ ਅੱਗੇ ਵਾਸਤੇ ਕੋਈ ਅਜਿਹੀ ਗ਼ਲਤੀ ਨਾ ਕਰੇ। ਐਸੀ ਨਫ਼ਰਤ ਸਿੱਖੀ ਪ੍ਰਚਾਰ ਵਿਚ ਬਹੁਤ ਵੱਡੀ ਰੋਕ ਸਿੱਧ ਹੋ ਸਕਦੀ ਸੀ। ਉਨ੍ਹਾਂ ਨੇ ਸਮੇਂ ਨੂੰ ਸੰਭਾਲਿਆ ਕਿ ਜੇ ਆਪਣੇ ਹੀ ਉਸ ਤੋਂ ਨਫ਼ਰਤ ਕਰਦੇ ਰਹੇ ਤਾਂ ਮੁਸਲਮਾਨ ਕਿਤੇ ਉਸਦੇ ਸਿਰ ਨਾ ਹੋ ਜਾਣ। ਪਰ ਸੰਤ ਪ੍ਰੇਮ ਸਿੰਘ ਦੇ ਉਸ ਨਗਰ ਵਿਚ ਜਾ ਕੇ ਦੀਵਾਨ ਕਰਨ ਨਾਲ ਆਸੇ-ਪਾਸੇ ਦੇ ਲੋਕ ਪੁੱਜ ਗਏ, ਇਸ ਦੀਵਾਨ ਦਾ ਅਸਰ ਅਤੇ ਸੰਤਾਂ ਨਾਲ, ਉਸ ਰਾਮ ਸਿੰਘ ਦੇ ਘਰ ਸਾਰੀ ਪੰਚਾਇਤ ਦਾ ਜਾ ਕੇ ਲੰਗਰ ਛੱਕਣ ਨਾਲ, ਆਪਣੇ ਸਾਰੇ ਹੀ ਉਸ ਨਾਲ ਵਰਤਣ ਲਗ ਪਏ। ਮੁਸਲਮਾਨ ਵੀ ਖਾਮੋਸ਼ ਹੋ ਗਏ, ਕਿਸੇ ਕੋਈ ਗੱਲ ਨਹੀਂ ਕੀਤੀ।

ਗੁਰੂ ਅਮਰਦਾਸ ਦੀ ਸਿੱਖਿਆ ਅਨੁਸਾਰ ਉਹ ਵਿਧਵਾ ਵਿਆਹ ਦੇ ਵੀ ਹਾਮੀ ਸਨ। ਕਿਸੇ ਉਮਰ ਦੀ ਵੀ ਔਰਤ ਹੋਵੇ, ਉਹ ਹਰ ਔਰਤ ਨੂੰ ਸੁਖੀ ਵੇਖਣਾ

ਚਾਹੁੰਦੇ ਸਨ।

ਸ਼ੇਖ ਸਾਅਦੀ ਕਹਿੰਦੇ ਹਨ ਜਿਸ ਘਰ ਵਿਚੋਂ ਕਿਸੇ ਦੁਖੀ ਔਰਤ ਦੀ ਉੱਚੀ ਆਵਾਜ਼ ਬਾਹਰ ਲੋਕਾਂ ਨੂੰ ਸੁਣਾਈ ਦੇਂਦੀ ਹੈ, ਉਸ ਘਰ ਵਿਚ ਖ਼ੁਸ਼ੀ ਦੇ ਦਰਵਾਜ਼ੇ ਸਦਾ ਲਈ ਬੰਦ ਹੋ ਜਾਂਦੇ ਹਨ।

ਕਿ ਸ਼ਾਦੀਆਨੇ ਈਂ ਦਰ ਬ-ਬੰਦ।
ਕਿ ਬਾਂਗੇਂ ਜ਼ਨ ਵਾਂ ਬਰ ਆਇਦ ਬੁਲੰਦ।

ਔਰਤ ਦਾ ਚਿਹਰਾ ਵੇਖ ਕੇ ਹੀ ਪਤਾ ਲੱਗ ਜਾਂਦਾ ਹੈ ਕਿ ਇਸ ਘਰ ਵਿਚ ਸੁਖ ਸ਼ਾਂਤੀ ਹੈ ਕਿ ਕਲੇਸ਼ ਹੈ। ਗੁਰੂ ਦੀ ਮਤ ਨੂੰ ਭੁੱਲ ਕੇ ਵਿਆਹ ਸ਼ਾਦੀਆਂ ਵਿਚ ਮਨਮਤ ਦੀਆਂ ਰਸਮਾਂ ਪ੍ਰਚੱਲਤ ਹੋ ਗਈਆਂ ਸਨ। ਸੰਤ ਪ੍ਰੇਮ ਸਿੰਘ ਜੀ ਨੇ ਆਪਣੇ ਸੁਧਾਰ ਅੰਦੋਲਨ ਵਿਚ ਖਾਸ ਕਰਕੇ ਇਨ੍ਹਾਂ ਗੱਲਾਂ 'ਤੇ ਜ਼ੋਰ ਦਿੱਤਾ ਸੀ ਅਤੇ ਬੜੀ ਸਖ਼ਤੀ ਨਾਲ ਅਮਲੀ ਰੂਪ ਦਿੱਤਾ ਸੀ।

1. ਵਿਆਹ ਤੋਂ ਪਹਿਲੇ ਲੜਕੀ ਤੇ ਲੜਕੇ ਨੂੰ ਅੰਮ੍ਰਿਤ ਛਕਾ ਲਿਆ ਜਾਵੇ। ਜੇ ਲੜਕਾ ਤੇ ਲੜਕੀ ਅੰਮ੍ਰਿਤਧਾਰੀ ਹੋਣਗੇ ਤਾਂ ਮਨਮਤ ਦੀਆਂ ਵਿਅਰਥ ਰਸਮਾਂ ਤੋਂ ਉਹ ਖ਼ੁਦ ਹੀ ਇਨਕਾਰ ਕਰ ਦੇਣਗੇ। ਉਨ੍ਹਾਂ ਨੇ ਵਿਆਹ ਵਿਚ ਕੋਈ ਵੀ ਗੱਲ ਮਨਮਤ ਦੀ ਨਹੀਂ ਹੋਵੇਗੀ। ਦੋਵੇਂ ਲੜਕੇ ਤੇ ਲੜਕੀ ਵਾਲੇ ਫ਼ਿਕਰ ਨਾਲ ਬੱਚਿਆਂ ਨੂੰ ਵਿਆਹ ਤੋਂ ਪਹਿਲਾਂ ਅੰਮ੍ਰਿਤਪਾਨ ਕਰਵਾ ਦੇਂਦੇ ਸਨ।

2. ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪ੍ਰਕਰਮਾ ਚਾਰ ਲਾਵਾਂ ਦੇ ਕੀਰਤਨ ਵੇਲੇ ਅਨੰਦ ਕਾਰਜ ਵਾਲੇ ਜੋੜੇ ਨੇ ਕਰਨੀਆਂ ਹਨ। ਪਹਿਲੇ ਪਾਠੀ ਲਾਂਵ ਦਾ ਪਾਠ ਕਰੇਗਾ, ਫਿਰ ਕੀਰਤਨ ਵੇਲੇ ਪ੍ਰਕਰਮਾ ਹੋਣਗੀਆਂ।

3. ਬਰਾਤ ਸਿਰਫ਼ ਇਕ ਰਾਤ ਹੀ ਰਹੇਗੀ। ਇਹ ਉਸ ਵੇਲੇ ਬੜਾ ਹੀ ਕ੍ਰਾਂਤੀਕਾਰੀ ਕਦਮ ਸੀ, ਲੋਕ ਸੱਤ-ਸੱਤ ਰਾਤਾਂ ਰਹਿੰਦੇ ਸਨ। ਉਸ ਵੇਲੇ ਇਹ ਫ਼ੈਸਲਾ ਕਰਨਾ ਕਿ ਬਰਾਤ ਇਕ ਰਾਤ ਰਹੇਗੀ ਅਤੇ ਬਰਾਤ ਦੇ ਸਿਰਫ਼ 25 ਬੰਦੇ ਹੋਣਗੇ, ਇਕ ਵੀ ਵਧ ਨਹੀਂ ਹੋਵੇਗਾ, ਬੜੀ ਵੱਡੀ ਕ੍ਰਾਂਤੀ ਸੀ।

4. ਦਾਜ ਦਾ ਵਿਖਾਵਾ ਬੰਦ ਕਰੋ। ਇਸ ਗੱਲ ਦੀ ਜੜ੍ਹ ਸੀ ਕਿ ਵਿਖਾਵਾ ਹੀ ਬੰਦ ਨਹੀਂ ਸਮਝੋ ਦਾਜ ਹੀ ਬੰਦ। ਲੋਕ ਕਹਿੰਦੇ ਸਨ ਕਿ ਕੁੱਝ ਵੀ ਨਹੀਂ ਮਿਲਿਆ। ਜੇ ਮਿਲਿਆ ਹੁੰਦਾ ਤਾਂ ਵਿਖਾਉਂਦੇ ਨਾ। ਅਸਲ ਵਿਚ ਵਿਖਾਵਾ ਹੀ ਪੁਆੜੇ ਦੀ ਜੜ੍ਹ ਹੈ। ਅਤੇ ਡੋਲੀ ਤੋਂ ਪੈਸਿਆਂ ਦੀ ਛੋਟ ਉਹ ਵੀ ਬੰਦ ਕੀਤੀ ਗਈ। ਬੈਂਡ-ਵਾਜਾ ਵੀ ਬੰਦ ਕੀਤਾ ਗਿਆ ਸੀ।

5. ਸੋਨੇ ਚਾਂਦੀ ਦੇ ਜ਼ੇਵਰ ਵਿਆਹ ਕੁੜਮਾਈਆਂ ਵਿਚ ਬਿਲਕੁਲ ਬੰਦ

ਕਰ ਦਿੱਤੇ ਸਨ।

6. ਦਸ-ਦਸ ਬੰਦੇ ਡੋਲੀ ਦੇ ਨਾਲ ਚਲੇ ਜਾਂਦੇ ਸਨ। ਅੱਧੀ ਬਰਾਤ ਜਿੰਨਾ ਪ੍ਰਬੰਧ ਲੜਕੇ ਵਾਲਿਆਂ ਨੂੰ ਕਰਨਾ ਪੈਂਦਾ ਸੀ। ਇਹ ਵੀ ਬੰਦ ਕੀਤਾ ਗਿਆ ਕਿ ਡੋਲੀ ਵਿਚ ਸਿਰਫ਼ ਲੜਕੀ ਜਾਏਗੀ ਹੋਰ ਕੋਈ ਨਹੀਂ ਜਾਵੇਗਾ।

7. ਬਰਾਤ ਸ਼ਬਦ ਪੜ੍ਹਦੀ ਆਏ, ਸ਼ਬਦ ਪੜ੍ਹਦਿਆਂ ਮਿਲਣੀ ਹੋਵੇ। ਬਰਾਤ ਵਿਚ ਸ਼ਰਾਬ ਪੀ ਕੇ ਕੋਈ ਨਾ ਆਵੇ।

8. ਕੁੜੀ ਛੱਡਣ ਵਾਲੇ ਦੇ ਘਰ ਕੋਈ ਵੀ ਰਿਸ਼ਤਾ ਨਾ ਕਰੋ। ਉਸਨੂੰ ਬਰਾਦਰੀ ਨੂੰ ਸਪੱਸ਼ਟੀਕਰਨ ਦੇਣਾ ਪਵੇਗਾ ਕਿ ਉਹ ਕਿਉਂ ਕਿਸੇ ਦੀ ਧੀ ਨੂੰ ਛੱਡ ਰਿਹਾ ਹੈ।

9. ਵਿਧਵਾ ਔਰਤ ਦੀ ਕਿਸੇ ਯੋਗ ਮਨੁੱਖ ਨਾਲ ਦੁਬਾਰਾ ਸ਼ਾਦੀ ਹੋ ਜਾਵੇ। ਉਹ ਦੂਸਰਿਆਂ ਦੀ ਨਜ਼ਰ ਵਿਚ ਨਿਮਾਣੀ, ਨਿਤਾਣੀ ਅਤੇ ਕੁਲੱਛਣੀ ਬਣ ਕੇ ਜ਼ਿੰਦਗੀ ਦੇ ਦਿਨ ਹਉਕੇ ਭਰਦੀ ਹੀ ਨਾ ਕੱਟਦੀ ਰਹੇ। ਜੇ ਮਨੁੱਖ ਦੀ ਦੁਬਾਰਾ ਸ਼ਾਦੀ ਹੋ ਸਕਦੀ ਹੈ ਤਾਂ ਔਰਤ ਦੀ ਦੁਬਾਰਾ ਸ਼ਾਦੀ ਕਿਉਂ ਨਾ ਕੀਤੀ ਜਾਵੇ।

10. ਆਪਸੀ ਝਗੜਿਆਂ ਲਈ ਪੰਚਾਇਤ ਵਿਚ ਬੈਠ ਕੇ ਫ਼ੈਸਲੇ ਕਰ ਲਉ। ਆਮ ਲੋਕ ਅਨਪੜ੍ਹ ਸਨ। ਕਚਹਿਰੀਆਂ ਵਿਚ ਇਨ੍ਹਾਂ ਨੂੰ ਇੰਨਾ ਲੁੱਟਿਆ ਜਾਂਦਾ ਸੀ ਕਿ ਝਗੜੇ ਵਿਚ ਲੋਕ ਕੰਗਾਲ ਹੋ ਜਾਂਦੇ ਸਨ। ਇਹ ਫ਼ੈਸਲਾ ਬੜਾ ਹੀ ਮਹੱਤਵਪੂਰਨ ਸੀ ਅਤੇ ਗੁਰਮਤਿ ਅਨੁਸਾਰ ਸੀ। ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਸਿੱਖਾਂ ਦੇ ਫ਼ੈਸਲੇ ਅਕਾਲ ਤਖ਼ਤ ਹੁੰਦੇ ਸਨ। ਜਿਹੜੇ ਦੂਰ ਸਨ ਉਨ੍ਹਾਂ ਨੂੰ ਕਿਹਾ ਸੀ ਕਿ ਗੁਰੂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਆਪਸੀ ਫ਼ੈਸਲੇ ਭਾਈਚਾਰੇ ਵਿਚ ਬੈਠ ਕੇ ਕਰੋ। ਇਸ ਫ਼ੈਸਲੇ ਨਾਲ ਪਿੰਡਾਂ ਵਿਚ ਪੁਲਿਸ ਦਾ ਦਾਖ਼ਲਾ ਬੰਦ ਹੋ ਗਿਆ ਸੀ।

11. ਇਕ ਹੋਰ ਬਹੁਤ ਵੱਡਾ ਸੁਧਾਰ ਹੋਇਆ ਸੀ ਪ੍ਰਾਣੀ ਦੇ ਮਰਨ ਪਿੱਛੋਂ ਕਈ ਤਰ੍ਹਾਂ ਦੇ ਵਹਿਮ-ਭਰਮ ਪਾਲੇ ਜਾਂਦੇ ਸਨ ਜੋ ਬ੍ਰਾਹਮਣਵਾਦ ਦੇ ਅਸਰ ਹੇਠ ਕੀਤੇ ਜਾਂਦੇ ਸਨ। ਸੰਤਾਂ ਨੇ ਕਿਹਾ ਕਿ ਹਰ ਪ੍ਰਾਣੀ ਦੇ ਅਕਾਲ ਚਲਾਣੇ ਤੋਂ ਬਾਅਦ ਘਰ ਵਿਚ ਪਾਠ ਹੋਵੇ ਤੇ ਸਮਾਪਤੀ ਉਪਰੰਤ ਲੰਗਰ ਕਰ ਦਿੱਤਾ ਜਾਵੇ। ਬਾਅਦ ਵਿਚ ਇਕੱਠ ਕਰਨੇ ਤੇ ਇਕੱਠਾਂ 'ਤੇ ਵਿਆਹਾਂ ਜਿੰਨਾ ਖਰਚ ਕਰਨਾ ਮਨਮਤ ਹੈ। ਇਹ ਬੰਦ ਕਰ ਦਿੱਤਾ। ਭਾਵੇਂ ਕੋਈ ਜਵਾਨ ਮਰਦ ਜਾਂ ਇਸਤਰੀ ਭਾਵੇਂ ਕੋਈ ਬਿਰਧ ਹੋਵੇ ਉਸ ਦੇ ਚਲਾਣੇ ਦੀ ਮਰਯਾਦਾ ਇਕ ਹੀ ਹੈ। ਪਾਠ ਦੀ ਸਮਾਪਤੀ ਕਥਾ, ਕੀਰਤਨ ਅਤੇ ਅਰਦਾਸ ਲੰਗਰ। ਬਸ ਇਸ ਤੋਂ ਵੱਧ ਹੋਰ ਕੁੱਝ ਨਹੀਂ ਕਰਨਾ।

ਇਨ੍ਹਾਂ ਫ਼ੈਸਲਿਆਂ ਨੂੰ ਅਮਲੀ ਰੂਪ ਦਿੱਤਾ ਤੇ ਏਨੀ ਸਖ਼ਤੀ ਵਰਤੀ ਕਿ ਵੱਧ ਬਰਾਤ ਲੈ ਜਾਣ ਵਾਲਿਆਂ ਦੀਆਂ ਬਰਾਤਾਂ ਵਾਪਸ ਕੀਤੀਆਂ ਗਈਆਂ। ਇਹ ਨਿਯਮ ਤੋੜਨ ਵਾਲਿਆਂ ਨੂੰ ਬਰਾਦਰੀ ਦੀ ਅਦਾਲਤ ਵਿਚ ਡੰਨ ਲਾਇਆ ਗਿਆ। ਇਹ ਨਿਯਮ ਪਾਲਣ ਵਾਲਿਆਂ ਦੀ ਪ੍ਰਸੰਸਾ ਕੀਤੀ ਗਈ।

ਉਨ੍ਹਾਂ ਨੂੰ ਪਤਾ ਸੀ ਕਿ ਜ਼ਰਾ ਜਿੰਨੀ ਵੀ ਢਿੱਲ ਦੇ ਦਿੱਤੀ ਤਾਂ ਬਾਕੀ ਰਸਤੇ ਲੋਕਾਂ ਨੇ ਆਪੇ ਹੀ ਕੱਢ ਲੈਣੇ ਹਨ। ਇਸ ਸੰਬੰਧ ਵਿਚ ਦੋ ਦ੍ਰਿਸ਼ਟਾਂਤ ਬੜੇ ਸੁੰਦਰ ਹਨ।

ਪਹਿਲਾ—ਇਕ ਦਿਨ ਮਾਲਕ ਨੇ ਨੌਕਰ ਨੂੰ ਕਿਹਾ ਕਿ ਮੈਂ ਸੇਬ ਦਾ ਮੁਰੱਬਾ ਲੈ ਕੇ ਆਇਆ ਹਾਂ। ਜਾਹ ਕੁੱਝ ਮੇਰੇ ਲਈ ਲੈ ਕੇ ਆ, ਨੌਕਰ ਲੈ ਆਇਆ। ਮਾਲਕ ਨੇ ਖਾਧਾ ਅਤੇ ਨੌਕਰ ਨੂੰ ਕਿਹਾ ਤੂੰ ਵੀ ਖਾ ਲੈ। ਨੌਕਰ ਨੇ ਖਾ ਲਿਆ। ਦੂਸਰੇ ਦਿਨ ਮਾਲਕ ਨੇ ਕਿਹਾ ਮੁਰੱਬਾ ਲੈ ਕੇ ਆ, ਨੌਕਰ ਕਹਿਣ ਲੱਗਾ ਜੀ ਉਹ ਤਾਂ ਖ਼ਤਮ ਹੋ ਗਿਆ ਹੈ। ਪੁੱਛਿਆ, ਕਿੱਥੇ ਗਿਆ, ਕਹਿਣ ਲੱਗਾ ਮੈਂ ਸਾਰਾ ਖਾ ਲਿਆ ਹੈ। ਮਾਲਕ ਨੇ ਕਿਹਾ, ਕਿਉਂ ? ਨੌਕਰ ਕਹਿਣ ਲੱਗਾ, ਜੀ ਤੁਸੀਂ ਫ਼ਰਮਾਇਆ ਸੀ ਕਿ ਤੂੰ ਵੀ ਖਾ ਲੈ। ਮਾਲਕ ਕਹਿਣ ਲੱਗਾ, ਬਦਬਖਤ ਮੈਂ ਤਾਂ ਇਕ ਵਾਰ ਫ਼ਰਮਾਇਆ ਸੀ। ਨੌਕਰ ਕਹਿਣ ਲੱਗਾ ਤੁਸੀਂ ਇਕ ਵਾਰੀ ਫ਼ਰਮਾਇਆ ਸੀ ਫਿਰ ਮੈਂ ਆਪੇ ਹੀ ਫ਼ੁਰਮਦਾ ਰਿਹਾ ਹਾਂ। ਕੁਰਾਹੇ ਪਏ ਮਨ 'ਤੇ ਕੁਰਾਹੇ ਪਏ ਬੰਦਿਆਂ ਨੂੰ ਥੋੜ੍ਹੀ ਕੁਰਾਹੇ ਪੈਣ ਦੀ ਗੁੰਜਾਇਸ਼ ਦੇ ਦਿਉ ਫਿਰ ਇਹ ਆਪੇ ਹੀ ਫ਼ੁਰਮਦੇ ਰਹਿੰਦੇ ਹਨ।

ਦੂਸਰਾ ਦ੍ਰਿਸ਼ਟਾਂਤ ਹੈ ਕਿ ਪੁਰਾਣੇ ਸਮੇਂ ਵਿਚ ਇਕ ਭਰਮੀ ਰਵਾਇਤ ਜ਼ੋਰ ਫੜ ਗਈ ਕਿ ਬਿੱਲੀ ਨੂੰ ਮਾਰਨਾ ਪਾਪ ਹੈ। ਜੋ ਬਿੱਲੀ ਨੂੰ ਮਾਰੇਗਾ ਉਸਨੂੰ ਪੰਚਾਇਤ ਡੰਨ ਲਾਵੇਗੀ। ਬਿੱਲੀ ਚੂਹਿਆਂ ਤੋਂ ਘਰ ਸਾਫ਼ ਰੱਖਦੀ ਸੀ ਪਰ ਬਿੱਲੀਆਂ ਨੁਕਸਾਨ ਬਹੁਤ ਕਰਦੀਆਂ ਸਨ। ਆਖਰ ਸੋਚਿਆ ਗਿਆ ਕਿ ਬਿੱਲੀਆਂ ਨੂੰ ਡਰਾਉਣ ਲਈ ਕੋਈ ਉਪਰਾਲਾ ਕੀਤਾ ਜਾਵੇ। ਫ਼ੈਸਲਾ ਹੋਇਆ ਕਿ ਕੋਈ ਕੱਪੜਾ ਜਿਵੇਂ ਪਰਨਾ ਹੈ ਇਹ ਉਸ ਵੱਲ ਹਿਲਾ ਕੇ ਜਾਂ ਕੱਪੜਾ ਸੁੱਟ ਕੇ ਡਰਾ ਸਕਦੇ ਹੋ ਇਹ ਛੋਟ ਮਿਲ ਗਈ। ਬਸ ਇਕ ਘੰਟੇ ਬਾਅਦ ਖ਼ਬਰ ਮਿਲ ਗਈ ਕਿ ਰਾਮੋ ਨੇ ਬਿੱਲੀ ਮਾਰ ਦਿੱਤੀ ਹੈ। ਰਾਮੋ ਨੂੰ ਪੁੱਛਿਆ ਉਹ ਕਹਿਣ ਲੱਗੀ ਮੈਂ ਤਾਂ ਚੁੰਨੀ ਹੀ ਮਾਰੀ ਹੈ। ਪੁੱਛਿਆ ਗਿਆ ਚੁੰਨੀ ਮਾਰਿਆਂ ਕਿਤੇ ਬਿੱਲੀ ਮਰ ਜਾਂਦੀ ਹੈ। ਕਹਿਣ ਲੱਗੀ ਚੁੰਨੀ ਵਿਚ ਦੋ ਸੇਰ ਦਾ ਪੱਥਰ ਵੀ ਸੀ। ਬੰਦੇ ਨੂੰ ਚੁੰਨੀ ਮਾਰਨ ਦੀ ਖੁੱਲ੍ਹ ਦਿਉ, ਇਹ ਵਿਚ ਪੱਥਰ ਲਪੇਟ ਲੈਂਦਾ ਹੈ।

ਜੇ ਇਹ ਛੋਟ ਮਿਲ ਜਾਏ ਕਿ 25 ਦੀ ਬਜਾਏ ਇਕ ਅੱਧ ਬੰਦਾ ਜ਼ਿਆਦਾ ਹੋ ਜਾਏ ਤਾਂ ਕੋਈ ਗੱਲ ਨਹੀਂ ਤਾਂ 25 ਦਾ ਸੌ ਬੰਦਾ ਹੋ ਜਾਣਾ ਵੱਡੀ ਗੱਲ ਨਹੀਂ। ਇਕ ਵਾਰ ਮੈਂ ਆਪ ਵੇਖਿਆ ਸੀ ਇਕ ਬਰਾਤ ਵਿਚ ਬੰਦੇ ਚਾਲੀ ਮੰਗਵਾਏ ਸਨ। ਕੁੜੀ ਵਾਲੇ ਨੇ ਵਿਚੋਲੇ ਨੂੰ ਪੁੱਛਿਆ ਬੰਦੇ 80 ਹਨ ਇਹ ਕਿਉਂ ਉਸਨੇ ਮੁੰਡੇ ਵਾਲੇ ਨੂੰ ਕਿਹਾ ਉਹ ਹੱਸ ਕੇ ਕਹਿਣ ਲੱਗਾ, ਬੰਦੇ ਤਾਂ 40 ਹੀ ਹਨ। 10 ਬੈਂਡ ਵਾਲੇ ਹਨ, ਤਿੰਨ ਰਾਗੀ ਹਨ। ਬਾਕੀ ਕੁੱਝ ਉਨ੍ਹਾਂ ਦੇ ਸੱਜਣ ਮਿੱਤਰ ਨਾਲ ਆ ਗਏ ਹੋਣਗੇ, ਵਾਜਿਆਂ ਵਾਲਿਆਂ ਦੇ ਸੱਜਣ-ਮਿੱਤਰ। ਬੱਸ ਹੁਣੇ ਉਨ੍ਹਾਂ ਤੁਰ ਜਾਣਾ ਹੈ ਬੰਦੇ ਤਾਂ ਬਸ ਚਾਲੀ ਹੀ ਹਨ।

ਸੰਤਾਂ ਨੂੰ ਪਤਾ ਸੀ ਲੋਕਾਂ ਨੇ ਇਹ ਨਿਯਮ ਤੋੜਨ ਲਈ ਕੋਈ ਨਾ ਕੋਈ ਰਾਹ ਕੱਢਣਾ ਹੈ। ਉਨ੍ਹਾਂ ਵਿਹਾਰ ਸੁਧਾਰ ਵਿਚ ਜ਼ਰਾ ਜਿੰਨੀ ਵੀ ਛੋਟ ਨਹੀਂ ਦਿੱਤੀ। ਜਿਸ ਬੰਦੇ ਨੇ ਇਨ੍ਹਾਂ ਨਿਯਮਾਂ ਨੂੰ ਤੋੜਿਆ ਸੀ ਉਸ ਦਾ ਭਾਈਚਾਰਕ ਬਾਈਕਾਟ ਕੀਤਾ ਗਿਆ। ਬਰਾਦਰੀ ਦੇ ਛੇਕਿਆਂ ਬੰਦਿਆਂ ਨੂੰ ਉਦੋਂ ਤੱਕ ਵਾਪਸ ਨਹੀਂ ਲਿਆ ਗਿਆ ਜਦੋਂ ਤੱਕ ਉਨ੍ਹਾਂ ਨੇ ਨਿਯਤ ਕੀਤਾ ਡੰਨ ਕਰਕੇ ਮੁਆਫ਼ੀ ਨਹੀਂ ਮੰਗੀ। ਵਿਹਾਰ ਸੁਧਾਰ ਲਹਿਰ ਚੱਲਣ ਨਾਲ ਧੀਆਂ ਵਾਲਿਆਂ ਨੂੰ ਕੁੱਝ ਸੌਖਾ ਸਾਹ ਆਇਆ ਸੀ। ਨਹੀਂ ਤਾਂ ਲੜਕੀਆਂ ਦੀ ਬੇਕਦਰੀ ਨੇ ਜੰਮਦੀਆਂ ਲੜਕੀਆਂ ਨੂੰ ਮੌਤ ਦੇ ਮੂੰਹ ਵਿਚ ਪਾ ਦਿੱਤਾ ਸੀ। ਲੋਕ ਸੋਚਦੇ ਸਨ ਲੜਕੀ ਦੇ ਆਉਣ ਨਾਲ ਮੇਰਾ ਸਿਰ ਨੀਵਾਂ ਹੋਵੇਗਾ, ਮੇਰਾ ਕੋਈ ਜੁਆਈ ਬਣੇਗਾ। ਇਹ ਤਾਂ ਕੋਈ ਸੋਚਦਾ ਹੀ ਨਹੀਂ ਸੀ ਕਿ ਮੈਂ ਵੀ ਤਾਂ ਆਖਰ ਕਿਸੇ ਦਾ ਜੁਆਈ ਬਣਿਆ ਹਾਂ।

ਜਿਹੜੀ ਮੁਸ਼ਕਿਲ ਸੰਤ ਪ੍ਰੇਮ ਸਿੰਘ ਨੇ ਲੁਬਾਣਾ ਬਰਾਦਰੀ ਦੀ ਹੱਲ ਕੀਤੀ ਸੀ ਉਨ੍ਹਾਂ ਦੇ ਜਾਣ ਬਾਅਦ ਅੱਜ ਉਹ ਮੁਸ਼ਕਿਲ ਪਹਿਲੇ ਨਾਲੋਂ ਵੀ ਡਰਾਉਣਾ ਰੂਪ ਬਣਾ ਕੇ ਸਾਡੇ ਸਾਹਮਣੇ ਹੈ। ਪਹਿਲੇ ਲੋਕ ਜੰਮਦੀਆਂ ਲੜਕੀਆਂ ਮਾਰਦੇ ਸਨ, ਅੱਜ ਵਿਹਾਈਆਂ ਨੂੰ ਮਾਰਿਆ ਜਾ ਰਿਹਾ ਹੈ। ਮਾਂ-ਬਾਪ ਰੋ ਧੋ ਕੇ ਚੁੱਪ ਹੋ ਜਾਂਦੇ ਹਨ। ਜਵਾਨ ਧੀ ਮਨ ਦੀਆਂ ਸਧਰਾਂ ਮਨ ਵਿਚ ਹੀ ਲੈ ਕੇ ਅਗਲੇ ਲੋਕ ਨੂੰ ਚਲੀ ਜਾਂਦੀ ਹੈ। ਮਾੜਿਆਂ ਨੂੰ ਇਨਸਾਫ਼ ਵੀ ਨਹੀਂ ਮਿਲਦਾ, ਪੈਸਿਆਂ ਨਾਲ ਸਭ ਕੁੱਝ ਵਿਕ ਜਾਂਦਾ ਹੈ। ਅਦਾਲਤਾਂ ਵਿਚ ਲੋਕ ਪੋਥੀਆਂ ਤੇ ਹੱਥ ਰੱਖ ਕੇ ਝੂਠ ਬੋਲ ਜਾਂਦੇ ਹਨ। ਜਾਣ ਵਾਲੀ ਧੀ ਨੇ ਤਾਂ ਵਾਪਸ ਨਹੀਂ ਮੁੜ ਆਉਣਾ। ਸੰਤ ਪ੍ਰੇਮ ਸਿੰਘ ਨੇ ਤਾਂ ਹੁਣ ਵਾਪਸ ਨਹੀਂ ਆਉਣਾ, ਕੁਦਰਤ ਦਾ ਇਕ ਨਿਯਮ ਹੈ ਕਿ :

ਜੋ ਯਹਾਂ ਸੇ ਜਾਤਾ ਹੈ,
ਵੋਹ ਵਾਪਿਸ ਨਹੀਂ ਆਤਾ।

ਪਰ ਅਸੀਂ ਸੰਤ ਪ੍ਰੇਮ ਸਿੰਘ ਦੇ ਮਿਸ਼ਨ ਨੂੰ ਤਾਂ ਜ਼ਿੰਦਾ ਰੱਖ ਸਕਦੇ ਹਾਂ, ਗਏ ਬੰਦੇ ਤਾਂ ਨਹੀਂ ਲਿਆਉਂਦੇ ਪਰ ਭੁਲੇ ਸਿਧਾਂਤ ਤਾਂ ਫਿਰ ਯਾਦ ਆ ਸਕਦੇ ਹਨ ਅਤੇ ਉਨ੍ਹਾਂ ਨੂੰ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ।

ਲੜਕੀ ਨੂੰ ਤਾਂ ਇੰਨੀ ਅਬਲਾ ਬਣਾ ਦਿੱਤਾ ਗਿਆ ਸੀ ਕਿ ਉਸਦਾ ਖੁਲ੍ਹੀ ਹਵਾ ਵਿਚ ਸਾਹ ਲੈਣਾ ਵੀ ਮੁਸ਼ਕਿਲ ਸੀ। ਉਸ ਸਮੇਂ ਬੱਚੀਆਂ ਦੇ ਹੱਕ ਵਿਚ ਇਕ ਅੰਦੋਲਨ ਸ਼ੁਰੂ ਹੋਇਆ ਸੀ ਜਿਸ ਵਿਚ ਕੁੱਝ ਹੋਰ ਮਹਾਂਪੁਰਖਾਂ ਵੀ ਕੰਮ ਕੀਤਾ ਸੀ। ਨਾਮਧਾਰੀ ਆਗੂ ਬਾਬਾ ਰਾਮ ਸਿੰਘ ਨੇ ਬਿਨਾਂ ਦਾਜ ਤੋਂ ਸਮੂਹਕ ਅਨੰਦ ਕਾਰਜ ਕਰਾਏ। ਬਾਬਾ ਰਤਾ ਜੀ, ਬਾਬਾ ਦਿਆਲ ਜੀ ਅਸਲੀ ਨਿਰੰਕਾਰੀ ਰਾਵਲ ਪਿੰਡੀ ਵਾਲਿਆਂ ਵੀ ਇਸ ਸਿਲਸਿਲੇ ਵਿਚ ਕੰਮ ਕੀਤਾ। ਉਹ ਵਿਆਹ ਵਾਲੇ ਘਰ ਜਾ ਧਰਨਾ ਦੇਂਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲਾਵਾਂ ਦਾ ਪਾਠ ਹੋਵੇ, ਕੀਰਤਨ ਹੋਵੇ ਤੇ ਬੱਚੇ ਪ੍ਰਕਰਮਾ ਨਾਲ ਹੀ ਅਨੰਦ ਕਾਰਜ ਕਰਨਗੇ।

ਅਕਾਲੀ ਲਹਿਰ ਨੇ ਇਸ ਮਸਲੇ 'ਤੇ ਮਹਾਨ ਕੰਮ ਕੀਤਾ। ਬਿਨਾਂ ਦਾਜ ਦਹੇਜ ਵਿਆਹ ਹੋਣ ਲੱਗੇ। ਪਰ ਲੁਬਾਣਾ ਬਰਾਦਰੀ ਵਾਸਤੇ ਸਿਰਫ਼ ਸੰਤ ਪ੍ਰੇਮ ਸਿੰਘ ਨੇ ਹੀ ਉਪਰਾਲਾ ਕੀਤਾ। ਲੁਬਾਣਿਆਂ ਲਈ ਹੋਰ ਕਿਸੇ ਕੋਈ ਹੀਲਾ ਨਾ ਕੀਤਾ। ਲੁਬਾਣੇ ਵੀ ਸੰਤ ਪ੍ਰੇਮ ਸਿੰਘ ਨੂੰ ਮਾਈ ਬਾਪ ਸਮਝਦੇ ਸਨ। ਸੰਤ ਪ੍ਰੇਮ ਸਿੰਘ ਦੇ ਮੂੰਹੋਂ ਨਿਕਲਿਆ ਬਚਨ ਲੁਬਾਣਿਆਂ ਵਾਸਤੇ ਰੱਬੀ ਹੁਕਮ ਹੁੰਦਾ ਸੀ। ਉਹ ਸੰਤਾਂ ਦਾ ਹੁਕਮ ਕਦੀ ਨਹੀਂ ਸਨ ਮੋੜਦੇ।

ਜਿਸ ਵੇਲੇ ਸੰਤ ਐਮ. ਐਲ. ਏ. ਦੀ ਸੀਟ 'ਤੇ ਖੜ੍ਹੇ ਹੋਏ ਤਾਂ ਉਨ੍ਹਾਂ ਦੇ ਸ਼ਰਧਾਲੂ ਡੱਬੇ ਵਿਚ ਨਾਲੇ ਇਕ ਵੋਟ ਪਾਈ ਜਾਣ ਤੇ ਇਕ ਰੁਪੈ ਦਾ ਨੋਟ ਰੱਖੀ ਜਾਣ। ਪੋਲਿੰਗ ਆਫ਼ੀਸਰ ਕਹਿਣ ਲੱਗੇ, ਵੋਟ ਗਿਣਨ ਵਾਲੇ ਭਾਵੇਂ ਵੋਟ ਗਿਣ ਲੈਣ, ਭਾਵੇਂ ਨੋਟ ਗਿਣ ਲੈਣ, ਇਹ ਬਰਾਬਰ ਹੀ ਹੋਣਗੇ। ਵੋਟ ਪਾਉਂਦੇ ਨੋਟ ਰੱਖਦੇ ਵੀ ਲੋਕ ਸਿਰ ਝੁਕਾਉਂਦੇ ਸਨ ਤੇ ਕਹਿੰਦੇ ਸਨ ਧੰਨ ਬਾਬਾ ਪ੍ਰੇਮ ਸਿੰਘ।

ਇੰਨੀਆਂ ਪੁਰਾਣੀਆਂ ਰਸਮਾਂ-ਗੀਤਾਂ ਜੋ ਹੱਢੀਂ ਲਹਿ ਚੁੱਕੀਆਂ ਸਨ ਲੋਕ ਉਨ੍ਹਾਂ ਰਸਮਾਂ ਨੂੰ ਛੱਡਣਾ ਮਰਨਾ ਸਮਝਦੇ ਸਨ। ਉਹ ਰਸਮਾਂ ਬੇਸ਼ੱਕ ਵਹਿਮ ਭਰਮ ਜਾਂ ਕੁਰਹਿਤ ਦਾ ਹੀ ਹਿੱਸਾ ਕਿਉਂ ਨਾ ਹੋਣ ਪਰ ਉਹ ਲੋਕਾਂ ਦੀਆਂ ਆਦਤਾਂ ਨਾਲ ਜੁੜ ਕੇ ਜੀਵਨ ਦਾ ਅੰਗ ਬਣ ਚੁੱਕੀਆਂ ਸਨ। ਉਨ੍ਹਾਂ ਰਸਮਾਂ ਨੂੰ ਛੱਡਣਾ ਉਹ ਆਪਣਾ ਅੰਗ ਕੱਟਣਾ ਹੀ ਸਮਝਦੇ ਸਨ।

ਪਰ ਸੰਤ ਪ੍ਰੇਮ ਸਿੰਘ ਦਾ ਐਸਾ ਤੇਜ ਪ੍ਰਤਾਪ ਸੀ ਕਿ ਕੋਈ ਉਨ੍ਹਾਂ ਦੇ ਸਾਹਮਣੇ ਬੋਲਣ ਦੀ ਹਿੰਮਤ ਨਹੀਂ ਸੀ ਕਰਦਾ। ਹਰ ਬੰਦਾ ਸਿਰ ਝੁਕਾ ਕੇ ਕਹਿੰਦਾ ਸੀ, ਬਾਬਾ ਜੀ ਜੋ ਹੁਕਮ ਕਰਦੇ ਹੋ ਉਹ ਅਸੀਂ ਸਿਰ ਮੱਥੇ 'ਤੇ ਮੰਨਾਂਗੇ।

ਇਕ ਪਿੰਡ ਵਿਚ ਸਕੂਲ ਦੀ ਉਗਰਾਹੀ ਹੋ ਰਹੀ ਸੀ। ਇਸ ਪਿੰਡ ਦਾ ਨਾਂ ਸੀ ਨੰਗਲ ਭੁਚਰ। ਇਕ ਬੰਦਾ ਉਗਰਾਹੀ ਨਹੀਂ ਸੀ ਦਿੰਦਾ, ਪੰਜ ਰੁਪੈ ਦੇਣ ਵਾਸਤੇ ਤਿਆਰ ਨਹੀਂ ਸੀ। ਪੰਚਾਇਤ ਨੇ ਕਿਹਾ ਜਾਂ ਤਾਂ ਉਗਰਾਹੀ ਦੇ ਜਾਂ ਮੂੰਹ ਕਾਲਾ ਕਰਵਾ ਲੈ। ਉਹ ਕਹਿਣ ਲੱਗਾ, ਮੇਰਾ ਮੂੰਹ ਕਾਲਾ ਕਰ ਦਿਓ ਪਰ ਮੈਂ ਪੈਸਾ ਇਕ ਨਹੀਂ ਦੇਣਾ। ਮੂੰਹ ਕਾਲਾ ਕਿਸ ਕਰਨਾ ਸੀ। ਪੰਚਾਇਤ ਨੇ ਹਾਰ ਮੰਨ ਲਈ ਕਿ ਇਸ ਬੰਦੇ ਅੱਗੇ ਕੀ ਜ਼ੋਰ ਹੈ, ਜਿਹੜਾ ਮੂੰਹ ਕਾਲਾ ਕਰਾਉਣ ਵਾਸਤੇ ਤਿਆਰ ਹੋ ਗਿਆ ਹੈ।

ਜ਼ਰਾ ਅੰਦਾਜ਼ਾ ਲਗਾਉਣਾ ਕਿ ਸੰਤ ਪ੍ਰੇਮ ਸਿੰਘ ਦਾ ਕਿਨ੍ਹਾਂ ਬੰਦਿਆਂ ਨਾਲ ਵਾਹ ਪਿਆ ਸੀ। ਜਿਹੜਾ ਬੰਦਾ ਪੰਚਾਇਤ ਨੂੰ ਕਹਿੰਦਾ ਸੀ ਬੇਸ਼ੱਕ ਮੂੰਹ ਕਾਲਾ ਕਰ ਦਿਉ ਪੈਸਾ ਇਕ ਨਹੀਂ ਦੇਣਾ। ਸੰਤ ਪ੍ਰੇਮ ਸਿੰਘ ਨੇ ਉਸਨੂੰ ਬੁਲਾਇਆ ਤੇ ਕਹਿਣ ਲੱਗੇ ਗੁਰਮੁਖਾ ਸਕੂਲ ਵਿਚ ਮੇਰੇ ਬੱਚੇ ਨਹੀਂ ਪੜ੍ਹਨੇ, ਤੁਹਾਡੇ ਬੱਚੇ ਹੀ ਪੜ੍ਹਨੇ ਹਨ। ਮੈਂ ਤਾਂ ਤੁਹਾਡਾ ਸੇਵਾਦਾਰ ਹਾਂ। ਦੱਸ ਫਿਰ ਆਪਣੇ ਬੱਚਿਆਂ ਦੇ ਭਲੇ ਵਾਸਤੇ ਕੀ ਦੇਂਦਾ ਹੈਂ। ਉਹੋ ਬੰਦਾ ਸਿਰ ਝੁਕਾ ਕੇ ਕਹਿਣ ਲੱਗਾ ਜੋ ਹੁਕਮ ਕਰੋ ਮੈਂ ਦਿਆਂਗਾ। ਸੰਤਾਂ ਨੇ ਕਿਹਾ ਦੋ ਸੌ ਰੁਪਿਆ ਸੇਵਾ ਕਰ ਦੇ। ਖੜ੍ਹੇ ਮੱਥੇ ਉਸ ਬੰਦੇ ਨੇ ਦੋ ਸੌ ਰੁਪੈ ਦੇ ਦਿੱਤੇ। ਲੋਕ ਹੈਰਾਨ ਸਨ ਇਸ ਬੰਦੇ 'ਤੇ ਤਾਂ ਇਹ ਗੱਲ ਢੁਕਦੀ ਸੀ—

ਸਾਡੀ ਬੂਥੀ ਤਾਂ ਦਸਦੀ ਹੈ ਅਸੀਂ ਇਨਸਾਨ ਜੰਮੇ ਹਾਂ।
ਕਰਤੂਤਾਂ ਨੂੰ ਤਕੀਏ ਤਾਂ ਨਿਰੇ ਹੈਵਾਨ ਜੰਮੇ ਹਾਂ।
ਕੋਈ ਜੰਮਿਆ ਹਸਪਤਾਲਾਂ ਵਿਚ ਤੇ ਕੋਈ ਬੰਗਲੇ ਵਿਚ।
ਅਸੀਂ ਉਹ ਸ਼ੇਰ ਦੂਲੇ ਜੋ ਰੜੇ ਮੈਦਾਨ ਜੰਮੇ ਹਾਂ।
ਮਾਸ਼ੂਕ ਦੀ ਤੁਰਬਤ 'ਤੇ ਕੋਈ ਫੁੱਲ ਚੜ੍ਹਾਉਂਦਾ ਹੈ।
ਅਸੀਂ ਕੰਮਬਖ਼ਤ ਐਸੇ ਹਾਂ ਜੋ ਕਫ਼ਨ ਲਾਹੁਣ ਜੰਮੇ ਹਾਂ।

ਲੋਕ ਹੈਰਾਨ ਹੋ ਗਏ ਕਿ ਇਹ ਤਾਂ ਮਰੀ ਜੂੰ ਨਾ ਦੇਵੇ। ਇਹ ਦੂਜਿਆਂ ਦੇ ਕਫ਼ਨ ਲਾਹੁਣ ਵਾਲਾ ਕੱਲ੍ਹ ਮੂੰਹ ਕਾਲਾ ਕਰਾਉਣ ਲਈ ਤਿਆਰ ਸੀ, ਅੱਜ ਦੋ ਸੌ ਰੁਪਏ ਦੇ ਦਿੱਤੇ, ਇਹ ਸੰਤ ਪ੍ਰੇਮ ਸਿੰਘ ਦਾ ਪ੍ਰਭਾਵ ਹੈ। ਇਨ੍ਹਾਂ ਦਾ ਕੰਮ ਕਰਨ ਦਾ ਢੰਗ ਬੜਾ ਨਿਰਾਲਾ ਸੀ ਉਹ ਜੜ੍ਹ ਨੂੰ ਫੜਦੇ ਸਨ। ਇਕ ਕਰਨਲ ਪਲਟਨ ਲੈ ਕੇ ਸਕੀਮ 'ਤੇ ਆਇਆ ਸੀ। ਉਸ ਪਲਟਨ ਵਿਚ ਇਕ ਉਹ

ਨੌਜਵਾਨ ਸੀ ਜੋ ਸੰਤ ਪ੍ਰੇਮ ਸਿੰਘ ਨੂੰ ਜਾਣਦਾ ਸੀ। ਉਸਨੇ ਤੁਰੀ ਜਾਂਦੀ ਪਲਟਨ ਵਿਚੋਂ ਬਾਹਰ ਨਿਕਲ ਕੇ ਸੰਤਾਂ ਅੱਗੇ ਸਤਿਕਾਰ ਵਜੋਂ ਸਿਰ ਝੁਕਾ ਦਿੱਤਾ। ਬਾਬਾ ਜੀ ਨੇ ਫ਼ਤਹਿ ਬੁਲਾ ਕੇ ਅਸੀਸਾਂ ਦਿੱਤੀਆਂ ਪਰ ਆਰਮੀ ਦੇ ਕਾਨੂੰਨ ਵਿਚ ਇਹ ਜੁਰਮ ਸੀ, ਕਰਨਲ ਅੰਗਰੇਜ਼ ਸੀ। ਉਸਨੇ ਉਸ ਨੌਜਵਾਨ ਦਾ ਕੋਰਟਮਾਰਸ਼ਲ ਕਰ ਦਿੱਤਾ, ਉਸਨੂੰ ਸਜ਼ਾ ਹੋਣੀ ਸੀ। ਸੰਤਾਂ ਨੂੰ ਪਤਾ ਲੱਗਾ ਇਹ ਕਰਨਲ ਕੋਲ ਗਏ ਤੇ ਕਹਿਣ ਲੱਗੇ, ਸਾਰੀ ਪਲਟਨ ਹੀ ਮੁਰਾਲੇ ਡੇਰੇ ਲੰਗਰ ਛਕੇ। ਕਰਨਲ ਨੇ ਕਿਹਾ ਬਾਬਾ ਜੀ ਇੰਨੇ ਬੰਦਿਆਂ ਦਾ ਪ੍ਰਬੰਧ ਕਿਵੇਂ ਹੋਵੇਗਾ। ਬਾਬਾ ਜੀ ਨੇ ਕਿਹਾ ਬਸ ਤੁਸੀਂ ਆ ਜਾਉ ਕਰਨਲ ਨੇ ਲਾਂਗਰੀ ਵੀ ਆਪਣੇ ਭੇਜ ਦਿੱਤੇ। ਕਰਨਲ ਆਇਆ, ਲੰਗਰ ਛਕਿਆ ਤੇ ਬੜਾ ਪ੍ਰਭਾਵਿਤ ਹੋਇਆ, ਕੋਈ ਸੇਵਾ ਪੁੱਛੀ ਸੰਤਾਂ ਨੇ ਕਿਹਾ, ਅਕਾਲ ਪੁਰਖ ਦੀ ਕ੍ਰਿਪਾ ਹੈ। ਫ਼ੌਜੀਆਂ ਨੂੰ ਲੰਗਰ ਛਕਾ ਕੇ ਬੜੀ ਪ੍ਰਸੰਨਤਾ ਹੋਈ ਹੈ। ਇਹ ਹੀ ਕਾਫ਼ੀ ਹੈ।

ਇਕ ਸੂਬੇਦਾਰ ਨੇ ਕਰਨਲ ਨੂੰ ਦੱਸਿਆ ਕਿ ਇਹ ਉਹੀ ਬਾਬਾ ਜੀ ਹਨ ਜਿਨ੍ਹਾਂ ਨੂੰ ਮੱਥਾ ਟੇਕਣ ਦੇ ਦੋਸ਼ ਵਿਚ ਤੁਸੀਂ ਇਕ ਜਵਾਨ ਦਾ ਕੋਰਟ ਮਾਰਸ਼ਲ ਕੀਤਾ ਹੈ। ਕਰਨਲ ਨੇ ਖ਼ਿਮਾ ਮੰਗੀ ਤੇ ਵਾਪਸ ਜਾ ਕੇ ਉਸ ਨੌਜਵਾਨ ਦਾ ਕੇਸ ਖ਼ਤਮ ਕਰਕੇ ਉਸ ਨੂੰ ਸਿਪਾਹੀ ਤੋਂ ਹੌਲਦਾਰ ਬਣਾ ਦਿੱਤਾ ਤੇ ਕਿਹਾ ਜਿਸ ਸੰਤ ਅੱਗੇ ਤੂੰ ਝੁਕਿਆ ਸੈਂ, ਉਸ ਅੱਗੇ ਮੈਂ ਵੀ ਸਿਰ ਝੁਕਾ ਆਇਆ ਹਾਂ। ਇਹ ਨਿਰਾਲਾ ਢੰਗ ਸੀ ਸੰਤਾਂ ਦਾ ਕੰਮ ਕਰਨ ਦਾ।

ਸੰਤ ਜੀ ਬਹੁਤ ਘੱਟ ਬੋਲਦੇ ਸਨ ਪਰ ਬੋਲਾਂ ਵਿਚ ਬਰਕਤ ਸੀ, ਬਹੁਤ ਬੋਲਣ ਅਤੇ ਵਿਅਰਥ ਬੋਲਣ ਵਾਲੇ ਬੰਦੇ ਦੇ ਬੋਲਣ ਵਿਚ ਬਰਕਤ ਨਹੀਂ ਰਹਿੰਦੀ। ਸੰਤ ਪੁਰਸ਼ ਤਾਂ ਕਹਿੰਦੇ ਹਨ ਕਿ ਜੇ ਦੋ ਬਚਨਾਂ ਨਾਲ ਗੱਲ ਪੂਰੀ ਹੋ ਜਾਵੇ ਤਾਂ ਤੀਜੀ ਕਹਿ ਕੇ ਆਪਣਾ ਨੁਕਸਾਨ ਨਾ ਕਰ। ਜਿੰਨਾ ਘੱਟ ਬੋਲੇਂਗਾ, ਉੱਨਾ ਧੀਰਜ ਵਧੇਗਾ ਅਤੇ ਠਰੰਮਾ ਤੇ ਮਿਠਾਸ ਬਚਨਾਂ ਵਿਚ ਹੋਵੇਗੀ। ਇਸੇ ਲਈ ਸਿਆਣਿਆਂ ਨੇ ਮਨੁੱਖ ਨੂੰ ਨਸੀਹਤ ਕੀਤੀ ਹੈ ਕਿ ਬੋਲਣ ਵੇਲੇ ਬੋਲ ਚੁੱਪ ਰਹਿਣ ਵੇਲੇ ਚੁੱਪ ਰਹੁ। ਮੂਰਖ ਬੰਦਾ ਜਿਸ ਵੇਲੇ ਬੋਲਣ ਦਾ ਸਮਾਂ ਹੁੰਦਾ ਹੈ, ਉਸ ਵੇਲੇ ਚੁੱਪ ਰਹਿੰਦਾ ਹੈ ਅਤੇ ਜਦੋਂ ਚੁੱਪ ਰਹਿਣ ਦਾ ਸਮਾਂ ਹੁੰਦਾ ਹੈ, ਉਹ ਵਿਅਰਥ ਬੋਲਦਾ ਹੈ। ਜਿਹੜੇ ਬੋਲਣ ਵੇਲੇ ਨਹੀਂ ਬੋਲਦੇ, ਉਹ ਆਪਣਾ ਬੋਲਣ ਦਾ ਹੱਕ ਗਵਾ ਬੈਠਦੇ ਹਨ। ਸੰਤ ਪ੍ਰੇਮ ਸਿੰਘ ਬੋਲਣ ਵੇਲੇ ਬੋਲਦੇ ਸਨ, ਉਨ੍ਹਾਂ ਦੇ ਹਰ ਬੋਲ ਦਾ ਮੁੱਲ ਪੈਂਦਾ ਸੀ। ਪਿੱਛੇ ਜੀਵਨ ਦਾ ਪ੍ਰਭਾਵ ਸੀ, ਉਨ੍ਹਾਂ ਦੀ ਗੱਲ ਹਿਰਦੇ ਨੂੰ ਵਿੰਨ੍ਹਦੀ ਸੀ।

ਇਕ ਵਾਰ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੁਛਿਆ ਸੀ ਕਿ ਪਾਤਸ਼ਾਹ

ਜੀ! ਇਕ ਗੱਲ ਨੂੰ ਇਕ ਸਿੱਖ ਕਹਿੰਦਾ ਹੈ ਤਾਂ ਸਾਡੇ ਮਨ 'ਤੇ ਕੋਈ ਅਸਰ ਨਹੀਂ ਹੁੰਦਾ। ਦੂਸਰਾ ਸਿੰਘ ਉਸੇ ਗੱਲ ਨੂੰ ਕਹਿੰਦਾ ਹੈ ਤਾਂ ਉਹ ਦਿਲ ਵਿਚ ਵੱਸ ਜਾਂਦੀ ਹੈ। ਇਸਦਾ ਕੀ ਕਾਰਨ ਹੈ?

ਸਤਿਗੁਰਾਂ ਨੇ ਕਿਹਾ ਅੱਜ ਦੁਪਹਿਰ ਬਾਅਦ ਉੱਤਰ ਦੇਵਾਂਗੇ। ਜਿੱਥੇ ਸ਼ਸਤਰ ਅਭਿਆਸ ਹੁੰਦਾ ਹੈ ਉਥੇ ਆ ਜਾਇਓ ਤੁਹਾਡੇ ਪ੍ਰਸ਼ਨ ਦਾ ਉੱਤਰ ਮਿਲ ਜਾਏਗਾ। ਸਤਿਗੁਰਾਂ ਨੇ ਇਕ ਸਿੱਖ ਨੂੰ ਤੀਰ ਤੇ ਧਨੁਸ਼ ਦਿੱਤਾ, ਸਾਹਮਣੇ ਨਿਸ਼ਾਨੇ 'ਤੇ ਤੀਰ ਮਾਰਨਾ ਸੀ। ਹੁਕਮ ਹੋਇਆ ਕਿ ਤੀਰ ਚਲਾ। ਤੀਰ ਚਲਾਇਆ ਤੀਰ ਅੱਧ ਵਿਚ ਹੀ ਗਿਰ ਗਿਆ, ਨਿਸ਼ਾਨੇ ਤੀਕ ਨਹੀਂ ਪੁੱਜਾ। ਦੂਸਰੇ ਸਿੱਖ ਨੂੰ ਹੁਕਮ ਹੋਇਆ ਕਿ ਤੂੰ ਧਨੁਸ਼ ਚੁੱਕ ਤੇ ਤੀਰ ਚਲਾ। ਉਸ ਨੇ ਧਨੁਸ਼ ਚੁੱਕਿਆ, ਪ੍ਰਤੰਚਾ 'ਤੇ ਤੀਰ ਰੱਖ ਕੇ ਤੰਦੀ ਨੂੰ ਖਿਚਿਆ ਧਨੁਸ਼ ਨੂੰ ਪਤਾ ਲੱਗਾ ਕਿ ਕਿਸੇ ਯੋਧੇ ਦੇ ਹੱਥ ਵਿਚ ਹਾਂ, ਧਨੁਸ਼ ਚਿੜ ਚਿੜਾਇਆ ਪੂਰੇ ਤਾਨ ਨਾਲ ਤੀਰ ਚਲਾਇਆ ਤਾਂ ਤੀਰ ਨਿਸ਼ਾਨੇ 'ਤੇ ਜਾ ਵੱਜਾ।

ਸਤਿਗੁਰਾਂ ਪ੍ਰਸ਼ਨ ਵਾਲੇ ਸਿੱਖਾਂ ਨੂੰ ਪੁਛਿਆ ਕਿ ਸਿੰਘੋ! ਕੁੱਝ ਵੇਖਿਆ ਹੈ ਉਹੀ ਧਨੁਸ਼ ਹੈ, ਉਹੀ ਤੀਰ ਹੈ, ਪਹਿਲੇ ਦਾ ਤੀਰ ਅੱਧ ਵਿਚ ਰਹਿ ਗਿਆ ਹੈ ਅਤੇ ਦੂਸਰੇ ਸਿੱਖ ਦਾ ਤੀਰ ਨਿਸ਼ਾਨੇ 'ਤੇ ਵੱਜਾ ਹੈ। ਐਸਾ ਕਿਉਂ ਹੋਇਆ ਹੈ। ਪ੍ਰਸ਼ਨ ਕਰਤਾ ਸਿੰਘਾਂ ਨੇ ਕਿਹਾ ਸਤਿਗੁਰੂ ਜੀ ਇਹ ਤਾਂ ਗੱਲ ਸਾਫ਼ ਹੈ ਕਿ ਪਹਿਲੇ ਸਿੰਘ ਦੇ ਸਰੀਰ ਵਿਚ ਕੋਈ ਤਾਣ ਹੀ ਨਹੀਂ ਉਹ ਤਾਂ ਹੱਡੀਆਂ ਦੀ ਮੁੱਠ ਹੈ। ਉਹ ਬਲਹੀਨ ਹੈ। ਉਸ ਕੋਲੋਂ ਤਾਂ ਧਨੁਸ਼ ਦੀ ਪ੍ਰਤੰਚਾ ਪੂਰੀ ਖਿੱਚੀ ਹੀ ਨਹੀਂ ਗਈ ਉਸਦਾ ਤੀਰ ਨਿਸ਼ਾਨੇ ਤੱਕ ਕਿਵੇਂ ਪੁੱਜਦਾ।

ਸਤਿਗੁਰਾਂ ਕਿਹਾ ਜੋ ਨਿਯਮ ਤੀਰ ਦੇ ਸੰਬੰਧ ਵਿਚ ਹੈ ਉਹੀ ਨਿਯਮ ਬੋਲ ਦੇ ਸੰਬੰਧ ਵਿਚ ਹੈ। ਸਰੀਰ ਧਨੁਸ਼ ਹੈ, ਜ਼ਬਾਨ ਇਕ ਪ੍ਰਤੰਚਾ ਤੰਦੀ ਦਾ ਕੰਮ ਕਰਦੀ ਹੈ ਪਰ ਚਲਾਉਣ ਵਾਲਾ ਅੰਦਰ ਮਨ ਹੈ ਜਿੰਨਾ ਕੁ ਮਨ ਸ਼ਕਤੀਸ਼ਾਲੀ ਹੈ ਉੱਨਾਂ ਹੀ ਬਚਨ ਦੂਸਰੇ ਤੱਕ ਪਹੁੰਚੇਗਾ। ਕਮਜ਼ੋਰ ਮਨ ਵਾਲੇ ਨੂੰ ਆਪਣੇ ਬਚਨ ਉਤੇ ਆਪ ਨੂੰ ਵੀ ਭਰੋਸਾ ਨਹੀਂ ਹੁੰਦਾ। ਬਲਵਾਨ ਮਨ ਸੱਚਾ ਮਨ ਹੁੰਦਾ ਹੈ ਉਸਨੂੰ ਭਰੋਸਾ ਹੁੰਦਾ ਹੈ ਕਿ ਜੋ ਮੈਂ ਕਹਿ ਰਿਹਾ ਹਾਂ ਇਹ ਸੱਤ ਹੈ। ਫਿਰ ਇਸ ਸੱਚ ਦਾ ਅਸਰ ਦੂਸਰੇ ਉਤੇ ਅਵੱਸ਼ ਹੋਵੇਗਾ। ਸੰਤ ਪ੍ਰੇਮ ਸਿੰਘ ਉਸ ਪਰਮ ਸੱਤ ਨਾਲ ਜੁੜੇ ਸਨ ਉਨ੍ਹਾਂ ਨੂੰ ਹੋਣਹਾਰ ਦਾ ਪਤਾ ਲੱਗ ਜਾਂਦਾ ਸੀ। ਉਹ ਦਿਲ ਦੀ ਆਵਾਜ਼ ਪਹਿਚਾਣਨ ਲੱਗ ਪਏ ਸਨ। ਕਈ ਪ੍ਰੇਮੀਆਂ ਨੇ ਉਹ ਯਾਦਾਂ ਕਲਮ ਬੰਦ ਕੀਤੀਆਂ ਹਨ ਕਿ ਜਦੋਂ ਉਨ੍ਹਾਂ ਬੀਮਾਰੀ ਦੀ ਹਾਲਤ ਵਿਚ ਸਿਰਫ਼ ਯਾਦ

ਹੀ ਕੀਤਾ ਤਾਂ ਉਹ ਆ ਕੇ ਪਹੁੰਚ ਗਏ।

ਮੈਂ ਸੁਣਿਆ ਹੈ ਕਿ ਦੋ ਸਾਧੂ ਜਾ ਰਹੇ ਸਨ, ਇਕ ਗੁਰੂ ਸੀ ਦੂਸਰਾ ਚੇਲਾ ਸੀ। ਚੇਲਾ ਬੜਾ ਤਰਕਵਾਦੀ ਸੀ ਪਰ ਗੁਰੂ ਉਸਦੇ ਹਰ ਤਰਕ ਦਾ ਉੱਤਰ ਦੇਂਦਾ ਸੀ ਤੇ ਕਹਿੰਦਾ ਸੀ ਇਕ ਦਿਨ ਤੂੰ ਜ਼ਰੂਰ ਹੀ ਤਰਕ ਦੀ ਦੁਨੀਆਂ ਤਿਆਗ ਕੇ ਸ਼ਰਧਾ ਦੀ ਦੁਨੀਆਂ ਵਿਚ ਪ੍ਰਵੇਸ਼ ਕਰੇਂਗਾ। ਉਸ ਦਿਨ ਤੇਰਾ ਮਨੁੱਖਾ ਜਨਮ ਸਫ਼ਲ ਹੋ ਜਾਏਗਾ। ਤੁਰੇ ਜਾਂਦਿਆਂ ਚੇਲੇ ਨੇ ਇਕ ਪ੍ਰਸ਼ਨ ਕੀਤਾ ਕਿ ਗੁਰੂ ਜੀ! ਇਹ ਬੂਟਾ ਜੋ ਸਾਹਮਣੇ ਨਜ਼ਰ ਆ ਰਿਹਾ ਹੈ ਇਸ ਨੂੰ ਫਲ ਲੱਗੇਗਾ ਕਿ ਨਹੀਂ?

ਗੁਰੂ ਧਿਆਨ ਵਿਚ ਚਲਾ ਗਿਆ। ਉਹ ਭਵਿੱਖ ਦੀ ਦੁਨੀਆਂ ਵਿਚ ਪੁੱਜ ਗਿਆ। ਉਸਨੇ ਕਿਹਾ ਕਿ ਇਹ ਬੂਟਾ ਫੈਲਣਾ ਚਾਹੁੰਦਾ ਹੈ ਇਸਨੂੰ ਜ਼ਰੂਰ ਫਲ ਲੱਗੇਗਾ। ਹਰ ਹਾਲਤ ਵਿਚ ਇਸ ਨੂੰ ਫਲ ਲੱਗੇਗਾ। ਚੇਲੇ ਨੇ ਕਿਹਾ ਵੇਖ ਲਉ, ਚੇਲੇ ਨੂੰ ਗੁਰੂ ਨੇ ਕਿਹਾ ਮੈਂ ਵੇਖ ਲਿਆ ਹੈ ਇਸਨੂੰ ਜ਼ਰੂਰ ਫਲ ਲੱਗੇਗਾ। ਚੇਲੇ ਨੇ ਅਮਲੀ ਰੂਪ ਵਿਚ ਇਕ ਤਰਕ ਪੇਸ਼ ਕੀਤਾ। ਉਸਨੇ ਉਸ ਬੂਟੇ ਨੂੰ ਜੜ੍ਹਾਂ ਤੋਂ ਪੁੱਟ ਕੇ ਦੂਰ ਸੁੱਟ ਦਿੱਤਾ ਤੇ ਗੁਰੂ ਨੂੰ ਕਹਿਣ ਲੱਗਾ ਕਿਉਂ ਗੁਰੂ ਜੀ ਇਸਨੂੰ ਹੁਣ ਵੀ ਫਲ ਲੱਗੇਗਾ। ਗੁਰੂ ਨੇ ਅੱਖਾਂ ਨੀਵੀਆਂ ਕਰ ਲਈਆਂ। ਬਿਲਕੁਲ ਖ਼ਾਮੋਸ਼ ਹੋ ਗਿਆ, ਕੁੱਝ ਨਹੀਂ ਬੋਲਿਆ। ਚੇਲੇ ਨੇ ਸਮਝ ਲਿਆ ਕਿ ਗੁਰੂ ਨੇ ਆਪਣੀ ਗ਼ਲਤੀ ਮੰਨ ਲਈ ਹੈ। ਗੁਰੂ ਹਾਰ ਗਿਆ ਹੈ।

ਦਸ ਮੀਲ ਪੈਂਡਾ ਕਰਕੇ ਗੁਰੂ ਖਿੜਖਿੜਾ ਕੇ ਹੱਸਿਆ ਤੇ ਕਹਿਣ ਲੱਗਾ, ਉਸ ਬੂਟੇ ਨੂੰ ਫਲ ਜ਼ਰੂਰ ਲੱਗੇਗਾ। ਚੇਲਾ ਆਪਣੀ ਗ਼ਲਤੀ 'ਤੇ ਪਛਤਾਇਆ ਕਿ ਮੈਂ ਗ਼ਲਤੀ ਕਰ ਆਇਆ ਹਾਂ, ਮੈਂ ਬੂਟਾ ਪੁੱਟਿਆ ਜ਼ਰੂਰ ਹੈ ਪਰ ਮੈਂ ਉਸਨੂੰ ਤੋੜਕੇ ਸੁਟਣਾ ਸੀ ਉਹ ਨਹੀਂ ਸੁੱਟਿਆ। ਦਸ ਮੀਲ ਆ ਗਿਆ ਹਾਂ, ਬਿਰਧ ਗੁਰੂ ਨੂੰ ਇਕੱਲੇ ਛੱਡ ਕੇ ਜਾਣਾ ਵੀ ਠੀਕ ਨਹੀਂ। ਬੜਾ ਭ੍ਰਮਣ ਕੀਤਾ, ਸਾਲਾਂ ਬਾਅਦ ਫਿਰ ਇਸ ਰਸਤੇ ਆਏ ਗੁਰੂ ਨੇ ਕਿਹਾ ਬੇਟਾ ਵੇਖ ਉਹੀ ਬੂਟਾ ਹੈ, ਟੇਡਾ ਹੈ ਪਰ ਜੜ੍ਹਾਂ ਲੱਗੀਆਂ ਹਨ, ਫਲ ਲੱਗੇ ਹਨ। ਮੈਂ ਹੋਣਹਾਰ ਨੂੰ ਵੇਖ ਲਿਆ ਸੀ ਇਹ ਬੂਟਾ ਇਸੇ ਤਰ੍ਹਾਂ ਮੈਨੂੰ ਫ਼ੈਲਿਆ ਨਜ਼ਰ ਆ ਗਿਆ ਸੀ।

ਸੰਤ ਪ੍ਰੇਮ ਸਿੰਘ ਨੂੰ ਆਉਣ ਵਾਲੀਆਂ ਰੌਣਕਾਂ ਨਜ਼ਰ ਆ ਗਈਆਂ ਸਨ। ਸਕੂਲਾਂ ਦਾ ਭਵਿੱਖ ਵਿਹਾਰ ਸੁਧਾਰ ਦਾ ਭਵਿੱਖ। ਲੁਬਾਣਾ ਬਰਾਦਰੀ ਦੇ ਬੂਟੇ ਨੂੰ ਬੇਸ਼ੱਕ ਕਈਆਂ ਨੇ ਪੁੱਟਣ ਦਾ ਜਤਨ ਕੀਤਾ ਪਰ ਇਸਨੂੰ ਲੱਗਦੇ ਹੋਏ ਫਲ ਉਨ੍ਹਾਂ ਨੂੰ ਨਜ਼ਰ ਆ ਗਏ ਸਨ। ਉਹ ਦੂਰ ਦ੍ਰਿਸ਼ਟੀ ਨਾਲ ਵੀ ਵੇਖਦੇ ਸਨ ਉਹ ਦਿਲਾਂ ਦੀਆਂ ਵੀ ਬੁਝਦੇ ਸਨ।

ਟਾਂਡਾਂ ਹਾਈ ਸਕੂਲ, ਗੁਜਰਾਤ, ਪਾਕਿਸਤਾਨ ਦੇ ਹੈੱਡਮਾਸਟਰ ਪ੍ਰੇਮ ਸਿੰਘ ਬੀਮਾਰ ਹੋ ਗਏ ਸਨ। ਬਚਣ ਦੀ ਕੋਈ ਆਸ ਨਾ ਰਹੀ। ਬੁਖ਼ਾਰ ਤਿੰਨ ਹਫ਼ਤੇ ਰਿਹਾ। ਮਨ ਵਿਚ ਇਕ ਲਾਲਸਾ ਆਈ ਕਿ ਜੇ ਸੰਤ ਪ੍ਰੇਮ ਸਿੰਘ ਹੋਰਾਂ ਦੇ ਦਰਸ਼ਨ ਹੋ ਜਾਣ ਤਾਂ ਮਰਨਾ ਸਫ਼ਲ ਹੋ ਜਾਵੇ। ਅਗਲੇ ਦਿਨ ਮੁਰਾਲੇ ਤੋਂ ਚੱਲ ਕੇ ਸੰਤ ਪ੍ਰੇਮ ਸਿੰਘ ਰਾਤ ਦੇ 9 ਵਜੇ ਉਨ੍ਹਾਂ ਦੇ ਪਾਸ ਪੁੱਜ ਗਏ ਤੇ ਅਸੀਸ ਦਿੰਦੇ ਕਿਹਾ ਉਠੋ ਸਤਿਗੁਰੂ ਅਰੋਗਤਾ ਬਖ਼ਸ਼ੇਗਾ। ਅਜੇ ਤਾਂ ਤੁਸੀਂ ਬੜੀ ਸੇਵਾ ਕਰਨੀ ਹੈ। ਮਨ ਚੜ੍ਹਦੀ ਕਲਾ ਵਿਚ ਰੱਖੋ।

ਪਤਾ ਨਹੀਂ ਉਨ੍ਹਾਂ ਦੇ ਬਚਨਾਂ ਵਿਚ ਕਿੰਨੀ ਕੁ ਬਰਕਤ ਸੀ, ਮੈਂ ਸਮਝਦਾ ਸਾਂ ਹੁਣ ਅੰਤਮ ਸਮਾਂ ਹੈ। ਪਰ ਮੇਰਾ ਸਰੀਰ ਬਿਲਕੁਲ ਠੀਕ ਹੋ ਗਿਆ। ਬੁਖਾਰ ਟੁੱਟ ਗਿਆ, ਸਰੀਰ ਵਿਚੋਂ ਕਮਜ਼ੋਰੀ ਦੂਰ ਹੋਈ। ਮੈਂ ਤਾਂ ਅਸਤੀਫ਼ਾ ਦੇਣ ਦੀ ਸੋਚ ਰਿਹਾ ਸਾਂ ਪਰ ਉਨ੍ਹਾਂ ਨੇ ਬੜੀ ਲੰਮੀ ਸੇਵਾ ਮੇਰੇ ਪਾਸੋਂ ਲਈ। ਇਹ ਦਿਲਾਂ ਦੇ ਦਿਲਾਂ ਨੂੰ ਰਾਹ ਹਨ। ਪ੍ਰਿੰਸੀਪਲ ਪ੍ਰੇਮ ਸਿੰਘ ਲਿਖਦੇ ਹਨ ਕਿ ਸੰਤ ਮੈਨੂੰ ਕਹਿਣ ਲੱਗੇ ਦੋ ਮਹੀਨੇ ਦੀ ਛੁੱਟੀ ਲੈ ਕੇ ਕਿਤੇ ਹਿੱਲ ਸਟੇਸ਼ਨ 'ਤੇ ਫਿਰ ਆਉ ਤੇ ਆ ਕੇ ਆਪਣੀ ਡਿਊਟੀ ਕਰੋ। ਤੁਹਾਡੇ ਪਾਸੋਂ ਅਕਾਲਪੁਰਖ ਨੇ ਬੜੀ ਲੰਮੀ ਸੇਵਾ ਲੈਣੀ ਹੈ। ਉਹ ਕਹਿੰਦੇ ਹਨ ਸੰਤਾਂ ਦੇ ਬਚਨ ਦੀ ਬਰਕਤ ਨੇ ਮੈਨੂੰ ਨੌਂ ਬਰ ਨੌਂ ਕਰ ਦਿੱਤਾ ਤੇ ਮੈਂ ਲੰਮੀ ਸੇਵਾ ਸੰਨ 1947 ਤੱਕ ਟਾਂਡਾ ਹਾਈ ਸਕੂਲ ਵਿਚ ਨਿਭਾਈ ਸੀ।

ਐਸੇ ਸ਼ਰਧਾਲੂਆਂ ਦੀ ਉਨ੍ਹਾਂ 'ਤੇ ਸ਼ਰਧਾ ਸੀ, ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸੰਤ ਪ੍ਰੇਮ ਸਿੰਘ ਦਿਲਾਂ ਦੀਆਂ ਗੱਲਾਂ ਬੁੱਝ ਲੈਂਦੇ ਹਨ। ਗੁਰਮਤਿ ਦੇ ਰੰਗ ਵਿਚ ਰੰਗੇ ਹੋਏ ਸੰਤ ਪ੍ਰੇਮ ਸਿੰਘ ਨੂੰ ਲੋਕ ਖ਼ੁਦਾ ਰਸੀਦਾ ਸਮਝਦੇ ਸਨ। ਉਹ ਹੈ ਹੀ ਰੱਬ ਦੇ ਨੇੜੇ ਤੇ ਰੱਬ ਦੇ ਬੰਦੇ ਸਨ। ਉਨ੍ਹਾਂ ਦੇ ਮੱਥੇ ਤੋਂ ਰੱਬ ਦਾ ਭਰੋਸਾ ਦਿੱਸਦਾ ਸੀ। ਐਸੀ ਅਡੋਲਤਾ ਧੀਰਜ ਸਹਿਜ ਖਿੜਾਉ ਇਹ ਪਰਮਾਤਮਾ ਦੇ ਭਰੋਸੇ ਤੋਂ ਬਿਨਾਂ ਕਿਵੇਂ ਹੋ ਸਕਦਾ ਹੈ।

ਉਨ੍ਹਾਂ ਦਾ ਖ਼ਿਆਲ ਸੀ ਜਿਸ ਸਮਾਜ ਵਿਚ ਔਰਤ ਦਾ ਸਤਿਕਾਰ ਹੈ ਉੱਚੀ ਥਾਂ ਹੈ, ਉਹ ਸਮਾਜ ਹੀ ਉੱਚਾ ਹੋ ਸਕਦਾ ਹੈ। ਜਿਸ ਸਮਾਜ ਵਿਚ ਔਰਤ ਦਾ ਤ੍ਰਿਸਕਾਰ ਹੈ, ਅਨਾਦਰ ਹੈ ਉਹ ਸਮਾਜ ਭਾਵੇਂ ਧਨ ਕਰਕੇ ਕਿੰਨਾ ਸੰਪੰਨ ਹੋਵੇ, ਕਿੰਨਾ ਬਲ ਵਾਲਾ ਤੇ ਸ਼ਕੀਤਸ਼ਾਲੀ ਹੋਵੇ, ਉਹ ਸਮਾਜ ਨਰਕ ਹੋਵੇਗਾ। ਆਖ਼ਰ ਘਰ ਜੁੜਕੇ ਹੀ ਸ਼ਹਿਰ ਬਣਦੇ ਹਨ ਅਤੇ ਸ਼ਹਿਰ ਜੁੜਕੇ ਦੇਸ਼ ਬਣਦੇ ਹਨ। ਦੇਸ਼ ਵਿਚ ਰਹਿਣ ਵਾਲੇ ਲੋਕਾਂ ਦਾ ਭਾਈਚਾਰਕ ਮੇਲ ਹੀ ਸਮਾਜ ਹੈ।

ਜਿਸ ਘਰ ਵਿਚ ਔਰਤ ਫਿਟਕਾਰੀ ਜਾ ਰਹੀ ਹੈ ਉਸ ਘਰ ਵਿਚ ਕੌਣ ਧੀ ਦੇਵੇਗਾ ਜਾਂ ਲਵੇਗਾ। ਹਰ ਕੋਈ ਸੋਚੇਗਾ ਕਿ ਇਸ ਘਰ ਵਿਚ ਪਿਉ ਔਰਤ ਦੀ ਜੋ ਹਾਲਤ ਕਰ ਰਿਹਾ ਹੈ, ਪੁੱਤਰ ਵੀ ਔਰਤ ਦੀ ਇਹੋ ਹਾਲਤ ਕਰੇਗਾ ਤੇ ਏਸ ਘਰ ਦੀ ਧੀ ਵੀ ਜੋ ਸਾਡੇ ਘਰ ਆਵੇਗੀ ਤਾਂ ਉਹ ਵੀ ਕਲੇਸ਼ਾਂ ਵਾਲੇ ਘਰ ਵਿਚੋਂ ਕਲੇਸ਼ ਹੀ ਲੈ ਕੇ ਆਵੇਗੀ। ਕੋਈ ਖ਼ੁਸ਼ੀ ਲੈ ਕੇ ਨਹੀਂ ਆਵੇਗੀ। ਸੱਚ ਇਹ ਹੈ ਕਿ ਮਨੁੱਖਾ ਸਮਾਜ ਔਰਤ ਦੇ ਆਸ-ਪਾਸ ਹੀ ਘੁੰਮ ਰਿਹਾ ਹੈ।

ਬਾਬਾ ਪ੍ਰੇਮ ਸਿੰਘ ਜੀ ਇਕ ਦ੍ਰਿਸ਼ਟਾਂਤ ਦੇਂਦੇ ਸਨ। ਉਸ ਇਲਾਕੇ ਵਿਚ ਮੂੰਜੀ ਬਹੁਤ ਹੁੰਦੀ ਸੀ। ਮੂੰਜੀ ਦੀ ਐਸੀ ਫ਼ਸਲ ਹੈ ਕਿ ਪਹਿਲੇ ਪਨੀਰੀ ਹੁੰਦੀ ਹੈ। ਫਿਰ ਪਨੀਰੀ ਨੂੰ ਉਥੋਂ ਪੁੱਟ ਕੇ ਦੂਸਰੇ ਖੇਤ ਵਿਚ ਲਾਉਣੀ ਹੁੰਦੀ ਹੈ। ਉਹ ਕਹਿੰਦੇ ਸਨ ਤੁਸੀਂ ਪਨੀਰੀ ਦੀ ਕਿੰਨੀ ਸੰਭਾਲ ਕਰਦੇ ਹੋ। ਪਹਿਲੇ ਮੂੰਜੀ ਦਾ ਬੀਜ ਭਿਉਂ ਦਿੱਤਾ ਜਾਂਦਾ ਹੈ ਜਦੋਂ ਅੰਕੁਰ ਆ ਜਾਂਦੇ ਹਨ ਫਿਰ ਤਿਆਰ ਕੀਤੀ ਪੈਲੀ ਵਿਚ ਛੱਟਾ ਦਿੱਤਾ ਜਾਂਦਾ ਹੈ। ਰੋਜ਼ਾਨਾ ਪਹਿਲਾ ਪਾਣੀ ਕੱਢ ਕੇ ਹੋਰ ਤਾਜ਼ਾ ਪਾਣੀ ਪਾਉਣਾ ਪੈਂਦਾ ਹੈ।

ਉਹ ਕਹਿੰਦੇ ਸਨ ਜਿਵੇਂ ਪਨੀਰੀ ਦੀ ਸੰਭਾਲ ਕਰਦੇ ਹੋ ਇਸੇ ਤਰ੍ਹਾਂ ਧੀਆਂ ਦੀ ਸੰਭਾਲ ਕਰੋ। ਇਹ ਬੂਟੇ ਘਰੋਂ ਪੁੱਟ ਕੇ ਦੂਸਰੇ ਘਰ ਲਾਉਣੇ ਹਨ। ਧੀਆਂ ਨੂੰ ਘਰੋਂ ਕੱਢਣ ਦੀ ਨਾ ਸੋਚੋ। ਘਰੋਂ ਕਢਿਆਂ ਨੂੰ ਅੱਜ ਤੱਕ ਅੱਗੇ ਕਿਸੇ ਕਦੀ ਨਹੀਂ ਝੱਲਿਆ। ਅੱਗੇ ਆਦਰ ਉਨ੍ਹਾਂ ਨੂੰ ਹੀ ਮਿਲਦਾ ਹੈ ਜੋ ਆਦਰ ਲੈ ਕੇ ਤੁਰਦੀਆਂ ਹਨ। ਆਮ ਕਰਕੇ ਐਸਾ ਹੀ ਹੁੰਦਾ ਸੀ ਕਿ ਧੀ ਅਜੇ ਜਵਾਨ ਵੀ ਨਹੀਂ ਹੋਈ, ਕੋਈ ਉਸ ਵਿਚ ਗੁਣ ਪੈਦਾ ਨਹੀਂ ਕੀਤਾ, ਕੋਈ ਉਸ ਨੂੰ ਵਿੱਦਿਆ ਨਹੀਂ ਦਿੱਤੀ। ਬੱਸ ਇਕ ਹੀ ਫ਼ਿਕਰ ਹੈ ਕਿ ਧੀ ਨੂੰ ਬੂਹੇ ਤੋਂ ਉਠਾਉਣਾ ਹੈ। ਸਿੱਧੇ ਸ਼ਬਦਾਂ ਵਿਚ ਕਿ ਘਰੋਂ ਕੱਢਣੀ ਹੈ। ਉਹ ਕਹਿੰਦੇ ਸਨ ਧੀਆਂ ਨੂੰ ਯੋਗ ਬਣਾਉ ਤਾਂ ਕਿ ਕੋਈ ਯੋਗ ਮਨੁੱਖ ਆਦਰ ਨਾਲ ਲੈ ਕੇ ਜਾਏ ਤੇ ਆਦਰ ਨਾਲ ਰੱਖੇ। ਨਹੀਂ ਤਾਂ ਅਸੀਂ ਸਭ ਕੁੱਝ ਵੇਖਦੇ ਹਾਂ ਕਿ ਰਸਮੀ ਤੌਰ 'ਤੇ ਲੋਕ ਕਿਸੇ ਦੀ ਧੀ ਨੂੰ ਡੋਲੀ ਵਿਚ ਪਾ ਕੇ ਚੁੱਕ ਲੈ ਜਾਂਦੇ ਸਨ। ਫਿਰ ਸਾਰੀ ਜ਼ਿੰਦਗੀ ਉਹ ਪੈਰਾਂ ਵਿਚ ਰੁਲਦੀ ਸੀ। ਫਿਰ ਹਰ ਤਰ੍ਹਾਂ ਦਾ ਬੋਝ, ਕੰਮ ਦਾ ਬੋਝ, ਅਨਾਦਰ ਦਾ ਬੋਝ, ਗਾਲੀਆਂ ਦਾ ਬੋਝ ਸਾਰੀ ਜ਼ਿੰਦਗੀ ਵਿਚਾਰੀ ਨੂੰ ਚੁੱਕਣਾ ਪੈਂਦਾ ਸੀ। ਉਹ ਕਹਿੰਦੇ ਸਨ ਧੀ ਨੂੰ ਕੋਈ ਇਹ ਤਾਂ ਆਖੇ ਕਿ ਪੱਲੇ ਲੱਗੀ ਹੈ। ਕੋਈ ਇਹ ਨਾ ਆਖੇ ਕਿ ਪੱਲੇ ਪੈ ਗਈ ਹੈ। ਇਸ ਲਈ ਧੀਆਂ ਵੱਲ ਖਾਸ ਕਰਕੇ ਧਿਆਨ ਦਿਉ। ਇਨ੍ਹਾਂ ਨੂੰ ਪੜ੍ਹਾਉ ਲਿਖਾਉ ਗੁਣ ਪੈਦਾ ਕਰੋ ਤਾਂਕਿ ਦੁਲਹਨ ਪਾ ਕੇ ਹੀ ਸਹੁਰਾ ਘਰ ਪ੍ਰਸੰਨ ਹੋ ਜਾਏ। ਦਾਜ ਵੱਲ ਧਿਆਨ ਨਾ ਜਾਏ।

ਅਜੇ ਤੱਕ ਦੁਲਹਨ ਵੱਲ ਧਿਆਨ ਨਹੀਂ। ਦਾਜ ਵੱਲ ਧਿਆਨ ਹੈ। ਗਿਣਤੀ ਦਾਜ ਦੀ ਹੈ। ਇਸਤਰੀ ਨੂੰ ਬਰਾਬਰ ਦਰਜਾ ਉਸ ਦਿਨ ਮਿਲੇਗਾ ਜਿਸ ਦਿਨ ਦਾਜ ਬੇਕਾਰ ਹੋ ਜਾਏਗਾ। ਧਿਆਨ ਵਿਚ ਸਿਰਫ਼ ਦੁਲਹਨ ਹੀ ਹੋਵੇਗੀ। ਮੈਂ ਕਈ ਵਾਰ ਸੋਚਦਾ ਸਾਂ ਕਿ ਸ਼ਾਇਦ ਗ਼ਰੀਬੀ ਦੇ ਕਾਰਨ ਐਸਾ ਹੋ ਰਿਹਾ ਹੈ। ਬੰਦੇ ਕੋਲ ਪੈਸੇ ਹੋ ਜਾਣਗੇ ਤਾਂ ਫਿਰ ਕੋਈ ਦਾਜ ਵੱਲ ਧਿਆਨ ਨਹੀਂ ਦੇਵੇਗਾ। ਪਰ ਐਸਾ ਨਹੀਂ ਗੱਲ ਹੋਰ ਹੀ ਹੈ। ਇਹ ਸਭ ਕੁੱਝ ਮਨ ਦੀ ਭੁੱਖ ਦੇ ਕਾਰਨ ਹੈ। ਲੋਕ ਗ਼ਰੀਬ ਸਨ ਤਾਂ ਸ਼ਗਨ ਇਕ ਰੁਪਈਆ ਤੋਂ ਦੋ ਪੈਸੇ ਟੱਕਾ ਰੁਪਈਆ ਸੀ। ਅਮੀਰ ਹੋਏ ਇਕੱਤਰ ਸੌ ਹੋ ਗਿਆ। ਹੋਰ ਹੱਥ ਸੌਖਾ ਹੋਇਆ ਪੰਜ ਸੌ ਰੁਪਿਆ ਤੇ ਨਾਲ ਸਾਈਕਲ ਮਿਲ ਜਾਏ ਤਾਂ ਲੋਕ ਬੜੀ ਇੱਜ਼ਤ ਸਮਝਦੇ ਸਨ। ਫਿਰ ਹੋਰ ਪੈਸੇ ਆਏ ਦਾਜ ਵਿਚ ਮੋਟਰ ਸਾਈਕਲ, ਸਕੂਟਰ ਆਏ। ਕੱਚੇ ਕੋਠਿਆਂ ਤੋਂ ਪੱਕੀਆਂ ਕੋਠੀਆਂ ਬਣ ਗਈਆਂ। ਦਾਜ ਕਾਰਾਂ ਤੱਕ ਜਾ ਪਹੁੰਚਿਆ। ਹੁਣ ਤਾਂ ਲੋਕਾਂ ਕੋਲ ਪੈਸਾ ਵੀ ਬਹੁਤ ਹੈ ਪਰ ਦਾਜ ਤਾਂ ਏਥੇ ਤੱਕ ਹੈ ਕਿ ਜੇ ਲੜਕੀ ਵਾਲੇ ਸਾਰਾ ਘਰ ਕੂਚਾ ਵੇਚ ਕੇ ਆਪ ਵੀ ਵਿਕ ਜਾਣ ਤੇ ਸਾਰਾ ਦੇ ਦੇਣ ਤਾਂ ਵੀ ਲੜਕੇ ਵਾਲੇ ਲੈਣ ਤੋਂ ਇਨਕਾਰ ਨਹੀਂ ਕਰਨਗੇ। ਇਹ ਗੱਲ ਵੇਖ ਕੇ ਸੰਤ ਪ੍ਰੇਮ ਸਿੰਘ ਕਿਤੇ ਸੱਚਖੰਡ ਵਿਚ ਮੱਥੇ 'ਤੇ ਹੱਥ ਰੱਖ ਕੇ ਸੋਚਦੇ ਹੋਣਗੇ ਕਿ ਮੈਂ ਕੀ ਆਖਿਆ ਸੀ, ਲੁਬਾਣੇ ਕੀ ਪਏ ਕਰਦੇ ਨੇ।

ਉਨ੍ਹਾਂ ਨੇ ਲੜਕੇ ਵਾਲੇ ਨੂੰ ਵੀ ਸਮਝਾਇਆ ਸੀ ਕਿ ਬੇਸ਼ੱਕ ਤੇਰੇ ਘਰ ਲੜਕੀ ਨਹੀਂ। ਹੋ ਸਕਦਾ ਹੈ ਕਿ ਕੱਲ੍ਹ ਨੂੰ ਪੋਤਰੀ ਆ ਜਾਏ, ਤੂੰ ਹੁਣੇ ਹੀ ਆਪਣੇ ਆਪ ਨੂੰ ਧੀ ਵਾਲਾ ਸਮਝ। ਨੂੰਹ ਹੀ ਧੀ ਸਮਝ, ਜੇ ਧੀ ਸਮਝੇ ਤਾਂ ਧੀ ਕੋਲੋਂ ਕੋਈ ਦਾਜ ਨਹੀਂ ਮੰਗਦਾ। ਉਨ੍ਹਾਂ ਦੇ ਕਹਿਣ ਵਿਚ ਬਲ ਸੀ, ਬੋਲਾਂ ਵਿਚ ਬਰਕਤ ਸੀ। ਉਨ੍ਹਾਂ ਦੀ ਗੱਲ ਲੜਕਿਆਂ ਵਾਲੇ ਵੀ ਮੰਨਦੇ ਸਨ, ਉਨ੍ਹਾਂ ਦੀ ਗੱਲ ਲੜਕੀਆਂ ਵਾਲੇ ਵੀ ਮੰਨਦੇ ਸਨ। ਜੋ ਉਹ ਕਹਿੰਦੇ ਸਨ, ਲੋਕ ਕਰਦੇ ਸਨ ਅਤੇ ਉਨ੍ਹਾਂ ਦੀ ਗੱਲ ਮੰਨ ਕੇ ਲੋਕ ਸਮਝਦੇ ਸਨ ਕਿ ਬਾਬਾ ਜੀ ਨੇ ਸਾਨੂੰ ਵਿਅਰਥ ਮੁਸੀਬਤ ਤੋਂ ਬਚਾ ਲਿਆ ਹੈ। ਜੋ ਅਸੀਂ ਅਗਿਆਨਤਾ ਵੱਸ ਆਪਣੇ ਗੱਲ ਪਾਈ ਸੀ। ਵਿਹਾਰ ਸੁਧਾਰ ਦੀ ਲਹਿਰ ਨੇ ਲੁਬਾਣਾ ਬਰਾਦਰੀ ਵਿਚ ਬੜਾ ਨਵਾਂ ਨਰੋਆ ਤੇ ਖੁਸ਼ੀਆਂ ਭਰਿਆ ਸਮਾਜ ਸਿਰਜਿਆ ਜਿਸ ਨੂੰ ਵੇਖ ਕੇ ਦੂਸਰੀਆਂ ਬਰਾਦੀਆਂ ਦੇ ਮਨ ਵਿਚ ਇਹ ਰੀਸ ਕਰਨ ਦਾ ਚਾਅ ਪੈਦਾ ਹੋ ਗਿਆ ਸੀ।

6

ਉਸਾਰੂ ਰੁਚੀ

ਸੰਤ ਪ੍ਰੇਮ ਸਿੰਘ ਜੀ ਦੇ ਅੰਦਰ ਉਸਾਰੂ ਰੁਚੀ ਕਿੰਨੀ ਸੀ। ਇਹ ਹੀ ਕਹੀਏ ਕਿ ਹਾਲਾਤ ਨੇ ਸਾਥ ਨਹੀਂ ਦਿੱਤਾ ਨਹੀਂ ਤਾਂ ਬਹੁਤ ਕੁੱਝ ਉਸਾਰਨਾ ਚਾਹੁੰਦੇ ਸਨ। ਇਕ ਅਦੀਬ ਕਹਿੰਦੇ ਹਨ ਕਿ ਇਹ ਵੱਖਰੀ ਗੱਲ ਹੈ ਕਿ ਉਹ ਉਸਰ ਨਾ ਸਕਣ ਪਰ ਹਰ ਜ਼ਿਹਨ ਵਿਚ ਕੁੱਝ ਤਾਜ ਮਹੱਲ ਜ਼ਰੂਰ ਹੁੰਦੇ ਹਨ।

ਯੇ ਬਾਤ ਅਲੱਗ ਹੈ ਕਿ ਵੋਹ ਤਾਮੀਰ ਨਾ ਹੋਂ
ਹਰ ਜ਼ਿਹਨ ਮੇ ਕੁਛ ਤਾਜਿ ਮਹੱਲ ਹੋਤੇ ਹੈਂ।

ਉਨ੍ਹਾਂ ਨੇ ਮੁਰਾਲੇ ਡੇਰੇ ਦੇ ਇਕ ਮੁਖੀ ਵਜੋਂ ਸੇਵਾ ਸੰਭਾਲਣ ਤੋਂ ਬਾਅਦ ਜੋ ਕਰਜ਼ਾ ਡੇਰੇ ਦੇ ਸਿਰ ਸੀ ਉਹ ਉਤਾਰਿਆ। ਫਿਰ ਡੇਰੇ ਦੀਆਂ ਇਮਾਰਤਾਂ ਨੂੰ ਨਵੇਂ ਸਿਰਿਓਂ ਬਣਾਇਆ। ਪਹਿਲੇ ਆਸੇ ਪਾਸੇ ਵਾੜ ਹੀ ਸੀ। ਚਾਰ ਦੀਵਾਰੀ ਕਰਕੇ ਗੇਟ ਲਗਾਇਆ। ਡੇਰਾ ਇਕ ਕਿਲ੍ਹਾ ਜਾਪਣ ਲੱਗ ਪਿਆ ਸੀ। ਦਰਬਾਰ ਹਾਲ ਬੜਾ ਸੁੰਦਰ ਬਣਾਇਆ, ਚੰਗਾ ਸੋਹਣਾ ਮਾਰਬਲ ਲਗਵਾਇਆ ਸੀ। ਅੱਠ ਅੱਠ ਫੁੱਟ ਚੌੜੇ ਤਿੰਨ ਦਰਵਾਜ਼ੇ ਲਗਾਏ ਸਨ। ਦਰਵਾਜ਼ਿਆਂ ਵਿਚ ਫੁੱਲ ਬੂਟੇ ਬਣਾਏ। ਲੱਕੜੀ ਵਿਚ ਚਿੱਤਰਕਾਰੀ ਦਾ ਕੰਮ ਉਸ ਸਮੇਂ ਦੇ ਲੜਕੀ ਦੇ ਮਹਾਨ ਕਾਰੀਗਰ ਜੋ ਬਹੁਤ ਗੁਰਦੁਆਰਿਆਂ ਦੇ ਦਰਵਾਜ਼ਿਆਂ ਦੀ ਸੇਵਾ ਕਰ ਚੁੱਕੇ ਸਨ। ਇਤਿਹਾਸਕ ਗੁਰਦੁਆਰਾ ਬਾਬੇ ਦੀ ਬੇਰ, ਉਥੋਂ ਇਨ੍ਹਾਂ ਨੂੰ ਉਚੇਚਾ ਮੰਗਵਾਇਆ ਗਿਆ। ਇੰਨ੍ਹਾਂ ਨੇ ਬੜੀ ਲਗਨ ਤੇ ਮਿਹਨਤ ਨਾਲ ਦਿਨ-ਰਾਤ ਇਕ ਕਰਕੇ ਇਹ ਤਿੰਨ ਦਰਵਾਜ਼ੇ ਬਣਾਏ ਸਨ। ਸੰਤਾਂ ਨੇ ਬਹੁਤ ਪ੍ਰਸੰਨ ਹੋ ਕੇ ਇਸਦੀ ਸੇਵਾ ਤੇ ਰੀਝ ਨੇ ਇਸਨੂੰ ਧਨ ਅਤੇ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਸੀ। ਸੰਤ ਗੁਣਵਾਨ ਪੁਰਸ਼ਾਂ ਦੇ ਬੜੇ ਕਦਰਦਾਨ ਸਨ। ਇਸ ਕਾਰੀਗਰ ਦਾ ਨਾਂ ਝੰਡਾ ਸਿੰਘ ਸੀ।

ਬਿਜਲੀ ਉਸ ਸਮੇਂ ਨਹੀਂ ਸੀ ਪਰ ਅੰਦਰ ਇਕ ਸੁੰਦਰ ਝਾੜ ਤੇ ਉਸ ਨਾਲ

ਹਾਂਡੀਆਂ ਲਟਕਾਈਆਂ ਸਨ। ਜਦੋਂ ਉਨ੍ਹਾਂ ਹਾਂਡੀਆਂ ਵਿਚ ਰੱਖ ਕੇ ਮੋਮਬੱਤੀਆਂ ਰੱਖ ਕੇ ਜਗਾਈਆਂ ਜਾਂਦੀਆਂ ਸਨ ਤਾਂ ਅੰਦਰ ਜਗਮਗਾ ਉਠਦਾ ਸੀ। ਦਰਬਾਰ ਹਾਲ ਦੀ ਬੜੀ ਨਿਰਾਲੀ ਹੀ ਸ਼ੋਭਾ ਸੀ। ਪ੍ਰਕਾਸ਼ ਗੁਰੂ ਗਰੰਥ ਸਾਹਿਬ ਜੀ ਦਾ ਬੜੇ ਚਾਅ ਤੇ ਆਦਰ ਨਾਲ ਕਰਦੇ ਸਨ। ਪੀੜ੍ਹਿਆਂ ਦੇ ਪਾਵਿਆਂ 'ਤੇ ਚਾਂਦੀ ਲਗਾਈ ਸੀ। ਰੁਮਾਲ ਜਿੱਥੇ ਵਧੀਆ ਤੋਂ ਵਧੀਆ ਬਣਦੇ ਸਨ ਉਥੋਂ ਮੰਗਵਾਉਣੇ। ਜੇ ਪਤਾ ਲੱਗਾ ਕਿ ਪਿਸ਼ਾਵਰ ਬਹੁਤ ਵਧੀਆ ਰੁਮਾਲ ਬਣਦੇ ਹਨ ਤਾਂ ਉਥੋਂ ਮੰਗਵਾ ਲਏ। ਜੇ ਕਿਸੇ ਹੋਰ ਥਾਂ ਦਾ ਪਤਾ ਲੱਗਾ ਉਥੋਂ ਮੰਗਵਾ ਲੈਣੇ। ਵਧੀਆ ਤੋਂ ਵਧੀਆ ਚੌਰ ਰੱਖਣਾ। ਸ੍ਰੀ ਗੁਰੂ ਗਰੰਥ ਸਾਹਿਬ ਦਾ ਸ਼ਹਿਨਸ਼ਾਹੀ ਠਾਠ ਵੇਖ ਕੇ ਪ੍ਰਸੰਨ ਹੁੰਦੇ ਸਨ।

ਆਪ ਹਮੇਸ਼ਾ ਸੰਗਤ ਵਿਚ ਹੀ ਬੈਠਦੇ ਸਨ ਕਦੇ ਕੋਈ ਉਚੇਚੀ ਵਿਛਾਈ ਆਪ ਨੇ ਆਪਣੇ ਲਈ ਨਹੀਂ ਕਰਨ ਦਿੱਤੀ। ਸੰਗਤ ਵਿਚ ਹੀ ਬੈਠਦੇ ਸਨ ਅਤੇ ਪੰਗਤ ਵਿਚ ਬੈਠ ਕੇ ਹੀ ਲੰਗਰ ਛਕਦੇ ਸਨ। ਸੰਗਤ ਪੰਗਤ ਦੀ ਮਰਿਯਾਦਾ ਉਹੀ ਕਾਇਮ ਰੱਖੀ ਸੀ ਜੋ ਸਤਿਗੁਰਾਂ ਨੇ ਆਪ ਚਲਾਈ ਸੀ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮਾਰਬਲ ਦੀ ਸੇਵਾ ਹੋਈ ਤਾਂ ਦੱਖਣੀ ਬਾਹੀ ਦੀ ਸੇਵਾ ਆਪ ਕਰਵਾਈ। ਹਰਿਮੰਦਰ ਸਾਹਿਬ 'ਤੇ ਆਪ ਜੀ ਨੂੰ ਅਥਾਹ ਸ਼ਰਧਾ ਸੀ। ਇਸ ਪਾਸੇ ਲਿਖਿਆ ਹੈ :

ੴ

ਇਸ ਪੱਖ ਕੀ ਸੇਵਾ ਕਰਾਈ ਸੰਤ ਪ੍ਰੇਮ ਸਿੰਘ ਜੀ
ਨਿਵਾਸੀ ਗੁਰਦੁਆਰਾ ਮੁਰਾਲਾ ਜ਼ਿਲ੍ਹਾ ਗੁਜਰਾਤ।

ਵੱਡੇ-ਵੱਡੇ ਇਤਿਹਾਸਕ ਅਸਥਾਨਾਂ 'ਤੇ ਸਿੱਖ ਸਰਦਾਰਾਂ ਅਤੇ ਕਈ ਸੰਤਾਂ ਮਹਾਂਪੁਰਸ਼ਾਂ ਨੇ ਆਪਣੇ ਤੇ ਆਪਣੇ ਸੰਗੀਆਂ ਦੇ ਰਹਿਣ ਲਈ ਅਸਥਾਨ ਬਣਾਏ ਸਨ। ਜਿਨ੍ਹਾਂ ਨੂੰ ਖ਼ਾਲਸਈ ਬੋਲੀ ਵਿਚ ਬੁੰਗੇ ਕਹਿੰਦੇ ਸਨ। ਜਿਨ੍ਹਾਂ ਦਾ ਟਿਕਾਣਾ ਕੋਈ ਨਹੀਂ ਸੀ, ਉਨ੍ਹਾਂ ਨੂੰ ਰਹਿਣ ਵਿਚ ਬੜੀ ਤਕਲੀਫ਼ ਹੁੰਦੀ ਸੀ, ਪੁਜਾਰੀ ਭੇਟਾ ਲੈ ਲੈਂਦੇ ਸਨ ਪਰ ਯਾਤਰੂਆਂ ਦੇ ਰਹਿਣ ਲਈ ਕੋਈ ਪ੍ਰਬੰਧ ਨਹੀਂ ਸੀ। ਜਿਨ੍ਹਾਂ ਦਾ ਆਪਣਾ ਪ੍ਰਬੰਧ ਸੀ ਉਹ ਆਉਂਦੇ ਸਨ ਆਰਾਮ ਨਾਲ ਦਰਸ਼ਨ ਮੇਲੇ ਕਰਕੇ ਵਾਪਸ ਜਾਂਦੇ ਸਨ। ਜਿਨ੍ਹਾਂ ਦਾ ਪ੍ਰਬੰਧ ਕੋਈ ਨਹੀਂ ਸੀ ਉਹਨਾਂ ਨੂੰ ਰਹਿਣ ਵਿਚ ਕਾਫ਼ੀ ਤਕਲੀਫ਼ ਹੁੰਦੀ ਸੀ।

ਸੰਤਾਂ ਨੇ ਇਹ ਬੜੀ ਦੂਰ ਦ੍ਰਿਸ਼ਟੀ ਨਾਲ ਸੋਚਿਆ ਕਿ ਲੁਬਾਣਿਆਂ ਦਾ ਵੀ ਬੁੰਗਾ ਚਾਹੀਦਾ ਹੈ। ਜਿੱਥੇ ਸੰਗਤ ਜਾਏ, ਟਿਕੇ, ਧਾਰਮਿਕ ਅਸਥਾਨਾਂ ਦੇ

ਦਰਸ਼ਨ ਕਰੇ। ਸਿੱਖੀ ਨੂੰ ਸਮਝੇ, ਸਿੱਖੀ ਦੇ ਨੇੜੇ ਹੋਵੇ। ਇਹ ਸਭ ਕੁੱਝ ਇਨ੍ਹਾਂ ਪਾਵਨ ਅਸਥਾਨਾਂ 'ਤੇ ਰਿਹਾਂ ਹੀ ਮਿਲਣਾ ਹੈ। ਸਿੱਖੀ ਦੇ ਪ੍ਰੇਰਨਾ ਸਰੋਤ ਇਹ ਗੁਰਦੁਆਰੇ ਹੀ ਹਨ। ਉਨ੍ਹਾਂ ਨੇ ਸੰਨ 1915 ਵਿਚ ਸ੍ਰੀ ਨਨਕਾਣਾ ਸਾਹਿਬ ਵਿਚ ਬੁੰਗਾ ਆਰੰਭ ਕੀਤਾ। ਇਸ ਲਈ ਪਹਿਲੇ ਥਾਂ ਲੈਣਾ ਪਿਆ। ਇਹ ਥਾਂ ਚਾਰ ਕਨਾਲ ਸੀ। ਮਹੰਤ ਤੀਰਥ ਸਿੰਘ ਬਾਲ ਲੀਲਾ ਵਾਲਿਆਂ ਪਾਸੋਂ ਸੰਤ ਪ੍ਰੇਮ ਸਿੰਘ ਨੇ ਮੁੱਲ ਲਈ ਸੀ। ਫਿਰ ਉਸਦੀ ਉਸਾਰੀ ਕੀਤੀ। ਮੁਰਾਲੇ ਰਹਿੰਦਿਆਂ ਨਨਕਾਣਾ ਸਾਹਿਬ ਬੁੰਗਾ ਉਸਾਰ ਦੇਣਾ ਕਿੰਨੀ ਦੂਰ ਦ੍ਰਿਸ਼ਟੀ ਸੀ। ਉਹ ਬਰਾਦਰੀ ਨੂੰ ਕਿੰਨਾ ਕੁ ਸਤਿਗੁਰੂ ਦੀ ਸਿੱਖੀ ਦੇ ਨੇੜੇ ਕਰਨਾ ਚਾਹੁੰਦੇ ਸਨ। ਇਨ੍ਹਾਂ ਉਸਾਰੀਆਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਬੁੰਗਾ ਫ਼ਾਰਸੀ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਅਮਾਨਤ ਰੱਖਣ ਦੀ ਥਾਂ ਜਾਂ ਫ਼ੌਜ ਦਾ ਪਿਛਲਾ ਭਾਗ। ਪਰ ਉਸ ਵੇਲੇ ਸਿੰਘਾਂ ਨੇ ਧਾਰਮਿਕ ਅਸਥਾਨਾਂ 'ਤੇ ਟਿਕਣ ਲਈ ਜੋ ਟਿਕਾਣੇ ਬਣਾਏ ਸਨ ਉਨ੍ਹਾਂ ਨੂੰ ਬੁੰਗੇ ਕਹਿਣ ਲੱਗ ਪਏ ਸਨ। ਅਰਦਾਸ ਵਿਚ ਝੰਡੇ ਬੁੰਗੇ ਜੁਗੋ ਜੁਗ ਅਟੱਲ ਦੀ ਦਾਤ ਗੁਰੂ ਪਾਸੋਂ ਸਿੱਖ ਮੰਗਦਾ ਹੈ। ਬੁੰਗੇ ਇਤਿਹਾਸਕ ਗੁਰਦੁਆਰਿਆਂ ਵਿਚ ਇਤਿਹਾਸਕ ਥਾਵਾਂ ਸਨ।

ਨਨਕਾਣਾ ਸਾਹਿਬ ਬੁੰਗੇ ਦੀ ਉਸਾਰੀ ਹੋਣ ਨਾਲ ਸੰਗਤਾਂ ਨੂੰ ਸਿੱਖੀ ਦੀ ਬਹੁਤ ਪ੍ਰੇਰਨਾ ਮਿਲੀ। ਇਕ ਤਾਂ ਸੇਵਾ ਦਾ ਅਵਸਰ ਮਿਲਿਆ। ਕਿਸੇ ਨੇ ਧਨ ਕਰਕੇ ਸੇਵਾ ਕੀਤੀ, ਕਿਸੇ ਤਨ ਕਰਕੇ ਤੇ ਕਿਸੇ ਤਨ ਅਤੇ ਧਨ ਦੋਹਾਂ ਨਾਲ ਸੇਵਾ ਕੀਤੀ ਸੀ ਅਤੇ ਸੰਗਤਾਂ ਆ ਕੇ ਟਿੱਕ ਕੇ ਸਤਿਸੰਗ ਦਾ ਅਨੰਦ ਮਾਣਨ ਲੱਗੀਆਂ। ਨਨਕਾਣਾ ਸਾਹਿਬ ਕਾਫ਼ੀ ਉਤਸ਼ਾਹ ਨਾਲ ਪ੍ਰੇਮੀ ਆਉਂਦੇ ਸਨ ਅਤੇ ਟਿੱਕਦੇ ਸਨ।

ਨਨਕਾਣਾ ਸਾਹਿਬ ਦਾ ਬੁੰਗਾ 5 ਸਾਲ ਵਿਚ ਪੂਰਾ ਹੋਇਆ ਸੀ। ਇਹ ਸੰਤ ਪ੍ਰੇਮ ਸਿੰਘ ਜੀ ਨੇ ਸੰਨ 1915 ਵਿਚ ਸ਼ੁਰੂ ਕੀਤਾ ਸੀ ਅਤੇ ਸੰਨ 1920 ਵਿਚ ਇਹ ਬੁੰਗਾ ਤਿਆਰ ਹੋ ਗਿਆ ਸੀ।

ਇਸ ਤੋਂ ਬਾਅਦ ਖ਼ਿਆਲ ਬਣਿਆ ਕਿ ਬਾਬਾ ਬਕਾਲਾ ਸਾਹਿਬ ਐਸਾ ਅਸਥਾਨ ਹੈ। ਇਸ ਇਤਿਹਾਸਕ ਥਾਂ ਨਾਲ ਬਾਬਾ ਮੱਖਣ ਸ਼ਾਹ ਦਾ ਇਤਿਹਾਸਕ ਸੰਬੰਧ ਹੈ। ਇਸ ਅਸਥਾਨ 'ਤੇ ਗੁਰੂ ਲਾਧੋ ਰੇ ਦਿਵਸ 'ਤੇ ਪ੍ਰੇਮੀ ਬਹੁਤ ਆਉਂਦੇ ਸਨ ਅਤੇ ਰਿਹਾਇਸ਼ ਦਾ ਪੂਰਾ ਪ੍ਰਬੰਧ ਨਾ ਹੋਣ ਕਰਕੇ ਛੋਟੇ ਬੱਚਿਆਂ ਅਤੇ ਬੀਬੀਆਂ ਵਾਸਤੇ ਬਹੁਤ ਮੁਸ਼ਕਿਲ ਸੀ। ਨਨਕਾਣਾ ਸਾਹਿਬ ਤੋਂ ਵੀ ਪਹਿਲੇ ਇਹ ਵਿਚਾਰ ਬਣਿਆ ਸੀ ਕਿ ਬਕਾਲੇ ਬੁੰਗਾ ਉਸਾਰਿਆ ਜਾਵੇ। ਇਹ ਕੰਮ ਅਸਲ

ਵਿਚ ਰਜਵਾੜਿਆਂ ਦੇ ਸਨ ਜੋ ਸੰਤ ਪ੍ਰੇਮ ਸਿੰਘ ਜੀ ਨੇ ਸ਼ੁਰੂ ਕਰ ਲਏ ਸਨ। ਬਕਾਲੇ ਦਾ ਬੁੰਗਾ ਸ਼ੁਰੂ ਪਹਿਲੇ ਕੀਤਾ ਪਰ ਤਿਆਰ ਕਾਫ਼ੀ ਦੇਰ ਬਾਅਦ ਹੋਇਆ ਸੀ। ਨਨਕਾਣਾ ਸਾਹਿਬ ਦਾ ਬੁੰਗਾ 5 ਸਾਲ ਵਿਚ ਤਿਆਰ ਹੋ ਗਿਆ ਸੀ ਪਰ ਬਕਾਲੇ ਦਾ ਬੁੰਗਾ 1911 ਵਿਚ ਸ਼ੁਰੂ ਹੋ ਕੇ 1927 ਵਿਚ ਸੰਪੂਰਨ ਹੋਇਆ ਸੀ। ਇਸ ਨੂੰ ਪੂਰੇ 16 ਸਾਲ ਲੱਗ ਗਏ ਸਨ ਪਰ ਇਹ ਮਹਾਨ ਕਾਰਜ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸਿਰੇ ਚੜ੍ਹ ਗਿਆ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਜੇ ਮੁਗ਼ਲ ਬਾਦਸ਼ਾਹ ਤਾਮੀਰੀ ਰੁਚੀ ਰੱਖਦੇ ਸਨ ਤਾਂ ਸਿੱਖ ਗੁਰੂ ਵੀ ਕੋਈ ਘੱਟ ਉਸਰਈਏ ਨਹੀਂ ਸਨ। ਬਾਦਸ਼ਾਹਾਂ ਕੋਲ ਸਾਧਨ ਬਹੁਤ ਸਨ ਅਤੇ ਜੇ ਕੋਈ ਘਾਟ ਆਵੇ ਤਾਂ ਬਾਦਸ਼ਾਹ ਪਰਜਾ ਕੋਲੋਂ ਜ਼ਬਰਦਸਤੀ ਖੋਹ ਲੈਂਦੇ ਸਨ। ਬਾਦਸ਼ਾਹਾਂ ਦੀ ਉਸਾਰੀ ਵਿਚ ਅਕਸਰ ਜ਼ੁਲਮ ਹੁੰਦਾ ਹੈ, ਮਜ਼ਲੂਮਾਂ ਦਾ ਖ਼ੂਨ ਹੁੰਦਾ ਹੈ।

ਬੰਦੇ ਵੇਗਾਰੀ ਫੜ ਲੈਂਦੇ ਸਨ ਅਤੇ ਧਨ ਜ਼ਬਰਦਸਤੀ ਖੋਹ ਲੈਂਦੇ ਸਨ। ਬਾਦਸ਼ਾਹਾਂ ਨੇ ਕਿਹੜੀਆਂ ਇੱਟਾਂ ਭੱਠੇ ਤੋਂ ਮੁੱਲ ਲੈਣੀਆਂ ਸਨ ਜਾਂ ਮਾਰਬਲ ਮੁੱਲ ਖ਼ਰੀਦਣਾ ਹੈ। ਕੁੱਝ ਇਤਿਹਾਸਕ ਘਟਨਾਵਾਂ ਗਵਾਹ ਹਨ ਕਿ ਜਦੋਂ ਆਗਰੇ ਦਾ ਤਾਜ ਮਹੱਲ ਸ਼ਾਹਜਹਾਨ ਨੇ ਮੁਮਤਾਜ਼ ਬੇਗ਼ਮ ਦੀ ਯਾਦ ਵਿਚ ਬਣਾਇਆ ਸੀ, ਇਹ 9 ਸਾਲ ਬਣਦਾ ਰਿਹਾ ਸੀ। 22 ਹਜ਼ਾਰ ਮਜ਼ਦੂਰ ਵੇਗਾਰੀ ਫੜ ਕੇ ਲਗਾਏ ਗਏ ਸਨ ਜਿਨ੍ਹਾਂ ਨੂੰ ਕੋਈ ਪੈਸਾ ਨਹੀਂ ਦਿੱਤਾ। ਜਿਹੜਾ ਸਭ ਤੋਂ ਵੱਡਾ ਕਾਰੀਗਰ ਸੀ, ਮਹੱਲ ਪੂਰਾ ਹੋਣ ਤੇ ਉਸਦੇ ਹੱਥ ਕੱਟ ਦਿੱਤੇ ਗਏ ਸਨ ਕਿ ਅਜਿਹਾ ਮਹੱਲ ਕਿਸੇ ਹੋਰ ਥਾਂ 'ਤੇ ਨਾ ਬਣਾ ਦੇਵੇ।

ਫਿਰ ਵੀ ਤਾਜ ਮਹੱਲ 'ਤੇ ਚਾਰ ਕਰੋੜ ਪੰਜਾਹ ਲੱਖ ਰੁਪਏ ਖ਼ਰਚ ਆਏ ਸਨ। ਜਾਪਦਾ ਹੈ ਕਿ ਇਹ ਪੈਸੇ ਅਹਿਲਕਾਰ ਹੀ ਖਾ ਗਏ ਹੋਣਗੇ। ਰਾਜਾ ਜਦੋਂ ਜ਼ੁਲਮ ਕਰਦਾ ਹੈ ਤਾਂ ਅਹਿਲਕਾਰ ਤਾਂ ਜ਼ੁਲਮ ਦੀ ਆਖ਼ੀਰ ਕਰ ਦੇਂਦੇ ਹਨ।

ਜਦੋਂ ਸਤਿਗੁਰੂ ਅਰਜਨ ਦੇਵ ਜੀ ਤਰਨਤਾਰਨ ਸਰੋਵਰ ਦੀ ਸੇਵਾ ਕਰਵਾ ਰਹੇ ਸਨ ਤਾਂ ਆਵੇ ਇੱਟਾਂ ਦੇ ਤਿਆਰ ਹੋਏ ਸਨ ਤਾਂ ਨੂਰਦੀਨ ਦਾ ਪੁੱਤਰ ਅਮੀਨ ਦੀਨ ਜ਼ਬਰਦਸਤੀ ਇੱਟਾਂ ਚੁੱਕਵਾ ਕੇ ਲੈ ਗਿਆ ਸੀ। ਸਤਿਗੁਰਾਂ ਨੇ ਕਿਹਾ ਸੀ ਕਿ ਇਥੋਂ ਦੀਆਂ ਇੱਟਾਂ ਇਥੇ ਹੀ ਆਉਣਗੀਆਂ। ਬੁੱਧ ਸਿੰਘ ਫੈਜ਼ਲਾਪੁਰੀਏ ਨੇ ਇਹ ਇੱਟਾਂ ਉਖੇੜ ਕੇ ਫਿਰ ਤਰਨਤਾਰਨ ਸਰੋਵਰ ਨੂੰ ਲਗਵਾ ਦਿੱਤੀਆਂ ਸਨ।

ਸਤਿਗੁਰਾਂ ਕੋਲ ਸਾਧਨ ਬਾਦਸ਼ਾਹਾਂ ਜੈਸੇ ਨਹੀਂ ਸਨ ਅਤੇ ਨਾ ਹੀ ਕਿਸੇ ਨੂੰ ਵੇਗਾਰੀ ਫੜਿਆ ਜਾਂਦਾ ਸੀ। ਨਾ ਹੀ ਜ਼ਬਰਦਸਤੀ ਕਿਸੇ ਦਾ ਸਾਮਾਨ ਇੱਟਾਂ

ਵਗੈਰਾ ਚੁੱਕੀਆਂ ਜਾਂਦੀਆਂ ਸਨ ਪਰ ਅਕਾਲ ਪੁਰਖ ਦੀ ਬਰਕਤ ਤੇ ਸਾਧ ਸੰਗਤ ਦੀ ਸੇਵਾ ਨਾਲ ਬਣੇ ਹੋਏ ਗੁਰਦੁਆਰੇ ਜਦੋਂ ਕੋਈ ਵੇਖਦਾ ਹੈ ਤਾਂ ਬਾਦਸ਼ਾਹਾਂ ਦੀ ਉਸਾਰੀ ਭੁੱਲ ਜਾਂਦਾ ਹੈ।

ਜੇ ਕੋਈ ਸੈਲਾਨੀ ਤਾਜ ਮਹੱਲ ਨੂੰ ਵੇਖਦਾ ਹੈ ਤਾਂ ਉਥੇ ਹੀ ਤ੍ਰਿਪਤੀ ਨਹੀਂ ਹੁੰਦੀ। ਉਸਦੇ ਮਨ ਵਿਚ ਖਿੱਚ ਹੁੰਦੀ ਹੈ ਕਿ ਅੰਮ੍ਰਿਤਸਰ ਦਰਬਾਰ ਸਾਹਿਬ ਜਾ ਕੇ ਵੇਖਾਂ। ਮੁਗਲਾਂ ਦੀਆਂ ਉਸਾਰੀਆਂ ਤਾਂ ਮਨ ਬਹਿਲਾਵਾ ਹੀ ਹਨ ਪਰ ਸਤਿਗੁਰਾਂ ਦੇ ਬਣਾਏ ਧਾਰਮਿਕ ਅਸਥਾਨਾਂ ਵਿਚ ਜਾ ਕੇ ਮਨ ਟਿੱਕਦਾ ਹੈ। ਮਨ ਬੰਦਗੀ ਵਿਚ ਜੁੜਦਾ ਹੈ ਅਤੇ ਪਰਮ ਜੀਵਨ ਪ੍ਰਾਪਤ ਹੁੰਦਾ ਹੈ।

ਸਤਿਗੁਰੂ ਤਾਮੀਰੀ ਜਾਗ ਲਾ ਗਏ ਸਨ। ਸਿੱਖਾਂ ਨੇ ਗੁਰੂ ਦੀ ਮੱਤ ਅਨੁਸਾਰ ਗੁਰਧਾਮਾਂ ਅਤੇ ਵਿੱਦਿਅਕ ਅਦਾਰਿਆਂ ਦੀਆਂ ਉਸਾਰੀਆਂ ਕੀਤੀਆਂ ਹਨ। ਇਨ੍ਹਾਂ ਉਸਾਰੂ ਰੁਚੀਆਂ ਵਾਲਿਆਂ ਵਿਚੋਂ ਸੰਤ ਪ੍ਰੇਮ ਸਿੰਘ ਦਾ ਨਾਮ ਆਉਂਦਾ ਹੈ ਜਿਨ੍ਹਾਂ ਨੇ ਸੀਮਿਤ ਸਾਧਨ ਹੁੰਦਿਆਂ ਵੀ ਨਨਕਾਣਾ ਸਾਹਿਬ ਤੇ ਬਕਾਲਾ ਸਾਹਿਬ ਬੁੰਗੇ ਉਸਾਰੇ ਸਨ ਅਤੇ ਕਿੰਨੇ ਹੀ ਹਾਈ ਸਕੂਲਾਂ ਦੀਆਂ ਬਿਲਡਿੰਗਾਂ ਬਣਾਈਆਂ ਸਨ। ਕਿੰਨੇ ਮਿਡਲ ਸਕੂਲ ਉਸਾਰੇ ਅਤੇ ਪ੍ਰਾਇਮਰੀ ਸਕੂਲ ਬਣਾਏ ਸਨ। ਕਿੰਨੇ ਥਾਵਾਂ 'ਤੇ ਗੁਰਦੁਆਰੇ ਉਸਾਰੇ ਸਨ। ਉਨ੍ਹਾਂ ਦੇ ਅੰਦਰ ਨਿੱਤ ਨਵਾਂ ਕੁੱਝ ਨਾ ਕੁੱਝ ਉਸਾਰਨ ਦਾ ਚਾਅ ਸੀ। ਉਨ੍ਹਾਂ ਦੀ ਪ੍ਰੇਰਨਾ ਨਾਲ ਕੀ-ਕੀ ਹੁੰਦਾ ਸੀ ਮੈਂ ਬਜ਼ੁਰਗਾਂ ਪਾਸੋਂ ਸੁਣਿਆ ਹੈ। ਸਜ-ਵਿਆਹੀਆਂ ਮੁਕਲਾਵੇ ਆਈਆਂ ਕੁੜੀਆਂ ਨੇ ਸਕੂਲਾਂ ਦੀ ਹੋ ਰਹੀ ਉਸਾਰੀ ਵਿਚ ਆਪਣੇ ਸਿਰਾਂ 'ਤੇ ਬਾਟੇ ਰੱਖ ਕੇ ਬੱਜਰੀ ਢੋਈ ਸੀ ਅਤੇ ਲੋਕ-ਲਾਜ ਨੂੰ ਪਾਸੇ ਰੱਖ ਕੇ ਸੇਵਾ ਕੀਤੀ ਸੀ।

ਮਹਾਂ ਪੁਰਸ਼ਾਂ ਬਾਰੇ ਜੋ ਐਸੀਆਂ ਕਥਾਵਾਂ ਹਨ ਕਿ ਉਨ੍ਹਾਂ ਨੇ ਵੇਖਿਆ ਕਿ ਮਹੱਲ ਉਸਰ ਗਿਆ ਜੋ ਅੱਜ ਟੀ. ਵੀ. 'ਤੇ ਵਿਆਖਿਆ ਜਾਂਦਾ ਹੈ ਕਿ ਵੇਖਦਿਆਂ ਵੇਖਦਿਆਂ ਹੀ ਸਭ ਕੁੱਝ ਬਣ ਗਿਆ। ਇਹ ਮਨੁੱਖ ਦੀ ਕਲਪਨਾ ਦੋ ਪ੍ਰਕਾਰ ਦੀ ਹੈ। ਇਕ ਤਾਂ ਆਲਸੀ ਦੀ ਇਕ ਉੱਦਮੀ ਮਨੁੱਖ ਦੀ।

ਆਲਸੀ ਮਨੁੱਖ ਦੀ ਕਲਪਨਾ ਹੈ ਸਵਰਗ ਵਿਚ ਸ਼ਹਿਦ ਦੀਆਂ ਨਹਿਰਾਂ ਚੱਲ ਰਹੀਆਂ ਹਨ। ਸ਼ਰਾਬ ਦੀਆਂ ਨਹਿਰਾਂ ਚੱਲ ਰਹੀਆਂ ਹਨ। ਕਰਨਾ ਕੁੱਝ ਵੀ ਨਹੀਂ ਪੈਣਾ ਬੱਸ ਕਲਪਨਾ ਹੀ ਕਰੋ ਕਿ ਪਕਵਾਨ ਚਾਹੀਦੇ ਹਨ, ਬਸ ਪਰੋਸੇ ਥਾਲ ਉਸੇ ਵੇਲੇ ਹੀ ਹਾਜ਼ਰ ਹੋ ਜਾਣਗੇ। ਰੁੱਖ ਫਲਾਂ ਨਾਲ ਲੱਦੇ ਪੱਕੇ ਪਏ ਹਨ। ਬੱਸ ਥੱਲੇ ਲੇਟੇ ਕਲਪਨਾ ਕਰੋ ਕਿ ਇਹ ਫਲ ਮੇਰੇ ਮੂੰਹ ਵਿਚ ਆ ਪੈਣਗੇ। ਤੋੜਨ ਕੱਟਣ ਦੀ ਖੇਚਲ ਕਰਨ ਦੀ ਲੋੜ ਨਹੀਂ, ਫਲ ਆਪਣੇ ਆਪ ਮੂੰਹ ਤੱਕ ਪੁੱਜ

ਜਾਏਗਾ। ਇਹ ਆਲਸੀਆਂ ਅਤੇ ਲੋਭੀਆਂ ਦੀ ਕਲਪਨਾ ਹੈ। ਇਹ ਕਲਪਨਾ ਗੁਰਮਤਿ ਅਨੁਸਾਰ ਨਹੀਂ। ਧਰਤੀ 'ਤੇ ਬੈਠੇ ਧਰਤੀ ਬਾਰੇ ਸੋਚਣਾ ਹੀ ਗੁਰਮਤਿ ਹੈ। ਪਹਿਲੇ ਧਰਤੀ ਸਵਾਰ ਲਈਏ ਫਿਰ ਆਕਾਸ਼ ਦੀ ਗੱਲ ਕਰਾਂਗੇ।

ਗੁਰਮਤਿ ਅਨੁਸਾਰ ਕਲਪਨਾ ਕੀ ਹੈ? ਗੁਰੂ ਗੋਬਿੰਦ ਸਿੰਘ ਜੀ ਡੱਲੇ ਨੂੰ ਕਹਿੰਦੇ ਹਨ, ਡੱਲਿਆ ਉਹ ਵੇਖ ਕਮਾਦ ਨਜ਼ਰ ਆ ਰਹੇ ਹਨ। ਡੱਲਾ ਕਹਿਣ ਲੱਗਾ ਸਤਿਗੁਰੂ ਜੀ! ਇਹ ਕਾਨੇ ਕਾਹੀ ਨਜ਼ਰ ਆਉਂਦੀ ਹੈ। ਸਤਿਗੁਰਾਂ ਕਹਿਣ ਲੱਗੇ ਡੱਲਿਆ! ਨਹਿਰਾਂ ਨਜ਼ਰ ਆਉਂਦੀਆਂ ਹਨ। ਡੱਲਾ ਕਹਿਣ ਲੱਗਾ ਸਤਿਗੁਰੂ ਜੀ ਰੇਤਾ ਹੈ ਮਾਰੂਥਲ ਵਿਚ ਨਹਿਰਾਂ ਕਿੱਥੇ ਹਨ? ਸਤਿਗੁਰਾਂ ਕਿਹਾ ਸੀ ਬਚਨ ਮਨ ਇੱਥੇ ਸਭ ਕੁੱਝ ਹੋਵੇਗਾ। ਸਤਿਗੁਰੂ ਨੂੰ ਦਿੱਸਦਾ ਸੀ ਜੋ ਅੱਜ ਹੈ। ਇਹ ਮਿਹਨਤ ਦਾ ਫਲ ਸ਼ੁੱਭ ਕਲਪਨਾ ਹੈ।

ਸੰਤ ਪ੍ਰੇਮ ਸਿੰਘ ਜੀ, ਸਤਿਗੁਰੂ ਦੀ ਮਤਿ ਅਨੁਸਾਰ, ਸ਼ੁਭ ਕਲਪਨਾ ਸੀ ਅਤੇ ਉਸਾਰੂ ਕਲਪਨਾ ਸੀ। ਉਸ ਵੇਲੇ ਉਨ੍ਹਾਂ ਦੀ ਕਲਪਨਾ 'ਤੇ ਸਾਥੀ ਹੈਰਾਨ ਹੁੰਦੇ ਸਨ ਕਿ ਕੀ ਐਸਾ ਕੁੱਝ ਹੋ ਸਕੇਗਾ। ਸੰਗੀ ਸਾਥੀ ਆਪਣੀ ਸਮਰੱਥਾ ਵੱਲ ਵੇਖਦੇ ਸਨ ਜੋ ਸਮਰੱਥਾ ਬੜੀ ਥੋੜ੍ਹੀ ਸੀ ਪਰ ਸੰਤ ਪ੍ਰੇਮ ਸਿੰਘ ਜੀ ਅਕਾਲ ਪੁਰਖ ਦੀ ਸਮਰੱਥਾ ਵੱਲ ਵੇਖਦੇ ਸਨ ਜਿਸਦਾ ਕੋਈ ਅੰਤ ਪਾਰਾਵਾਰ ਨਹੀਂ। ਉਹ ਹਰ ਕਾਰਜ ਅਕਾਲ ਪੁਰਖ ਦੇ ਆਸਰੇ ਅਰੰਭ ਕਰ ਦੇਂਦੇ ਸਨ ਅਤੇ ਅਕਾਲ ਪੁਰਖ ਹੀ ਉਨ੍ਹਾਂ ਦੇ ਹਰ ਚਾਅ ਭਰੇ ਕਾਰਜ ਨੂੰ ਰਾਸ ਕਰਦੇ ਸਨ। ਜੋ-ਜੋ ਉਹ ਉਸਾਰਨਾ ਚਾਹੁੰਦੇ ਸਨ ਹਾਲਾਤ ਨੇ ਸਾਥ ਨਹੀਂ ਦਿੱਤਾ। ਉਹ ਹਰ ਪਿੰਡ ਵਿਚ ਹਾਈ ਸਕੂਲ ਉਸਾਰਨਾ ਚਾਹੁੰਦੇ ਸਨ। ਹਰ ਨਗਰ ਵਿਚ ਬਹੁਤ ਵਧੀਆ ਗੁਰਦੁਆਰਾ ਉਸਾਰਨਾ ਚਾਹੁੰਦੇ ਸਨ।

7

ਰਾਜਨੀਤੀ ਤੇ ਸੰਤ ਪ੍ਰੇਮ ਸਿੰਘ

ਸੰਤ ਪ੍ਰੇਮ ਸਿੰਘ ਰਾਜਨੀਤਕ ਨਹੀਂ ਸਨ, ਉਹ ਇਕ ਧਾਰਮਿਕ ਵਿਅਕਤੀ ਸਨ। ਰਾਜਨੀਤਕ ਲੀਡਰ ਤਾਂ ਦਿਨ-ਰਾਤ ਵੱਡੇ ਲੀਡਰਾਂ ਦੇ ਪਿੱਛੇ ਦੌੜਦੇ ਫਿਰਦੇ ਸਨ। ਪਰ ਉਹ ਤਾਂ ਕਦੀ ਵੀ ਕਿਸੇ ਲੀਡਰ ਨੂੰ ਮਿਲਣ ਨਹੀਂ ਗਏ। ਲੀਡਰ ਹੀ ਉਨ੍ਹਾਂ ਨੂੰ ਮਿਲਣ ਆਉਂਦੇ ਸਨ। ਅਸੀਂ ਜ਼ਫ਼ਰਨਾਮਾ ਪੜ੍ਹੀਏ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਲਿਖਦੇ ਹਨ। ਸਾਨੂੰ ਜੋ ਸ਼ਸਤਰ ਚੁੱਕਣੇ ਪਏ ਹਨ ਰਾਜਨੀਤੀ ਵਿਚ ਆਉਣਾ ਪਿਆ ਹੈ ਇਹ ਸਾਡੀ ਮਜਬੂਰੀ ਹੈ। ਉਹ ਲਿਖਦੇ ਹਨ :-

ਬਾ ਲਾਚਾਰਗੀ ਦਰਮਿਆਂ ਆਮਦਮ।
ਬਾ ਤਦਬੀਰੋ ਤੀਰੋ ਕਮਾਂ ਆਮਦਮ।

ਸਾਡੇ ਦਰਮਿਆਨ ਜੋ ਤੀਰ ਕਮਾਨ ਦੀ ਤਦਬੀਰ ਆਈ ਹੈ ਇਹ ਲਾਚਾਰਗੀ ਵਿਚ ਹੈ ਕਿਉਂਕਿ ਤੁਸੀਂ ਹਰ ਸਮੇਂ ਸਾਡੇ ਨਾਲ ਵਧੀਕੀ ਕੀਤੀ ਹੈ ਤੇ ਜਦੋਂ ਕੰਮ ਕਿਸੇ ਹੀਲੇ ਨਾ ਬਣੇ ਫਿਰ ਤਲਵਾਰ 'ਤੇ ਹੱਥ ਜਾਣਾ ਠੀਕ ਹੈ।

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬਾ ਸ਼ਮਸ਼ੀਰ ਦਸਤ।

ਇਹੋ ਗੁਰ ਗੁਰੂ ਨੇ ਅਪਣਾਇਆ, ਇਹੋ ਗੁਰ ਸਿੱਖਾਂ ਨੇ ਅਪਣਾਇਆ। ਇਹੋ ਗੁਰ ਸੰਤ ਪ੍ਰੇਮ ਸਿੰਘ ਨੇ ਅਪਣਾਇਆ ਉਨ੍ਹਾਂ ਨੇ ਵੇਖਿਆ ਕਿ ਇਹ ਰਾਜਨੀਤਕ ਬੰਦੇ ਸਾਡੀਆਂ ਹੀ ਵੋਟਾਂ ਨਾਲ ਐਮ. ਐਲ. ਏ. ਬਣਦੇ ਹਨ। ਫਿਰ ਇਹ ਸਾਡੀ ਗੱਲ ਸੁਣਨ ਵਾਸਤੇ ਤਿਆਰ ਨਹੀਂ। ਅਸੀਂ ਇਨ੍ਹਾਂ ਦੇ ਤਰਲੇ ਕਰੀਏ ਕਿ ਸਾਨੂੰ ਸਕੂਲ ਚਾਹੀਦਾ ਹੈ। ਵੋਟਾਂ ਲਈ ਜਦੋਂ ਇਹ ਆਉਂਦੇ ਹਨ ਤਾਂ ਅਸੀਂ ਇਨ੍ਹਾਂ ਦਾ ਸਤਿਕਾਰ ਕਰਦੇ ਹਾਂ। ਸਾਰਾ ਨਗਰ ਇਕੱਠਾ ਹੋ ਕੇ ਇਨ੍ਹਾਂ ਨੂੰ ਮਿਲਦਾ ਹੈ। ਪਰ ਜਦੋਂ ਇਨ੍ਹਾਂ ਕੋਲ ਲੀਡਰ ਬਣਨ ਤੋਂ ਬਾਅਦ ਕੋਈ ਜਾਂਦਾ ਹੈ ਤਾਂ ਸਾਧਾਰਨ

ਬੰਦੇ ਨੂੰ ਤਾਂ ਇਨ੍ਹਾਂ ਦੇ ਪਹਿਰੇਦਾਰ ਅੱਗੇ ਨਹੀਂ ਜਾਣ ਦੇਂਦੇ। ਜੇ ਕੋਈ ਖਾਸ ਬੰਦਾ ਪਹੁੰਚ ਵੀ ਜਾਵੇ ਤਾਂ ਇਨ੍ਹਾਂ ਦੇ ਨੱਖਰੇ ਵੇਖਣ ਵਾਲੇ ਹੁੰਦੇ ਹਨ। ਕੰਮ ਤਾਂ ਕੀ ਕਰਨਾ ਹੈ। ਇਹ ਸਿੱਧੇ ਮੂੰਹ ਗੱਲ ਨਹੀਂ ਕਰਦੇ। ਲੀਡਰ ਦੀ ਅਸਲੀਅਤ ਵੇਖਣੀ ਹੋਵੇ ਤਾਂ ਇਹ ਜਦੋਂ ਵੋਟਾਂ ਮੰਗਣ ਆਉਂਦੇ ਹਨ ਉਸ ਵੇਲੇ ਨਾ ਵੇਖੋ। ਜਿਸ ਵੇਲੇ ਇਹ ਗੱਦੀ 'ਤੇ ਪਹੁੰਚ ਜਾਂਦੇ ਹਨ ਇਨ੍ਹਾਂ ਦੀ ਅਸਲੀਅਤ ਦਾ ਪਤਾ ਉਸ ਵੇਲੇ ਲੱਗਦਾ ਹੈ।

ਸੰਤਾਂ ਨੇ ਸੋਚਿਆ ਜੋ ਸਾਡੀਆਂ ਵੋਟਾਂ ਨਾਲ ਹੀ ਲੀਡਰ ਬਣਨਾ ਹੈ ਤੇ ਫਿਰ ਉਸਦੇ ਪਿੱਛੇ ਫਿਰਨਾ ਪੈਣਾ ਹੈ ਤਾਂ ਆਪਣੀਆਂ ਵੋਟਾਂ ਆਪ ਹੀ ਕਿਉਂ ਨਾ ਵਰਤ ਲਈਏ ਅਤੇ ਜਿਹੜੇ ਕੰਮ ਕਰਨੇ ਚਾਹੁੰਦੇ ਹਾਂ ਉਹ ਰਾਜਸੀ ਸੱਤਾ ਹੱਥ ਵਿਚ ਹੋਣ ਨਾਲ ਸੌਖੇ ਹੋ ਜਾਣਗੇ। ਇਹ ਗੱਲ ਸਪੱਸ਼ਟ ਹੈ ਕਿ ਜਿਨ੍ਹਾਂ ਬੰਦਿਆਂ ਦੇ ਕੋਲ ਤਾਣ ਨਹੀਂ ਉਨ੍ਹਾਂ ਦਾ ਮਾਣ ਵੀ ਕੋਈ ਨਹੀਂ। ਮਾਣ ਚਾਹੀਦਾ ਹੈ ਤਾਂ ਫਿਰ ਕੋਲ ਤਾਣ ਵੀ ਚਾਹੀਦਾ ਹੈ।

ਸਤਿਗੁਰੂ ਸਭ ਤੋਂ ਵੱਡਾ ਤਾਣ ਤਾਂ ਪਰਮਾਤਮਾ ਦਾ ਹੀ ਮੰਨਦੇ ਹਨ। ਉਹ ਕਹਿੰਦੇ ਹਨ ਮੇਰੇ ਵਾਸਤੇ ਤਾਣ ਤੇ ਮਾਣ ਤੂੰ ਹੀ ਹੈਂ। ਹੇ ਸੁਆਮੀ ਮੇਰੀ ਤੇਰੇ ਅੱਗੇ ਅਰਦਾਸ ਹੈ, ਪਰ ਮੂੜ੍ਹ ਬੰਦੇ ਨਾਲ ਜਦੋਂ ਵਾਹ ਪੈ ਜਾਵੇ ਤਾਂ ਫਿਰ ਉਹ ਤਾਂ ਰੱਬ ਦੇ ਤਾਣ ਨੂੰ ਮੰਨਦਾ ਨਹੀਂ। ਫਿਰ ਤਾਂ :-

ਏਤੁ ਗੰਢੁ ਵਰਤੈ ਸੰਸਾਰੁ॥
ਮੂਰਖ ਗੰਢੁ ਪਵੈ ਮੁਹਿ ਮਾਰ॥

(ਮਹਲਾ ੧, ਪੰਨਾ ੧੪੩)

ਰਾਵਣ ਨੂੰ ਬੜਾ ਗਿਆਨ ਸੁਣਾਇਆ ਸੀ ਪਰ ਉਹ ਕਿੱਥੇ ਮੰਨਦਾ ਸੀ। ਰਾਮ ਨੂੰ ਤੀਰ ਚੁੱਕਣੇ ਪਏ। ਰਾਵਣ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਹੀ ਮੂਰਖ ਲਿਖਿਆ ਹੈ। ਕ੍ਰਿਸ਼ਨ ਦੀ ਗੀਤਾ ਅੱਜ ਲੋਕ ਪੜ੍ਹ ਕੇ ਕਹਿੰਦੇ ਹਨ ਮੁਕਤ ਹੋ ਜਾਵਾਂਗੇ। ਪਰ ਦੁਰਯੋਧਨ 'ਤੇ ਕੋਈ ਅਸਰ ਨਹੀਂ ਹੋਇਆ ਜੋ ਅਰਜਨ ਨੂੰ ਕਿਹਾ ਹੈ ਉਹ ਹਰ ਉਪਦੇਸ਼ ਦੁਰਯੋਧਨ ਨੂੰ ਵੀ ਸੁਣਾਇਆ ਸੀ। ਅਖ਼ੀਰ ਅਰਜਨ ਨੂੰ ਕਿਹਾ ਚੁੱਕ ਧਨੁਸ਼ ਤੇ ਤੀਰ। ਇਨ੍ਹਾਂ ਸਾਰਿਆਂ ਨੂੰ ਵਿੰਨ੍ਹ ਦੇ ਜੋ ਝੂਠ ਦਾ ਪੱਖ ਪੂਰ ਰਹੇ ਹਨ। ਅੱਜ ਜਿਸ ਗਿਆਨ ਨੂੰ ਮੱਥਾ ਟੇਕਦੇ ਹਾਂ ਉਹ ਸਾਰਾ ਜ਼ਾਲਮ ਬੰਦਿਆਂ ਨੂੰ ਸੁਣਾਇਆ ਸੀ। ਪਰ ਜਿਨ੍ਹਾਂ ਬੰਦਿਆਂ ਦੇ ਸਿਰ 'ਤੇ ਤਾਕਤ ਦਾ ਭੂਤ ਸਵਾਰ ਹੋਵੇ ਉਹ ਸਿਰਫ਼ ਤਾਕਤ ਦੀ ਭਾਸ਼ਾ ਹੀ ਸਮਝਦੇ ਹਨ। ਰਾਜਨੀਤੀ ਸੱਤ ਪੁਰਸ਼ਾਂ ਦੀ ਮਜਬੂਰੀ ਹੀ ਰਹੀ ਹੈ ਉਹ ਕਦੀ ਵੀ ਖ਼ੁਸ਼ੀ ਨਾਲ ਰਾਜਨੀਤੀ

ਵਿਚ ਨਹੀਂ ਆਏ। ਇਹੋ ਮਜਬੂਰੀ ਸੰਤ ਪ੍ਰੇਮ ਸਿੰਘ ਦੀ ਸੀ।

ਪਹਿਲੀ ਵਾਰ ਸੰਨ 1926 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਹੋਈ। ਇਹ ਪਹਿਲੀ ਚੋਣ ਸੀ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਸੰਨ 1925 ਵਿਚ ਹੋਂਦ ਵਿਚ ਆਈ ਸੀ। ਹਲਕਾ ਟਾਂਡਾ, ਗੁਜਰਾਤ ਤੋਂ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। 28 ਨਵੰਬਰ 1937 ਨੂੰ ਆਪ ਅੰਤਰਿਗ ਕਮੇਟੀ ਦੇ ਮੈਂਬਰ ਚੁਣੇ ਗਏ ਫਿਰ 28 ਮਈ ਸੰਨ 1948 ਨੂੰ ਆਪ ਏਸੇ ਪਦਵੀ 'ਤੇ ਸੁਸ਼ੋਭਿਤ ਹੋਏ। 1937 ਵਿਚ ਆਪ ਜੀ ਪੰਜ ਮੈਂਬਰੀ ਸਬ ਕਮੇਟੀ ਦੇ ਮੈਂਬਰ ਥਾਪੇ ਗਏ। ਇਹ ਸਿੱਖ ਧਰਮ ਦੀਆਂ ਪੰਥਕ ਪਦਵੀਆਂ ਸਨ ਜੋ ਆਪ ਨੂੰ ਪੰਥ ਵੱਲੋਂ ਮਿਲੀਆਂ ਤੇ ਬੜੀ ਹੀ ਜ਼ਿੰਮੇਵਾਰੀ ਨਾਲ ਉਨ੍ਹਾਂ ਨੇ ਨਿਭਾਈਆਂ। ਉਹ ਕਿਸੇ ਧੜੇਬੰਦੀ ਵਿਚ ਨਹੀਂ ਆਏ ਤਾਂਹੀਉਂ ਸ਼੍ਰੋਮਣੀ ਕਮੇਟੀ ਦੇ ਸਾਰੇ ਹੀ ਮੈਂਬਰ ਉਨ੍ਹਾਂ ਦਾ ਸਨਮਾਨ ਤੇ ਸਤਿਕਾਰ ਕਰਦੇ ਸਨ।

ਉਨ੍ਹਾਂ ਦੀ ਸੋਚ ਪੰਥਕ ਸੋਚ ਸੀ। ਸਮੁੱਚੇ ਪੰਥ ਦੀ ਚੜ੍ਹਦੀ ਕਲਾ ਕਿਵੇਂ ਹੋਵੇ। ਇਸ ਵਿਚ ਆਈਆਂ ਊਣਤਾਈਆਂ ਕਿਵੇਂ ਦੂਰ ਹੋਣ। ਸਿੱਖਾਂ ਦਾ ਉਹੀ ਰੂਪ ਨਿੱਖਰ ਕੇ ਸਾਹਮਣੇ ਆਵੇ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਕਿਹਾ ਸੀ ਅਤੇ ਆਪਣਾ ਖਾਸ ਰੂਪ ਕਿਹਾ ਸੀ। ਅਕਾਲੀ ਲਹਿਰ ਦਾ ਉਹ ਆਪ ਅਹਿਮ ਹਿੱਸਾ ਸਨ। ਉਹ ਸਮਝਦੇ ਸਨ ਕਿ ਆਮ ਕਰਕੇ ਐਸਾ ਹੁੰਦਾ ਹੈ ਕਿ ਸੱਤਾ ਤੋਂ ਇਕ ਬੁਰਾ ਉਠਦਾ ਹੈ ਤਾਂ ਉਸ ਤੋਂ ਵੀ ਬੁਰਾ ਆ ਕੇ ਉਸ ਥਾਂ 'ਤੇ ਬੈਠ ਜਾਂਦਾ ਹੈ। ਹੁਕਮਰਾਨ ਬਦਲ ਜਾਂਦਾ ਹੈ ਵਰਤਾਰਾ ਉਹੀ ਚਲਦਾ ਰਹਿੰਦਾ ਹੈ।

ਮਹੰਤਾਂ ਨੂੰ ਜੇ ਬਹੁਤ ਬੁਰਾ ਸਮਝ ਕੇ ਪ੍ਰਬੰਧ ਇਨ੍ਹਾਂ ਪਾਸੋਂ ਲਿਆ ਹੈ ਕਿ ਇਹ ਮਨਮਤ ਕਰਦੇ ਹਨ ਤਾਂ ਅਸੀਂ ਕੋਈ ਗੁਰੂ ਦੀ ਮੱਤ ਅਨੁਸਾਰ ਖ਼ਾਲਸਾ ਪੰਥ ਨੂੰ ਚੰਗਾ ਪ੍ਰਬੰਧ ਦੇਈਏ ਤਾਂ ਕਿ ਜਿਸ ਆਸ ਨੂੰ ਲੈ ਕੇ ਇਹ ਪ੍ਰਬੰਧ ਬਦਲਿਆ ਹੈ। ਸੰਗਤਾਂ ਦੀ ਉਹ ਆਸ ਪੂਰੀ ਹੋਵੇ। ਥੋੜ੍ਹੇ ਦਿਨ ਤਾਂ ਅਸੀਂ ਮਹੰਤਾਂ ਨੂੰ ਗਾਲਾਂ ਕੱਢੀ ਜਾਈਏ ਉਨ੍ਹਾਂ ਦੀਆਂ ਬੁਰਿਆਈਆਂ ਦੀਆਂ ਕਹਾਣੀਆਂ ਸੁਣਾਈ ਜਾਈਏ ਲੋਕ ਖ਼ੁਸ਼ ਹੋਣਗੇ ਪਰ ਜ਼ਿਆਦਾ ਚਿਰ ਨਹੀਂ। ਸੰਗਤ ਤਾਂ ਪ੍ਰਸੰਨ ਹੋਵੇਗੀ ਜੇਕਰ ਗੁਰਦੁਆਰਿਆਂ ਦਾ ਸੋਹਣਾ ਪ੍ਰਬੰਧ ਨਜ਼ਰ ਆਵੇਗਾ। ਸਿੱਖ ਭਾਈਚਾਰਾ ਆਪਸ ਵਿਚ ਬੜੇ ਪਿਆਰ ਤੇ ਸਤਿਕਾਰ ਨਾਲ ਵਰਤੇਗਾ। ਜੇ ਫਿਰ ਸਾਡੇ ਵੀ ਧੜੇ ਬਣ ਗਏ ਅਸੀਂ ਇਕ ਦੂਸਰੇ ਲਈ ਭੰਡੀ ਪ੍ਰਚਾਰ ਕਰਦੇ ਰਹੇ। ਗੁਰਦੁਆਰਿਆਂ ਵਿਚ ਫਿਰ ਉਹੀ ਝਗੜੇ ਕਲੇਸ਼ ਹੋਏ ਤਾਂ ਉਹ ਮਕਸਦ ਹੱਲ ਨਹੀਂ ਹੋਵੇਗਾ ਜਿਸ ਲਈ

ਗੁਰਦੁਆਰਿਆਂ ਦਾ ਪ੍ਰਬੰਧ ਬਦਲਿਆ ਹੈ।

ਸੰਨ 1937 ਵਿਚ ਉਨ੍ਹਾਂ ਨੇ ਪਹਿਲੀ ਵਾਰ ਰਾਜਨੀਤਕ ਚੋਣ ਲੜੀ, ਇਹ ਅਸੈਂਬਲੀ ਦੀ ਚੋਣ ਸੀ। ਬਹੁਤ ਸਾਰੇ ਨਿਕਟਵਰਤੀ ਸਿਆਣੇ ਸੱਜਣਾਂ ਨੇ ਆਪ ਨੂੰ ਬੇਨਤੀ ਕੀਤੀ ਕਿ ਆਪ ਅਸੈਂਬਲੀ ਦੀ ਚੋਣ ਵਿਚ ਖੜ੍ਹੇ ਹੋ ਹੀ ਜਾਉ ਇਸ ਨਾਲ ਸਕੂਲਾਂ ਦੇ ਕੰਮ ਜੋ ਬੜੇ ਉਤਸ਼ਾਹ ਨਾਲ ਕਰ ਰਹੇ ਹੋ ਸੁਖੈਣ ਹੀ ਹੋ ਜਾਣਗੇ। ਹੁਣ ਇਕ ਸਕੂਲ ਲਈ ਕਿਸੇ ਨੂੰ ਕਹਾਂਗੇ ਉਹ ਕਰ ਦੇਵੇਗਾ ਜਦੋਂ ਦੂਸਰੇ ਸਕੂਲ ਲਈ ਕਹੋਗੇ ਉਹ ਜ਼ਰੂਰ ਕਹੇਗਾ ਤੁਹਾਡਾ ਇਕ ਕੰਮ ਕੀਤਾ ਸੀ। ਤੁਸੀਂ ਹੁਣ ਹੋਰ ਕਹਿ ਰਹੇ ਹੋ ਇਹ ਸੱਤਾ ਤੁਹਾਡੇ ਆਪਣੇ ਹੱਥ ਵਿਚ ਹੀ ਚਾਹੀਦੀ ਹੈ।

ਮੁਕਾਬਲੇ 'ਤੇ ਬਹੁਤ ਵੱਡਾ ਰਾਈਸ ਜੋ ਇਲਾਕੇ ਵਿਚ ਬੜਾ ਅਸਰ ਰੱਖਦਾ ਸੀ। ਬਾ ਰਸੂਖ ਬੰਦਾ ਸੀ ਉਸਦਾ ਨਾਂ ਸੀ ਸ੍ਰ. ਹਰਬੰਸ ਸਿੰਘ। ਉਸਦਾ ਖ਼ਿਆਲ ਸੀ ਕਿ ਮੇਰਾ ਬੜਾ ਰਸੂਖ ਹੈ। ਮੇਰੀ ਵੱਡਿਆਂ ਬੰਦਿਆਂ ਵਿਚ ਗਿਣਤੀ ਹੈ। ਮੈਂ ਰਾਜਨੀਤੀ ਦਾ ਹਰ ਦਾਅ-ਪੇਚ ਜਾਣਦਾ ਹਾਂ। ਸੰਤ ਪ੍ਰੇਮ ਸਿੰਘ ਡੇਰੇ ਵਿਚ ਕਥਾ ਕੀਰਤਨ ਕਰਨ ਵਾਲਿਆਂ ਨੂੰ ਰਾਜਨੀਤੀ ਦਾ ਕੀ ਪਤਾ ਹੈ? ਉਸ ਨੂੰ ਆਸ ਸੀ ਕਿ ਅਵੱਸ਼ ਜਿੱਤ ਮੇਰੀ ਹੀ ਹੋਵੇਗੀ। ਸੰਤਾਂ ਨੇ ਤੇ ਅੰਮ੍ਰਿਤ ਪ੍ਰਚਾਰ ਹੀ ਕਰਨਾ ਹੁੰਦਾ ਹੈ। ਰਾਜਨੀਤਿਕ ਬੰਦੇ ਤਾਂ ਸ਼ਰਾਬ ਵੰਡ ਕੇ ਵੀ ਵੋਟਾਂ ਖ਼ਰੀਦ ਲੈਂਦੇ ਹਨ।

ਪਰ ਹੋਇਆ ਉਸਦੇ ਅੰਦਾਜ਼ੇ ਤੋਂ ਉਲਟ। ਲੋਕ ਜਿੱਥੇ ਸੰਤ ਪ੍ਰੇਮ ਸਿੰਘ ਦੇ ਬਾਕਸ ਵਿਚ ਵੋਟ ਪਾਉਣ ਨਾਲ ਇਕ ਇਕ ਰੁਪਈਆ ਵੀ ਰੱਖੀ ਆਉਣ। ਵੋਟ ਪਵਾਉਣ ਵਾਲੇ ਕਰਿੰਦੇ ਇਹ ਅਨੋਖੀ ਸ਼ਰਧਾ ਵੇਖ ਕੇ ਹੈਰਾਨ ਹੋ ਗਏ। ਕਹਿਣ, ਲੱਗੇ ਭਾਵੇਂ ਵੋਟ ਗਿਣ ਲਉ ਭਾਵੇਂ ਨੋਟ ਗਿਣ ਲਉ ਬਰਾਬਰ ਹੀ ਹੋਣਗੇ। ਵੋਟਾਂ ਦੀ ਗਿਣਤੀ ਹੋਈ। ਸੰਤ ਪ੍ਰੇਮ ਸਿੰਘ ਜੀ ਦੀਆਂ ਵੋਟਾਂ 16000 (ਸੋਲਾਂ ਹਜ਼ਾਰ ਵੋਟਾਂ) ਵੱਧ ਨਿਕਲੀਆਂ। ਇਹ ਫਰਕ ਬਹੁਤ ਵੱਡਾ ਸੀ। ਸਿਆਸੀ ਬੰਦਿਆਂ ਦੀ ਨਜ਼ਰ ਵਿਚ ਸੰਤ ਪ੍ਰੇਮ ਸਿੰਘ ਦਾ ਧਾਰਮਿਕ ਪ੍ਰਭਾਵ ਤਾਂ ਪਹਿਲੇ ਹੀ ਬਹੁਤ ਸੀ ਇਸ ਜਿੱਤ ਨੇ ਰਾਜਨੀਤਿਕ ਪ੍ਰਭਾਵ ਵੀ ਬਹੁਤ ਵੱਡਾ ਬਣਾ ਦਿੱਤਾ ਸੀ।

ਇਸ ਸੱਤਾ ਨੂੰ ਸੰਤ ਪ੍ਰੇਮ ਸਿੰਘ ਜੀ ਨੇ ਵਿੱਦਿਆ ਦੇ ਖੇਤਰ ਵਿਚ ਵਰਤਿਆ। ਜਿੱਥੇ ਵੀ ਛੋਟੇ-ਛੋਟੇ ਪਿੰਡ ਸਨ ਉਥੇ ਪ੍ਰਾਇਮਰੀ ਸਕੂਲ ਖੋਲ੍ਹ ਦਿੱਤੇ ਅਤੇ ਜਿੱਥੇ ਕਸਬੇ ਸਨ ਵਸੋਂ ਜ਼ਿਆਦਾ ਸੀ, ਰਸਤੇ ਠੀਕ ਸਨ, ਆਉਣ-ਜਾਣ ਦੇ ਸਾਧਨ ਠੀਕ ਸਨ ਉਥੇ ਹਾਈ ਸਕੂਲ ਖੋਲ੍ਹ ਦਿੱਤੇ, ਉਹ ਬਹੁਤ ਪ੍ਰਸੰਨ ਸਨ ਜਿਸ ਬੂਟੇ ਨੂੰ ਉਨ੍ਹਾਂ ਨੇ ਘਾਲਣਾ ਦਾ ਪਾਣੀ ਪਾਇਆ ਸੀਂ ਉਸ ਨੂੰ ਫਲ ਲੱਗਦਾ ਨਜ਼ਰ ਆ ਰਿਹਾ ਸੀ।

ਸੰਨ 1945 ਵਿਚ ਆਪ ਫਿਰ ਐਮ. ਐਲ. ਏ. ਬਣ ਗਏ। ਧਾਰਮਿਕ ਪ੍ਰਭਾਵ ਨਾਮ ਬਾਣੀ ਦਾ ਪ੍ਰਤਾਪ ਅਤੇ ਸਿਆਸੀ ਪ੍ਰਭਾਵ ਦੋਵੇਂ ਰਲ ਗਏ। ਸੰਤ ਪ੍ਰੇਮ ਸਿੰਘ ਨਿਰਾਲੀ ਮੂਰਤੀ ਨਜ਼ਰ ਆਉਣ ਲੱਗ ਪਏ। ਇਕ ਹੋਰ ਗੱਲ ਕਿ ਉਹ ਕਿਸੇ ਖਾਸ ਵੇਸ ਭੇਸ ਨਾਲ ਨਹੀਂ ਸਨ ਬੱਝੇ ਹੋਏ। ਦਸਤਾਰਾ ਉਹ ਪਹਿਲੇ ਹੀ ਸਿੱਧਾ ਸਜਾਉਂਦੇ ਸਨ। ਜਿਵੇਂ ਕਿ ਆਮ ਸਾਧੂ ਗੋਲ ਦਸਤਾਰ ਸਜਾਉਂਦੇ ਹਨ ਉਨ੍ਹਾਂ ਐਸਾ ਨਹੀਂ ਕੀਤਾ। ਪਹਿਲੇ ਗਾਤੀ ਬੰਨ੍ਹਦੇ ਸਨ। ਪਰ ਜਦੋਂ ਉਹ ਰਾਜਨੀਤਕ ਲੀਡਰਾਂ ਵਿਚ ਜਾਣ ਲੱਗ ਪਏ ਤਾਂ ਉਨ੍ਹਾਂ ਕੁੜਤਾ ਪਜ਼ਾਮਾ ਸਿੱਧਾ ਦਸਤਾਰਾ ਅਤੇ ਐਕਚਨ ਵੀ ਪਾਉਣੀ ਸ਼ੁਰੂ ਕਰ ਦਿੱਤੀ। ਪਹਿਲਾ ਪਹਿਰਾਵਾ ਨਾ ਦੂਸਰਾ ਕਿਸੇ ਨਾਲ ਉਨ੍ਹਾਂ ਦੀ ਪਕੜ ਨਹੀਂ ਸੀ। ਪਹਿਰਾਵਾ ਤਾਂ ਉਨ੍ਹਾਂ ਦੀ ਗੁਜ਼ਰਾਨ ਸੀ। ਲੋੜ ਵੇਲੇ ਉਨ੍ਹਾਂ ਸਾਰੇ ਕਾਲੇ ਕੱਪੜੇ ਵੀ ਪਾਏ ਜਦੋਂ ਕਿ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਪ੍ਰੋਟੈਸਟ ਵਜੋਂ ਸਿੱਖ ਲੀਡਰਾਂ ਕਿਹਾ ਕਾਲੇ ਦਸਤਾਰੇ ਸਜਾਉ ਪਰ ਸੰਤ ਪ੍ਰੇਮ ਸਿੰਘ ਜੀ ਨੇ ਸਾਰੇ ਹੀ ਕਾਲੇ ਕੱਪੜੇ ਪਹਿਨੇ।

ਉਨ੍ਹਾਂ ਨੇ ਪਿਸਤੌਲ ਵੀ ਪਾਈ ਰੱਖਿਆ ਪਰ ਕ੍ਰਿਪਾਨ ਦਾ ਵੀ ਵਿਸਾਹ ਨਹੀਂ ਕੀਤਾ। ਉਹ ਕਕਾਰਧਾਰੀ ਅੰਮ੍ਰਿਤਧਾਰੀ ਸਨ। ਉਨ੍ਹਾਂ ਨੇ ਆਖ਼ਰੀ ਦਮ ਤੱਕ ਗੁਰਮਤਿ ਰਹਿਤ ਨੂੰ ਨਿਭਾਇਆ।

8

ਕੁਝ ਪ੍ਰਸਿੱਧ ਲੁਬਾਣਾ ਹਸਤੀਆਂ

ਭਾਈ ਮਨਮੁਖ ਲੁਬਾਣਾ

ਵਣਜਾਰਿਆਂ ਤੇ ਲੁਬਾਣਿਆਂ ਦਾ ਸਿੱਖੀ ਨਾਲ ਪੁਰਾਣਾ ਸੰਬੰਧ ਹੈ। ਲਾਹੌਰ ਦੇ ਇਕ ਬੜੇ ਪ੍ਰਸਿੱਧ ਸੌਦਾਗਰ ਹੋਏ ਹਨ ਜਿਨ੍ਹਾਂ ਦਾ ਨਾਮ ਮਨਮੁਖ ਸੀ। ਇਹ ਭਾਈ ਭਗੀਰਥ ਮੈਲਸੀਆਂ ਵਾਲੇ ਦੀ ਸੰਗਤ ਨਾਲ ਸਤਿਗੁਰੂ ਨਾਨਕ ਦੇਵ ਜੀ ਪਾਸ ਸੁਲਤਾਨਪੁਰ ਆਏ ਤੇ ਦਰਸ਼ਨ ਕੀਤੇ। ਸਤਿਗੁਰੂ ਦੇ ਵੀਚਾਰ ਤੋਂ ਏਨੇ ਪ੍ਰਭਾਵਿਤ ਹੋਏ ਕਿ ਗੁਰੂ ਨਾਨਕ ਦੇਵ ਜੋਗੇ ਹੀ ਹੋ ਗਏ। ਜਿਸ ਵੇਲੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨੂੰ ਸੁਣਿਆ ਕਿ ਸੰਸਾਰ ਤੋਂ ਨੱਸਣਾ ਨਹੀਂ ਸੰਸਾਰ ਵਿਚ ਵਸਣਾ ਹੈ। ਜੀਵਨ ਵਿਚ ਕੁੱਝ ਵੀ ਬੁਰਾ ਨਹੀਂ, ਦੋਸ਼ ਮਨੁੱਖ ਦੀ ਦ੍ਰਿਸ਼ਟੀ ਦਾ ਹੈ। ਜੇ ਮਨੁੱਖ ਠੀਕ ਪਾਰਖੂ ਹੋਵੇ ਤਾਂ ਹਰੇਕ ਵਸਤੂ ਦਾ ਕੋਈ ਪ੍ਰਯੋਜਨ ਹੈ। ਕੋਈ ਵੀ ਚੀਜ਼ ਅਰਥਹੀਨ ਨਹੀਂ। ਜੇ ਕੋਈ ਸਿਆਣਾ ਵੈਦ ਮਿਲੇ ਤਾਂ ਜ਼ਹਿਰ ਵੀ ਕੁਸ਼ਤਾ ਬਣ ਸਕਦਾ ਹੈ। ਪਰ ਅਨਾੜੀ ਮਨੁੱਖ ਦੇ ਹੱਥ ਵਿਚ ਅੰਮ੍ਰਿਤ ਵੀ ਜ਼ਹਿਰ ਹੋ ਜਾਂਦਾ ਹੈ।

ਪਰਿਵਾਰ ਬੁਰਾ ਨਹੀਂ, ਪਰਿਵਾਰ ਦਾ ਮੋਹ ਬੁਰਾ ਹੈ। ਧਨ ਬੁਰਾ ਨਹੀਂ, ਧਨ ਦਾ ਲੋਭ ਤੇ ਧਨ ਦਾ ਮੋਹ ਬੁਰਾ ਹੈ। ਗੁਰੂ ਦੀ ਜੁਗਤੀ ਨਾਲ ਸੰਸਾਰ ਸੱਚੇ ਦੀ ਕੋਠੜੀ ਦਿਸਦਾ ਹੈ। ਇਹ ਹੈ ਹੀ ਸੱਚੇ ਦੀ ਕੋਠੜੀ ਹੈ ਅਤੇ ਸੱਚਾ ਆਪ ਸ੍ਰਿਸ਼ਟੀ ਵਿਚ ਵਸਦਾ ਹੈ। ਸਾਡੀ ਅੱਖ ਪਾਰਖੂ ਹੋਣੀ ਚਾਹੀਦੀ ਹੈ। ਗੱਲ ਬੜੀ ਹੀ ਸਿੱਧੀ ਤੇ ਸਰਲ ਸੀ। ਭਾਈ ਮਨਸੁਖ ਦੀ ਸਮਝ ਵਿਚ ਆ ਗਈ। ਇਹ ਧੰਦੇ ਲਈ, ਵਪਾਰ ਲਈ ਬੜੀ ਦੂਰ-ਦੂਰ ਤੱਕ ਜਾਂਦਾ ਸੀ। ਇਹ ਲੰਕਾ ਗਿਆ ਸੀ ਅਤੇ ਲੰਕਾ ਵਿਚ ਪਹਿਲਾਂ ਵੀ ਜਾਂਦਾ ਸੀ। ਇਹ ਬਹੁਤ ਵੱਡਾ ਵਪਾਰੀ ਸੀ। ਪੂਰਾ ਬੇੜਾ ਸਾਮਾਨ ਦਾ ਭਰ ਕੇ ਲੈ ਗਿਆ ਸੀ। ਉਹ ਸਾਰਾ ਲੰਕਾ ਵੇਚਣਾ ਸੀ। ਲੰਕਾ ਤੋਂ ਸਾਮਾਨ ਆਪਣੇ ਦੇਸ਼ ਲੈ ਕੇ ਆਉਣਾ ਸੀ। ਕਾਫੀ ਨੌਕਰ-ਚਾਕਰ ਨਾਲ ਸਨ। ਇਸ ਵਾਰ ਲੰਕਾ ਨਿਵਾਸੀਆਂ ਵੇਖਿਆ ਇਸ ਨੇ ਇਕਾਦਸ਼ੀ ਦਾ ਵਰਤ

ਨਹੀਂ ਰੱਖਿਆ। ਇਹ ਲੰਗਰ ਚਲਾ ਰਿਹਾ ਹੈ। ਲੰਕਾ ਵਿਚ ਰਹਿੰਦੇ ਪ੍ਰੋਹਤਾਂ ਰੌਲਾ ਪਾ ਦਿੱਤਾ। ਮਨਸੁਖ ਨੂੰ ਗ੍ਰਿਫਤਾਰ ਕਰ ਲਿਆ ਗਿਆ, ਸਾਰਾ ਮਾਲ ਜ਼ਬਤ ਹੋ ਗਿਆ।

ਮਨਸੁਖ ਨੂੰ ਰਾਜੇ ਦੇ ਸਾਹਮਣੇ ਪੇਸ਼ ਕੀਤਾ। ਮਨਸੁਖ ਨੇ ਧਰਮ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦਾ ਦ੍ਰਿਸ਼ਟੀਕੋਣ ਰੱਖਿਆ ਤਾਂ ਰਾਜਾ ਬਹੁਤ ਪ੍ਰਭਾਵਿਤ ਹੋਇਆ। ਗੁਰੂ ਦੀ ਸਿੱਖਿਆ ਮਿਲ ਗਈ, ਰਾਜਾ ਸ਼ਿਵਨਾਭ ਸਿੱਖ ਬਣ ਗਿਆ। ਮਨਸੁਖ ਦੇ ਕੋਲ ਸਾਧਨ ਸਨ ਤੇ ਗੁਰੂ ਦੀ ਸਿੱਖਿਆ ਸੀ, ਇਸਨੇ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ ਹੈ। ਭਾਈ ਮਨਸੁਖ ਲੁਬਾਣਾ ਸਿੱਖ ਸੀ। ਗੁਰੂ ਨਾਨਕ ਦੇਵ ਦੇ ਚੋਣਵੇਂ ਸਿੱਖਾਂ ਵਿਚੋਂ ਇਕ ਸੀ। ਇਸਦਾ ਲਾਹੌਰ, ਦਿੱਲੀ ਤੇ ਹੋਰ ਵੱਡੇ ਸ਼ਹਿਰਾਂ ਵਿਚ ਕਾਰੋਬਾਰ ਸੀ।

ਭਾਈ ਸੌਂਧੇ ਸ਼ਾਹ ਲੁਬਾਣਾ

ਜਦੋਂ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ, ਗੁਰੂ ਅੰਗਦ ਦੇਵ ਜੀ ਬਹੁਤ ਹੀ ਵੈਰਾਗ ਵਿਚ ਆ ਗਏ। ਮਾਈ ਵਿਰਾਈ ਦੇ ਇਕ ਕਮਰੇ ਵਿਚ ਬੈਠ ਗਏ ਅਤੇ ਆਮ ਮਿਲਣਾ ਬੰਦ ਕਰ ਦਿੱਤਾ। ਸੰਗਤਾਂ ਵਿਆਕੁਲ ਸਨ ਕਿ ਸਤਿਗੁਰੂ ਨਾਨਕ ਦੇਵ ਜੀ ਸਾਡੀ ਬਾਂਹ ਜਿਸ ਗੁਰੂ ਨੂੰ ਫੜਾ ਗਏ ਹਨ ਉਹ ਗੁਰੂ ਕਿੱਥੇ ਹਨ। ਗੁਰੂ ਅੰਗਦ ਦੇਵ ਦੇ ਹੁਕਮ ਨਾਲ ਮਾਈ ਵਿਰਾਈ ਨੇ ਦਰਵਾਜ਼ਾ ਬੰਦ ਕਰਕੇ ਲੇਪਨ ਦੇ ਦਿੱਤਾ ਸੀ।

ਬਾਬਾ ਬੁੱਢਾ ਜੀ ਸਮੇਤ ਸੰਗਤਾਂ ਮਾਈ ਵਿਰਾਈ ਦੇ ਘਰ ਪੁੱਜੀਆਂ। ਮਾਈ ਵਿਰਾਈ ਗੁਰੂ ਨਾਨਕ ਦੇਵ ਦੀ ਸਿੱਖ ਸੀ। ਗੁਰੂ ਅੰਗਦ ਦੇਵ ਜੀ ਮਾਤਾ ਦੇ ਧਰਮ ਭਰਾ ਬਣੇ ਸਨ। ਸੰਗਤਾਂ ਦਾ ਖ਼ਿਆਲ ਸੀ ਜੇ ਗੁਰੂ ਅੰਗਦ ਦੇਵ ਕਿਤੇ ਗੁਪਤ ਹਨ ਤਾਂ ਮਾਈ ਵਿਰਾਈ ਦੇ ਘਰ ਹੀ ਹੋਣਗੇ। ਬਾਬਾ ਜੀ ਨੇ ਆ ਕੇ ਮਾਤਾ ਨੂੰ ਪੁੱਛਿਆ ਕਿ ਸਤਿਗੁਰੂ ਕਿੱਥੇ ਹਨ ਮਾਤਾ ਖਾਮੋਸ਼ ਹੋ ਗਈ, ਕੁੱਝ ਨਹੀਂ ਬੋਲੀ। ਬਾਬਾ ਜੀ ਸਮਝ ਗਏ ਤੇ ਸੰਗਤਾਂ ਨੂੰ ਕਹਿਣ ਲੱਗੇ ਕਿ ਸਾਧ ਸੰਗਤ ਜੀ ਸਤਿਗੁਰੂ ਹੈਨ ਤਾਂ ਮਾਤਾ ਦੇ ਘਰ ਵਿਚ ਹੀ ਪਰ ਮਾਤਾ ਦੀ ਮਜਬੂਰੀ ਹੈ ਇਸਨੂੰ ਦੱਸਣ ਦਾ ਹੁਕਮ ਨਹੀਂ। ਬਾਬਾ ਜੀ ਨੇ ਦਰਵਾਜ਼ੇ ਤੋਂ ਲੇਪਨ ਉਤਾਰ ਦਿੱਤਾ। ਦਰਵਾਜ਼ਾ ਖੋਲ੍ਹ ਕੇ ਅੰਦਰ ਚਲੇ ਗਏ ਤੇ ਸਤਿਗੁਰਾਂ ਦੇ ਦਰਸ਼ਨ ਕੀਤੇ। ਇਕ ਬਚਨ ਕਿਹਾ, ਕਿ ਬੱਚੇ ਵਿਲਕ ਰਹੇ ਹਨ ਦਰਸ਼ਨਾਂ ਦੀ ਭੁੱਖ ਹੈ। ਪਿਆਸ ਹੈ ਮਾਂ ਅੰਦਰ ਛੁਪ ਕੇ ਬੈਠੀ ਹੈ। ਸੰਗਤ ਨੂੰ ਗੁਰੂ ਨਾਨਕ ਦੇਵ ਨੇ ਤੁਹਾਡੇ ਲੜ ਲਾਇਆ ਹੈ। ਸੰਗਤ ਦੀ ਬਾਹੁੜੀ ਕਰੋ। ਗੁਰੂ ਅੰਗਦ ਦੇਵ ਇਹ ਬਚਨ ਸੁਣ ਕੇ ਬਾਹਰ ਆ ਗਏ, ਸੰਗਤਾਂ ਨੂੰ ਦਰਸ਼ਨ ਦਿੱਤੇ।

ਹੁਣ ਜਦੋਂ ਸਤਿਗੁਰੂ ਪ੍ਰਗਟ ਹੋਏ ਤਾਂ ਅਚਾਨਕ ਹੀ ਲੁਬਾਣਿਆਂ ਦਾ ਟਾਂਡਾ ਆ ਗਿਆ। ਇਨ੍ਹਾਂ ਦਾ ਨਾਇਕ ਮਹਾਨ ਸੁਦਾਗਰ ਸੌਂਧੇਸ਼ਾਹ ਲੁਬਾਣਾ ਸੀ। ਉਸ ਨੇ ਆਉਂਦਿਆਂ ਹੀ ਕਿਹਾ ਅਕਾਲ ਪੁਰਖ ਵਲੋਂ ਪ੍ਰੇਰਨਾ ਹੋਈ ਸੀ ਕਿ ਅੱਜ ਖਡੂਰ ਵਿਚ ਸਤਿਗੁਰੂ ਪ੍ਰਗਟ ਹੋਣਗੇ। ਅਸੀਂ ਦਰਸ਼ਨ ਕਰਨ ਆਏ ਹਾਂ ਅਤੇ ਲੰਗਰ ਵਾਸਤੇ ਰਸਦ ਲੈ ਕੇ ਆਏ ਹਾਂ। ਸਤਿਗੁਰੂ ਕਿੱਥੇ ਹਨ ਅਸੀਂ ਮੱਥਾ ਟੇਕੀਏ ਸਾਡੀ ਹਾਜ਼ਰੀ ਪ੍ਰਵਾਨ ਹੋਵੇ ਅਤੇ ਲੰਗਰ ਲਈ ਰਸਦ ਪ੍ਰਵਾਨ ਹੋਵੇ। ਸਾਡਾ ਜਨਮ ਸਫਲ ਹੋਵੇ। ਇਹ ਲੁਬਾਣੇ ਗੁਰੂ ਨਾਨਕ ਦੇਵ ਦੇ ਸਿੱਖ ਸਨ। ਬਾਬਾ ਬੁੱਢਾ ਜੀ ਗਦ ਗੱਦ ਹੋ ਗਏ ਤੇ ਕਹਿਣ ਲੱਗੇ, ਸਾਧ ਸੰਗਤ ਜੀ! ਐਸੇ ਐਸੇ ਦਿੱਬ ਦ੍ਰਿਸ਼ਟੀ ਵਾਲੇ ਸਿੱਖ ਮੌਜੂਦ ਹਨ। ਇਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਹੈ ਕਿ ਅੱਜ ਗੁਰੂ ਪ੍ਰਗਟ ਹੋਣਗੇ। ਇਕ ਸਿੱਖ ਸੌਂਧੇ ਸ਼ਾਹ ਲੁਬਾਣਾ ਤੇ ਉਸ ਦੇ ਕਈ ਸਾਥੀ ਲੁਬਾਣੇ ਹਨ। ਇਸ ਸਾਖੀ ਦੀ ਗਵਾਈ ਭਾਈ ਵੀਰ ਸਿੰਘ ਨੇ ਵੀ ਭਰੀ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ

ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭਲਾ ਵਿਚ ਬਾਬੇ ਮੱਖਣ ਸ਼ਾਹ ਬਾਰੇ ਲਿਖਿਆ ਹੈ—

ਗੁਰਕਾ ਸਿਖ ਮੱਖਣ ਲੁਬਾਣਾ॥
ਅਤਿ ਪ੍ਰੇਮੀ ਸਤਿਗੁਰ ਮਨਿ ਭਾਣਾ॥
ਗੁਰ ਮੂਰਤਿ ਹਿਰਦੈ ਸਦ ਰਾਖੈ॥
ਗੁਰਬਾਣੀ ਨਿਸਦਿਨ ਮੁਖਿ ਭਾਖੈ॥

ਬਾਬਾ ਮੱਖਣ ਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਜਦੋਂ ਕਸ਼ਮੀਰ ਗਏ ਤਾਂ ਇਨ੍ਹਾਂ ਤੋਂ ਸਿੱਖੀ ਧਾਰਨ ਕੀਤੀ ਸੀ। ਕਿਸੇ ਲੇਖਕ ਨੇ ਬਾਬਾ ਮੱਖਣ ਸ਼ਾਹ ਦਾ ਜਨਮ ਟਾਂਡਾ (ਮੁਜੱਫਰਬਾਦ) ਕਸ਼ਮੀਰ ਲਿਖਿਆ ਹੈ ਕਿਸੇ ਨੇ ਟਾਂਡਾ ਜੇਹਲਮ ਲਿਖਿਆ ਹੈ। ਵੱਖ-ਵੱਖ ਥਾਂਵਾਂ ਲਿਖਣ ਦਾਕਾਰਨ ਹੈ ਕਿ ਬਾਬਾ ਜੀ ਦਾ ਕਾਰੋਬਾਰ ਹਿੰਦੁਸਤਾਨ ਦ ੇਹਰ ਸੂਬੇ ਵਿਚ ਚਲਦਾ ਸੀ। ਜਿਸ ਕਿਸੇ ਨੇ ਉਨ੍ਹਾਂ ਦੇ ਬੈਲ ਚਲਦੇ ਵੇਖੇ ਉਨ੍ਹਾਂ ਲਿਖ ਦਿੱਤਾ ਉਨ੍ਹਾਂ ਦੇ ਦਸ ਹਜ਼ਾਰ ਬੈਲ ਚਲਦੇ ਸਨ ਜਿਸਨੇ ਜਹਾਜ਼ ਚਲਦੇ ਵੇਖੇ ਉਨ੍ਹਾਂ ਲਿਖ ਦਿੱਤਾ ਕਿ ਉਨ੍ਹਾਂ ਦੇ ਸਮੁੰਦਰੀ ਜਹਾਜ਼ ਚਲਦੇ ਸਨ। ਜਹਾਜ਼ ਚਲਦੇ ਸਨ ਕਿ ਬੈਲ ਚਲਦੇ ਸਨ, ਦੋਵੇਂ ਗੱਲਾਂ ਹੀ ਸੱਚ ਹਨ। ਕੁੱਝ ਥਾਂਵਾਂ ਐਸੀਆਂ ਹਨ ਜਿੱਥੇ ਸਾਮਾਨ ਢੋਣ ਲਈ ਊਠ ਹੀ ਕੰਮ ਆਉਂਦੇ ਹਨ। ਕਿਤੇ ਘੋੜੇ ਤੇ ਖੱਚਰਾਂ ਕੰਮ ਆਉਂਦੀਆਂ ਹਨ, ਕਿਤੇ ਗਧੇ ਜ਼ਿਆਦਾ ਸਫਲ ਹਨ ਅਤੇ ਕਿਤੇ ਬੈਲ ਹੀ ਭਾਰ ਢੋਅ ਸਕਦੇ ਹਨ।

ਬਾਬਾ ਮੱਖਣ ਸ਼ਾਹ ਖੜੇ ਕਾਰੋਬਾਰੀ ਸਨ। ਪ੍ਰਸਿੱਧ ਸਾਖੀ ਹੈ ਕਿ ਉਨ੍ਹਾਂ ਦਾ

ਜਹਾਜ਼ ਤੂਫਾਨ ਵਿਚ ਫਸ ਗਿਆ। ਉਨ੍ਹਾਂ ਉਸ ਮੁਸ਼ਕਿਲ ਵਿਚ ਅਰਦਾਸ ਕੀਤੀ ਸੀ, ਅਰਦਾਸ ਸੁਣੀ ਗਈ, ਬੇੜਾ ਕਿਨਾਰੇ ਲੱਗਾ। ਬਾਬਾ ਜੀ ਦੀ ਦਿੱਲੀ ਬਹੁਤ ਵੱਡੀ ਹਵੇਲੀ ਸੀ। ਪਹਿਲੇ ਗੁਰ ਵਿਅਕਤੀ ਘਰ ਆਉਂਦੇ ਜਾਂਦੇ ਸਨ। ਦਿੱਲੀ ਆਏ ਦਿੱਲੀ ਤੋਂ ਪਤਾ ਲੱਗ ਗਿਆ ਕਿ ਬਾਬਾ ਬਕਾਲੇ ਹੈ। ਬਕਾਲੇ ਧੀਰ ਮੱਲ ਦਾ ਵਿਰੋਧ ਵੇਖ ਕੇ ਹੈਰਾਨ ਹੋ ਗਏ। ਬਕਾਲੇ ਰਹਿਣ ਵਾਲਿਆਂ ਨੂੰ ਸੱਚ ਦਾ ਪਤਾ ਸੀ ਪਰ ਧੀਰ ਮੱਲ ਦੇ ਖ਼ੂੰਖਾਰ ਸਾਥੀ ਪਲ ਵਿਚ ਬੰਦਾ ਮਾਰ ਦੇਂਦੇ ਸਨ। ਕੋਈ ਡਰਦਾ ਗੱਲ ਨਹੀਂ ਸੀ ਕਰਦਾ। ਸਭ ਨੂੰ ਪਤਾ ਸੀ ਗੁਰਿਆਈ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਤੀ ਗਈ ਹੈ। ਗੁਰਿਆਈ ਦੀ ਸਾਮੱਗਰੀ ਗੁਰੂ ਤੇਗ਼ ਬਹਾਦਰ ਪਾਸ ਪੁੱਜ ਚੁੱਕੀ ਸੀ। ਪਰ ਸਭ ਧੀਰ ਮਲ ਤੋਂ ਡਰਦੇ ਸਨ।

ਸ਼ੇਰ ਮਰਦ ਬਾਬਾ ਮੱਖਣ ਸ਼ਾਹ ਪੁੱਜੇ, ਇਨ੍ਹਾਂ ਨੂੰ ਧੀਰ ਮੱਲ ਦਾ ਡਰ ਨਹੀਂ ਸੀ। ਸਿੱਖ ਇਤਿਹਾਸਕਾਰ ਲਿਖਦੇ ਹਨ ਕਿ ਪੰਜ ਸੌ ਸ਼ਸਤਰਧਾਰੀ ਜੋਧਾ ਮੱਖਣ ਸ਼ਾਹ ਦੇ ਨਾਲ ਸਨ। ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਜਿਸ ਦੇ ਨਾਲ ਪੰਜ ਸੌ ਜੋਧੇ ਨੌਕਰ ਸਨ। ਉਹ ਕਿਡੀ ਮਹਾਨ ਹਸਤੀ ਦਾ ਮਾਲਕ ਹੋਵੇਗਾ। ਏਨੀ ਫ਼ੌਜ ਤਾਂ ਰਾਜਿਆਂ-ਮਹਾਰਾਜਿਆਂ ਨਾਲ ਤੁਰਦੀ ਹੈ। ਬਾਬਾ ਮੱਖਣ ਸ਼ਾਹ ਇਕ ਸ਼ਹਿਨਸ਼ਾਹ ਸੁਦਾਗਰ ਸੀ। ਏਨ੍ਹਾਂ ਨੇ ਜਦੋਂ ਸੱਚ ਕਿਹਾ ਏਡੀ ਵੱਡੀ ਤਾਕਤ ਵੇਖ ਕੇ ਲੋਕ ਇਕੱਠੇ ਹੋ ਗਏ। ਦੀਵਾਨ ਸੱਜਿਆ। ਅੱਜ ਲੋਕਾਂ ਨੇ ਜਿਵੇਂ ਪਹਿਲੇ ਸਤਿਗੁਰਾਂ ਅੱਗੇ ਭੇਟਾ ਰੱਖੀਆਂ ਸਨ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਾਹਮਣੇ ਵੀ ਭੇਟਾ ਰਖੀਆਂ ਤੇ ਚਿਰਾਂ ਤੋਂ ਲੋਕਾਂ ਦੀ ਦੱਬੀ ਹੋਈ ਸ਼ਰਧਾ ਸੁਰਜੀਤ ਹੋਈ।

ਧੀਰ ਮਲ ਦੇ ਬੰਦੇ ਸਭ ਕੁੱਝ ਵੇਖ ਰਹੇ ਸਨ। ਬਾਬਾ ਮੱਖਣ ਸ਼ਾਹ ਦੇ ਹੁੰਦਿਆਂ ਤਾਂ ਉਨ੍ਹਾਂ ਦੀ ਕੋਈ ਪਸ਼ ਨਾ ਗਈ। ਬਾਬੇ ਮੱਖਣ ਸ਼ਾਹ ਦੀ ਫ਼ੌਜ ਦਾ ਟਾਕਰਾ ਕਰਨਾ ਉਸਦੇ ਵੱਸ ਦੀ ਗੱਲ ਨਹੀਂ ਸੀ। ਪਰ ਬਾਬਾ ਮੱਖਣ ਸ਼ਾਹ ਜੀ ਦਾ ਡੇਰਾ ਕੁੱਝ ਮੀਲਾਂ ਤੋਂ ਬਾਹਰ ਸੀ। ਜਦੋਂ ਬਾਬਾ ਡੀ ਡੇਰੇ ਆਏ ਤਾਂ ਧੀਰ ਮਲ ਨੇ ਸ਼ੀਹੇ ਮਸੰਦ ਦੀ ਜਥੇਦਾਰੀ ਥੱਲੇ ਕੁੱਝ ਹੋਰ ਲੁਟੇਰੇ ਤਿਆਰ ਕੀਤੇ ਜਿਨ੍ਹਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਤੇ ਗੋਲੀ ਚਲਾ ਦਿੱਤੀ ਅਤੇ ਡੇਰੇ ਨੂੰ ਲੁੱਟ ਲਿਆ। ਉਨ੍ਹਾਂ ਗੋਲੀ ਗੁਰੂ ਜੀ ਨੂੰ ਡਰਾਉਣ ਵਾਸਤੇ ਨਹੀਂ ਸੀ ਚਲਾਈ ਸਗੋਂ ਮਾਰਨ ਵਾਸਤੇ ਚਲਾਈ ਸੀ। ਉਹ ਸਮਝਦੇ ਸਨ ਬਾਬਾ ਮੱਖਣ ਸ਼ਾਹ ਵਾਪਸ ਚਲਾ ਗਿਆ ਹੈ। ਉਸ ਨੇ ਹੁਣ ਵਾਪਸ ਨਹੀਂ ਆਉਣਾ ਤੇ ਗੁਰੂ ਸਾਹਿਬ ਨੂੰ ਹੁਣ ਮਾਰ ਦੇਣਾ ਹੀ ਇਸ ਮਸਲੇ ਦਾ ਹੱਲ ਹੈ।

ਪਰ ਸਤਿਗੁਰੂ ਜੀ ਨੇ ਇਹ ਠੀਕਰਾ ਔਰੰਗਜ਼ੇਬ ਦੇ ਸਿਰ ਭੰਨ੍ਹਣਾ ਸੀ ਧੀਰ ਮੱਲ ਦੇ ਸਿਰ ਨਹੀਂ। ਸਤਿਗੁਰੂ ਤੇ ਵਾਰ ਹੋਇਆ ਪਰ ਸਤਿਗੁਰੂ ਵਾਲ ਵਾਲ ਬੱਚ ਗਏ। ਸਿੱਖਾਂ ਨੇ ਮੱਖਣ ਸ਼ਾਹ ਨੂੰ ਖ਼ਬਰ ਕਰ ਦਿੱਤੀ। ਉਹ ਆਪਣੇ ਜਵਾਨ

ਲੈ ਕੇ ਆ ਗਿਆ। ਇਕ ਗੱਲ ਇਤਿਹਾਸਕਾਰਾਂ ਦੀ ਵੀਚਾਰ ਵਿਚ ਪਤਾ ਨਹੀਂ ਕਿਉਂ ਨਹੀਂ ਆਈ। ਧੀਰ ਮੱਲ ਦੇ ਪਾਖੰਡ ਤੇ ਜ਼ਿਆਦਤੀ ਦਾ ਪਤਾ ਮੱਖਣ ਸ਼ਾਹ ਨੂੰ ਦਿੱਲੀ ਹੀ ਲੱਗ ਗਿਆ ਸੀ। ਉਹ ਗੁਰੂ ਤੇਗ਼ ਬਹਾਦਰ ਜੀ ਦਾ ਸਤਿਕਾਰ ਕਰਨ ਆਇਆ ਸੀ, ਦਸਵੰਧ ਭੇਟ ਕਰਨ ਆਇਆ ਸੀ ਅਤੇ ਨਾਲੇ ਦਿੱਲੀ ਤੋਂ ਹੀ ਧੀਰ ਮਲ ਨਾਲ ਦੋ ਹੱਥ ਕਰਨ ਦੇ ਇਰਾਦੇ ਨਾਲ ਆਇਆ ਸੀ ਨਹੀਂ ਤਾਂ ਪੰਜ ਸੌ ਸ਼ਸਤਰਧਾਰੀ ਨੌਜਵਾਨ ਨਾਲ ਲੈ ਕੇ ਤੁਰਨ ਦੀ ਲੋੜ ਨਹੀਂ ਸੀ। ਇਕ ਦਰਸ਼ਨਾਂ ਦੇ ਸ਼ਰਧਾਲੂ ਨੇ ਫ਼ੌਜ ਕੀ ਕਰਨੀ ਹੈ।

ਬਾਬਾ ਮੱਖਣ ਸ਼ਾਹ ਨੇ ਧੀਰ ਮੱਲ ਅਤੇ ਸ਼ੀਹੇ ਮਸੰਦ ਦੀਆਂ ਮਸ਼ਕਾਂ ਕੱਸ ਦਿੱਤੀਆਂ ਭਾਵ ਹੱਥ ਪੈਰ ਬੰਨ੍ਹ ਦਿੱਤੇ। ਉਨ੍ਹਾਂ ਦੇ ਸਾਥੀਆਂ ਦਾ ਵੀ ਇਹੋ ਹਾਲ ਕੀਤਾ। ਭਾਵ ਬੰਦੀ ਬਣਾ ਕੇ ਪੇਸ਼ ਕੀਤਾ। ਸਤਿਗੁਰਾਂ ਦਾ ਲੁੱਟਿਆ ਸਾਮਾਨ ਅਤੇ ਕਰਤਾਰਪੁਰ ਵਾਲੀ ਬੀੜ ਵੀ ਨਾਲ ਲੈ ਆਂਦੀ। ਗੁਰੂ ਤੇਗ਼ ਬਹਾਦਰ ਜੀ ਨੇ ਸਭ ਨੂੰ ਛੁਡਾ ਦਿੱਤਾ ਅਤੇ ਸਾਮਾਨ ਵੀ ਵਾਪਸ ਕਰਵਾ ਦਿੱਤਾ। ਬਾਬੇ ਮੱਖਣ ਸ਼ਾਹ ਦੇ ਮਨ ਤੇ ਗੁਰੂ ਤੇਗ਼ ਬਹਾਦਰ ਜੀ ਦੀ ਉਦਾਰਤਾ ਦਾ ਬਹੁਤ ਗਹਿਰਾ ਅਸਰ ਹੋਇਆ। ਬਾਬਾ ਮੱਖਣ ਸ਼ਾਹ ਨੇ ਇੰਨਾ ਕੁੱਝ ਕਰਕੇ ਕੋਈ ਹਉਮੈ ਨਹੀਂ ਵਿਖਾਈ ਸਗੋਂ ਕਿਹਾ ਕਿ ਸਤਿਗੁਰੂ ਜੀ ਤੁਸੀਂ ਸੇਵਕ ਜਾਣ ਕੇ ਮੇਰੇ ਪਾਸੋਂ ਇਹ ਸੇਵਾ ਲਈ ਹੈ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ।

ਸਤਿਗੁਰੂ ਤੇਗ਼ ਬਹਾਦਰ ਜੀ ਨੇ ਗੁਰਧਾਮਾਂ ਦੇ ਦਰਸ਼ਨਾਂ ਲਈ ਤਿਆਰੀ ਕੀਤੀ। ਬਾਬਾ ਮੱਖਣ ਸ਼ਾਹ ਵੀ ਤਿਆਰ ਹੋ ਪਏ। ਬਾਬਾ ਮੱਖਣ ਸ਼ਾਹ ਦੇ ਨਾਲ ਕਾਫ਼ੀ ਵੱਡਾ ਡੇਰਾ ਸੀ ਇਹ ਪਿੱਛੋਂ ਪੁੱਜੇ। ਸਤਿਗੁਰੂ ਪਹਿਲਾਂ ਪੁੱਜ ਗਏ। ਏਥੇ ਵੀ ਅੰਮ੍ਰਿਤਸਰ ਦੇ ਮਸੰਦਾਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਬਕਾਲੇ ਦੀ ਖ਼ਬਰ ਉਨ੍ਹਾਂ ਸੁਣ ਲਈ ਸੀ ਤੇ ਉਨ੍ਹਾਂ ਨੂੰ ਡਰ ਸੀ ਗੁਰੂ ਤੇਗ਼ ਬਹਾਦਰ ਇਥੇ ਕਬਜ਼ਾ ਨਾ ਕਰ ਲੈਣ। ਸਤਿਗੁਰੂ ਬਾਹਰੋਂ ਹੀ ਮੱਥਾ ਟੇਕ ਕੇ ਥੜਾ ਸਾਹਿਬ ਥੋੜ੍ਹਾ ਚਿਰ ਬੈਠ ਕੇ ਵਲੇ ਪਿੰਡ ਚਲੇ ਗਏ।

ਬਾਬਾ ਮੱਖਣ ਸ਼ਾਹ ਆਏ, ਉਨ੍ਹਾਂ ਨੂੰ ਪਤਾ ਲੱਗਾ ਧਨਵਾਨ ਜਾਣ ਕੇ ਮਸੰਦ ਵੀ ਮਿਲਣ ਆ ਗਏ। ਬਾਬਾ ਮੱਖਣਸ਼ਾਹ ਨੇ ਜੋ ਕਿਹਾ ਸੀ ਪੰਥ ਪ੍ਰਕਾਸ਼ ਵਿਚ ਬੜਾ ਸੁੰਦਰ ਲਿਖਿਆ ਹੈ—

ਪੇਖ ਸਿੰਘ ਕਉ ਜੈਸੇ ਸੁਆਨ।
ਦੌੜਤ ਟੁਕੜਾ ਚਾਇ ਅਜਾਨ।
ਮਤ ਕਿਤ ਸ਼ੇਰ ਖੋਸ ਇਹ ਲੇਈ।
ਕਰੀ ਕਰਤੂਤ ਪੁਜਾਰੀਂ ਵੇਈ।

ਬਾਬਾ ਜੀ ਨੇ ਕਿਹਾ ਤੁਹਾਨੂੰ ਭੁਲੇਖਾ ਲੱਗ ਗਿਆ ਹੈ। ਸਤਿਗੁਰੂ ਟੁਕੜੇ ਵੰਡਣ ਵਾਲੇ ਹਨ, ਖੋਹਣ ਵਾਲੇ ਨਹੀਂ। ਇੱਥੋਂ ਦਰਸ਼ਨ ਕਰਕੇ ਬਾਬਾ ਮੱਖਣ ਸ਼ਾਹ ਡੇਰੇ ਸਮੇਤ ਦਿੱਲੀ ਚਲੇ ਗਏ ਸਨ। ਪੁਜਾਰੀਆਂ ਸਤਿਗੁਰੂ ਪਾਸੋਂ ਮੁਆਫੀ ਮੰਗੀ ਸੀ।

ਬਾਬਾ ਮੱਖਣ ਸ਼ਾਹ ਬਾਣੀ ਦੇ ਰਸੀਏ ਸਨ ਸਤਿਗੁਰੂ ਦੇ ਸ਼ਰਧਾਲੂ ਸਨ ਅਤੇ ਹਰ ਕਾਰਜ ਨੂੰ ਤੁਰਨ ਤੋਂ ਪਹਿਲੇ ਅਰਦਾਸ ਕਰਕੇ ਤੁਰਦੇ ਸਨ। ਉਨ੍ਹਾਂ ਦੀ ਇਹ ਮਹਾਨ ਸੇਵਾ ਸਿੱਖ ਪੰਥ ਕਦੇ ਨਹੀਂ ਭੁੱਲੇਗਾ। ਅੱਜ ਵੀ ਗੁਰੂ ਲਾਧੋ ਰੇ ਦਿਵਸ ਤੇ ਬਾਬਾ ਬਕਾਲਾ ਬੇਅੰਤ ਸੰਗਤਾਂ ਇਕੱਠੀਆਂ ਹੁੰਦੀਆਂ ਹਨ ਤੇ ਇਸ ਮਹਾਨ ਸੇਵਕ ਦੀ ਸੇਵਾ ਨੂੰ ਸੰਗਤਾਂ ਯਾਦ ਕਰਦੀਆਂ ਅਸ਼ ਅਸ਼ ਕਰ ਉਠਦੀਆਂ ਹਨ।

ਬਾਬਾ ਜੀ ਦੇ ਨਾਂ ਤੇ ਅੱਜ ਨਿਊਯਾਰਕ ਅਮਰੀਕਾ ਰਿਚਮੰਡ ਹਿਲ ਵਿਖੇ ਸ਼ਾਨਦਾਰ ਗੁਰਦੁਆਰਾ ਬਣਿਆ ਹੈ। ਜਿੱਥੇ ਸੰਗਤਾਂ ਹੁੰਮ-ਹੁਮਾ ਕੇ ਜਾਂਦੀਆਂ ਹਨ ਅਤੇ ਸਤਿਗੁਰੂ ਦੇ ਲੜ ਲਗਦੀਆਂ ਹਨ। ਇਹ ਪ੍ਰਸਿੱਧ ਸਾਖੀ ਹੈ ਕਿ ਬਾਬਾ ਮੱਖਣ ਸ਼ਾਹ ਦਾ ਡੁਬਦਾ ਬੇੜਾ ਸਤਿਗੁਰਾਂ ਨੇ ਕਿਨਾਰੇ ਲਾਇਆ ਸੀ। ਇਕ ਹੋਰ ਬੇੜਾ ਬਾਬਾ ਮੱਖਣ ਸ਼ਾਹ ਦਾ ਸੀ ਉਹ ਆਮ ਕਰਕੇ ਨਜ਼ਰ ਨਹੀਂ ਆਉਂਦਾ। ਉਹ ਸੀ ਸ਼ਰਧਾ ਦਾ ਬੇੜਾ। ਸ਼ਰਧਾ ਦੇ ਬੇੜੇ ਸ਼ੱਕ ਦੇ ਸਮੁੰਦਰ ਵਿਚ ਡੁੱਬਦੇ ਹਨ, ਸਮੁੰਦਰੀ ਬੇੜੇ ਤਾਂ ਕਦੀ-ਕਦੀ ਡੁੱਬਦੇ ਹਨ। ਆਮ ਕਰਕੇ ਪਾਰ ਲੱਗ ਹੀ ਜਾਂਦੇ ਹਨ। ਪਰ ਸ਼ਰਧਾ ਦੇ ਬੇੜੇ ਕਦੀ ਪਾਰ ਲਗਦੇ ਹਨ, ਬਹੁਤਿਆਂ ਦੇ ਬੇੜੇ ਡੁੱਬ ਜਾਂਦੇ ਹਨ। ਜਦੋਂ ਮਨ ਵਿਚ ਸ਼ੱਕ ਆ ਜਾਂਦਾ ਹੈ ਤਾਂ ਸ਼ਰਧਾ ਡੋਲ ਜਾਂਦੀ ਹੈ ਤੇ ਬੇੜਾ ਡੁੱਬ ਜਾਂਦਾ ਹੈ।

ਬਾਬੇ ਮੱਖਣ ਸ਼ਾਹ ਦੀ ਸ਼ਰਧਾ ਨੂੰ ਸਤਿਗੁਰੂ ਨੇ ਆਪ ਹੀ ਹੱਥ ਦੇ ਕੇ ਬਚਾਇਆ ਸੀ। ਕਹਿ ਦਿੱਤਾ ਸੀ ਸਤਿਗੁਰੂ ਦੇ ਪਿਆਰੇ ਮੈਨੂੰ ਮਾਇਆ ਦੀ ਕੋਈ ਲਾਲਸਾ ਨਹੀਂ। ਮੇਰੇ ਲਈ ਪੰਜ ਜਾਂ ਪੰਜ ਸੌ ਬਰਾਬਰ ਹਨ। ਮੇਰੇ ਮਨ ਵਿਚ ਕੋਈ ਲਾਲਸਾ ਨਹੀਂ ਪਰ ਤੈਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਤੇਰਾ ਉਹ ਬੇੜਾ ਵੀ ਸਤਿਗੁਰੂ ਨੇ ਬੰਨੇ ਲਾਇਆ ਹੈ ਅਤੇ ਤੇਰਾ ਇਹ ਸ਼ਰਧਾ ਦਾ ਬੇੜਾ ਵੀ ਸਤਿਗੁਰੂ ਜੀ ਬੰਨੇ ਲਾਉਣਗੇ। ਗੁਰੂ ਦਾ ਸ਼ਬਦ ਡੋਲਦੇ ਹੋਏ ਮਨ ਲਈ ਥੰਮ੍ਹੀ ਹੈ। ਇਹ ਬਚਨ ਐਸੇ ਸਨ ਕਿ ਮੱਖਣ ਸ਼ਾਹ ਦਾ ਮਨ ਟਿਕ ਗਿਆ ਸੀ। ਮਨ ਸਹਿਜ ਘਰ ਵਿਚ ਪੁੱਜ ਗਿਆ। ਅੰਤਰ ਆਤਮੇ ਟਿਕ ਗਿਆ। ਅੰਦਰ ਸ਼ਾਂਤੀ ਵਰਤ ਗਈ। ਇਕ ਅਦੀਬ ਕਹਿੰਦੇ ਹਨ :

ਹਿਫਾਜ਼ਤ ਜਿਸ ਸਫ਼ੀਨੇ ਕੀ ਉਸੇ ਮਨਜ਼ੂਰ ਹੋਤੀ ਹੈ।
ਉਸੇ ਸਾਹਿਲ ਪੇ ਖ਼ੁਦ ਤੂਫਾਂ ਆਕਰ ਛੋਡ ਜਾਤੇ ਹੈਂ।

ਬਾਬਾ ਲੱਖੀ ਸ਼ਾਹ ਵਣਜਾਰਾ

ਸਤਿਗੁਰੂ ਦੀ ਬਾਣੀ ਵਿਚ ਵਣਜਾਰਾ ਸ਼ਬਦ ਵਾਰ-ਵਾਰ ਆਇਆ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਵਣਜਾਰਿਆ ਸੁਦਾਗਰਾਂ ਦੇ ਕਾਫ਼ਲਿਆਂ ਨਾਲ ਮਿਲਕੇ ਬਹੁਤ ਸਫ਼ਰ ਕੀਤੇ ਹਨ ਅਤੇ ਵਣਜਾਰੇ ਸਤਿਗੁਰੂ ਦਾ ਉਪਦੇਸ਼ ਲੈ ਕੇ ਸਿੱਖ ਬਣ ਜਾਂਦੇ ਸਨ। ਹੁਣ ਵੀ ਮਹਾਂਰਾਸ਼ਟਰ ਵਿਚ ਬੈਠੇ ਵਣਜਾਰੇ ਸਤਿਗੁਰੂ ਤੇ ਸ਼ਰਧਾ ਰੱਖਦੇ ਹਨ। ਹਜ਼ੂਰ ਸਾਹਿਬ ਜਾਂਦੇ ਹਨ। 128 ਸਾਲ ਪੁਰਾਣਾ ਇਕ ਹੁਕਮਨਾਮਾ ਜੋ ਹਜ਼ੂਰ ਸਾਹਿਬ ਤੋਂ ਵਣਜਾਰਿਆਂ ਨੂੰ ਪ੍ਰਾਪਤ ਹੋਇਆ ਸੀ, ਮੈਂ ਨਾਗਪੁਰ ਤੋਂ ਨੇੜੇ ਇਕ ਨਗਰ ਵਿਚ ਵੇਖਿਆ ਸੀ ਜਿਸ ਵਿਚ ਉਨ੍ਹਾਂ ਦੀ ਸੇਵਾ ਦੀ ਪ੍ਰਸੰਸਾ ਕੀਤੀ ਸੀ ਅਤੇ ਭੇਟ ਕੀਤੀ ਮਾਇਆ ਦਾ ਵੇਰਵਾ ਵੀ ਸੀ। ਪਰ ਇਨ੍ਹਾਂ ਵਣਜਾਰਿਆਂ ਨੂੰ ਗੁਰਮਤਿ ਦਾ ਗਿਆਨ ਦੇਣ ਵਾਲਾ ਤੇ ਅੰਮ੍ਰਿਤਪਾਨ ਕਰਵਾ ਕੇ ਸਿਖ ਸਜਾਉਣ ਵਾਲਾ ਕੋਈ ਸੰਤ ਪ੍ਰੇਮ ਸਿੰਘ ਨਹੀਂ ਮਿਲਿਆ। ਏਸੇ ਕਰਕੇ ਇਹ ਕੇਸਾਧਾਰੀ ਨਹੀਂ ਹੋ ਸਕੇ। ਪਰ ਸਤਿਗੁਰੂ ਨਾਲ ਇਨ੍ਹਾਂ ਦਾ ਪਿਆਰ ਹੈ।

ਭਾਈ ਲੱਖੀ ਸ਼ਾਹ ਵਣਜਾਰੇ ਨੇ ਸਤਿਗੁਰੂ ਦੇ ਦਰਬਾਰ ਦੀ ਹਮੇਸ਼ਾ ਹੀ ਸੇਵਾ ਕੀਤੀ ਹੈ। ਇਹ ਠੀਕ ਹੈ ਕਿ ਲੱਖੀ ਸ਼ਾਹ ਤੇ ਬਾਬਾ ਮੱਖਣ ਸ਼ਾਹ ਜਾਂ ਹੋਰ ਦਿੱਲੀ ਦੇ ਸਿੱਖਾਂ ਨੇ ਗੁਪਤ ਤੌਰ ਤੇ ਸਤਿਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਵੇਲੇ ਸੇਵਾ ਕੀਤੀ ਹੈ ਪ੍ਰਗਟ ਹੋ ਕੇ ਨਹੀਂ। ਪਰ ਇਹ ਵੀ ਸੱਚ ਹੈ ਕਿ ਸਿੱਖ ਜੇ ਉਸ ਵੇਲੇ ਪ੍ਰਗਟ ਹੋ ਕੇ ਲੜਦੇ ਤਾਂ ਇਹ ਸ਼ਹੀਦ ਜ਼ਰੂਰ ਹੋ ਜਾਂਦੇ। ਪਰ ਸਤਿਗੁਰੂ ਦੇ ਧੜ ਦਾ ਸਸਕਾਰ ਨਹੀਂ ਸੀ ਹੋ ਸਕਣਾ ਤੇ ਸੀਸ ਅਨੰਦਪੁਰ ਨਹੀਂ ਸੀ ਪੁੱਜ ਸਕਣਾ। ਇਸ ਲਈ ਇਹ ਗੁਪਤ ਸੇਵਾ ਉਸ ਵਕਤ ਸਫ਼ਲ ਰਹੀ ਹੈ। ਸੀਸ ਲੈ ਜਾਣ ਲਈ ਬੇਸ਼ੱਕ ਭਾਈ ਜੈਤੇ ਨੂੰ ਚੁਣਿਆ ਤੇ ਉਸਦੀ ਮਹਾਨ ਸੇਵਾ ਤੇ ਕੁਰਬਾਨੀ ਹੈ ਪਰ ਨਾਲ ਹੀ ਸੀਸ ਤੇ ਧੜ ਉਠਾਉਣ ਵਿਚ ਬਹੁਤ ਸਾਰਾ ਯੋਗਦਾਨ ਭਾਈ ਲੱਖੀ ਸ਼ਾਹ ਵਣਜਾਰੇ ਦਾ ਸੀ। ਉਸਨੇ ਆਪਣੇ ਘਰ ਨੂੰ ਅੱਗ ਲਾ ਕੇ ਸਤਿਗੁਰਾਂ ਦੇ ਪਾਵਨ ਧੜ ਦਾ ਸਸਕਾਰ ਕਰ ਦਿੱਤਾ ਅਤੇ ਅਰਦਾਸ ਕੀਤੀ ਕਿ ਸਤਿਗੁਰੂ ਤੁਹਾਡਾ ਆਦਰ ਅਦਬ ਨਹੀਂ ਕਰ ਸਕੇ। ਹਾਲਾਤ ਦੀ ਮਜਬੂਰੀ ਹੈ, ਸਾਡੀ ਸੇਵਾ ਪ੍ਰਵਾਨ ਕਰਨੀ। ਗੁਰੂ ਨੇ ਭਾਈ ਲੱਖੀ ਸ਼ਾਹ ਦੀ ਸੇਵਾ ਪ੍ਰਵਾਨ ਕੀਤੀ ਹੈ ਅਤੇ ਸਮੁੱਚੇ ਸਿੱਖ ਪੰਥ ਨੇ ਵੀ ਇਹ ਸੇਵਾ ਪ੍ਰਵਾਨ ਕੀਤੀ ਹੈ। ਧੰਨ ਹੈ ਬਾਬਾ ਲੱਖੀ ਸ਼ਾਹ। ਪਿੱਛੋਂ ਵਣਜਾਰੇ ਅਤੇ ਲੁਬਾਣੇ ਇਕ ਹੀ ਹਨ। ਪੰਜਾਬ ਵਾਲਿਆਂ ਦਾ ਰਹਿਣ-ਸਹਿਣ ਤੇ ਭਾਸ਼ਾ ਵਿਚ ਪੰਜਾਬ ਦਾ ਅਸਰ ਹੈ। ਬਾਹਰਲਿਆਂ ਤੇ ਉਨ੍ਹਾਂ ਸੂਬਿਆਂ ਦਾ ਅਸਰ ਹੈ ਪਰ ਹੈਨ ਦੋਵੇਂ ਇਕ ਹੀ।

9

ਪੰਜ ਗੋਸ਼ਟੀਆਂ

ਵਿੱਦਿਆ ਮਾਰਤੰਡ ਗੁਰਮਤਿ ਦੇ ਮਹਾਨ ਵਿਦਵਾਨ ਰੱਬ ਦੇ ਦਰਵੇਸ਼ ਗੁਰਪੁਰਵਾਸੀ ਮੇਰੇ ਪਿਤਾ ਗਿ: ਮੂਲਾ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਹੋਰਾਂ ਦੀਆਂ ਕੁੱਝ ਗੋਸ਼ਟੀਆਂ ਜੋ ਆਏ ਸਾਧੂਆਂ ਨਾਲ ਹੋਈਆਂ ਮੈਨੂੰ ਸੁਣਾਈਆਂ ਸਨ। ਗਿ: ਮੂਲਾ ਸਿੰਘ ਮਹਾਨ ਕਥਾ ਵਾਚਕ ਸਨ। ਸਿੱਖ ਇਤਿਹਾਸ ਅਤੇ ਹਿੰਦੂ ਮਿਥਿਹਾਸ ਤੇ ਇਸਲਾਮੀ ਸਾਹਿਤ ਦਾ ਉਨ੍ਹਾਂ ਦਾ ਬੜਾ ਗਹਿਰਾ ਅਧਿਐਨ ਸੀ। ਉਨ੍ਹਾਂ ਨੂੰ ਮੈਂ ਸੰਤ ਪ੍ਰੇਮ ਸਿੰਘ ਜੀ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗੇ ਉਹ ਬੜੇ ਅਨੁਭਵੀ ਮਹਾਂਪੁਰਖ ਸਨ ਜੇ ਕੋਈ ਪ੍ਰਸ਼ਨ ਪੁੱਛਦਾ ਸੀ ਤਾਂ ਉਹ ਬੜੇ ਥੋੜ੍ਹੇ ਸ਼ਬਦਾਂ ਵਿਚ ਉੱਤਰ ਦੇਂਦੇ ਸਨ। ਸੁਣਨ ਵਾਲੇ ਦੀ ਤਸੱਲੀ ਹੋ ਜਾਂਦੀ ਸੀ। ਉਨ੍ਹਾਂ ਮੈਨੂੰ ਸੰਤ ਪ੍ਰੇਮ ਸਿੰਘ ਜੀ ਦੀਆਂ ਪੰਜ ਗੋਸ਼ਟੀਆਂ ਸੁਣਾਈਆਂ ਸਨ।

ਗੋਸ਼ਟੀ ਪਹਿਲੀ :

ਇਕ ਵਾਰ ਜਟਾਧਾਰੀ ਸਾਧੂ ਸੰਤ ਪ੍ਰੇਮ ਸਿੰਘ ਜੀ ਪਾਸ ਬੈਠਾ ਸੀ। ਸੰਤਾਂ ਉਸਨੂੰ ਬੜਾ ਸਤਿਕਾਰ ਤੇ ਪਿਆਰ ਦਿੱਤਾ। ਉਹ ਸਾਧੂ ਕਹਿਣ ਲੱਗਾ ਮੈਨੂੰ ਰੱਬ ਨੇ ਸੰਤੋਖ ਦਿੱਤਾ ਹੈ। ਤੇ ਕਰਦਿਆਂ ਕਰਦਿਆਂ ਉਹ ਏਥੇ ਤੱਕ ਆ ਗਿਆ ਕਿ ਸਾਧੂ ਲੋਕ ਇਹੀ ਮੰਨਦੇ ਹਨ ਕਿ ਸੰਤ ਰੇਣਦਾਸ ਵਰਗਾ ਸੰਤੋਖੀ ਕੋਈ ਨਹੀਂ। ਕਹਿਣ ਲੱਗਾ ਮੈਂ ਐਸਾ ਸੰਤੋਖੀ ਹਾਂ ਕਿ ਚਾਰ-ਚਾਰ ਦਿਨ ਭੁੱਖਾ ਬੈਠਾ ਰਿਹਾ ਹਾਂ। ਜੇ ਕਿਸੇ ਕੁੱਝ ਦੇ ਦਿੱਤਾ ਤਾਂ ਮੈਂ ਖਾ ਲਿਆ ਨਹੀਂ ਤਾਂ ਬਸ ਸੰਤੋਖ ਕਰਕੇ ਬੈਠਾ ਰਹਿੰਦਾ ਹਾਂ। ਕਦੀ ਕਿਸੇ ਕੋਲੋਂ ਮੰਗਣ ਮੈਂ ਨਹੀਂ ਗਿਆ।

ਸੰਤ ਪ੍ਰੇਮ ਸਿੰਘ ਕਹਿਣ ਲੱਗੇ, ਮਹਾਤਮਾ ਜੀ! ਤੁਸੀਂ ਧੰਨ ਹੋ ਤੁਹਾਡੀ ਧੰਨ ਕਮਾਈ ਹੈ। ਇਹ ਕੰਮ ਸੌਖਾ ਨਹੀਂ ਜੋ ਤੁਸੀਂ ਕਰਦੇ ਹੋ ਤੇ ਫ਼ਕੀਰੀ ਦੀ ਵਿਆਖਿਆ ਜੋ ਤੁਸੀਂ ਕੀਤੀ ਹੈ ਕਿ ਰੋਟੀ ਮਿਲੀ ਤਾਂ ਖਾ ਲਈ ਨਹੀਂ ਤਾਂ ਬੈਠੇ ਰਹੇ। ਚਾਰ

ਦਿਨ ਤੱਕ ਤੁਸੀਂ ਸਬਰ ਕੀਤਾ ਹੈ ਇਹ ਤਾਂ ਕੁੱਤੇ ਵੀ ਕਰ ਲੈਂਦੇ ਹਨ। ਮਾਲਕ ਨੇ ਰੋਟੀ ਦੇ ਦਿੱਤੀ ਤਾਂ ਖਾ ਲਈ ਨਹੀਂ ਤਾਂ ਬੈਠੇ ਰਹੇ। ਕੀ ਸਾਧੂ ਵਿਚ ਤੇ ਕੁੱਤੇ ਵਿਚ ਕੋਈ ਫ਼ਰਕ ਹੋਣਾ ਚਾਹੀਦਾ ਹੈ ਕਿ ਨਹੀਂ। ਕੁੱਤਾ ਮਾਲਕ ਦਾ ਦਰ ਨਹੀਂ ਛੱਡਦਾ, ਸਾਧੂ ਵੀ ਨ ਛੱਡੇ। ਸਾਧੂ ਇਹ ਕਰੇ ਕਿ ਰੋਟੀ ਨਾ ਮਿਲੇ ਤਾਂ ਸਬਰ ਕਰੇ ਜੇ ਮਿਲ ਜਾਏ ਤਾਂ ਵੰਡ ਕੇ ਖਾਏ ਇਹ ਗੱਲ ਤਾਂ ਪੇਟ ਤਕ ਹੈ। ਸਾਧੂ ਦੀ ਗੱਲ ਤਾਂ ਸਿਮਰਨ ਤੋਂ ਸ਼ੁਰੂ ਹੁੰਦੀ ਹੈ ਕਿ ਦੁੱਖ-ਸੁਖ ਵਿਚ ਪਰਮਾਤਮਾ ਦੀ ਸਿਫ਼ਤ ਕਰੇ, ਸਿਮਰਨ ਕਰੇ ਤੇ ਇਕ ਬੀਮਾਰੀ ਤੋਂ ਬਚਿਆ ਰਹੇ ਜੋ ਤੁਹਾਨੂੰ ਲੱਗੀ ਹੈ। ਉਹ ਇਹ ਹੈ ਕਿ ਆਪਣੀ ਸਿਫ਼ਤ ਆਪ ਨਾ ਕਰੇ। ਸਿਫ਼ਤ ਸਿਰਫ਼ ਪਰਮਾਤਮਾ ਦੀ ਹੀ ਕਰੇ।

ਗੋਸ਼ਟੀ ਦੂਜੀ :

ਇਕ ਸਾਧੂ ਆਇਆ ਤਪੀਸਰਾਂ ਦੀ ਗੱਲ ਸ਼ੁਰੂ ਹੋ ਗਈ। ਤੱਪ ਦਾ ਫਲ ਕੀ ਮਿਲਦਾ ਹੈ। ਧੂਣੀਆਂ ਤਪਾਣੀਆਂ ਵਿਚ ਬੈਠ ਜਾਣਾ। ਧੁੱਪੇ ਖੜ੍ਹੇ ਰਹਿਣਾ। ਠੰਢੇ ਪਾਣੀ ਵਿਚ ਖਲੋ ਕੇ ਤੱਪ ਕਰਨਾ। ਕਿਸੇ ਭੋਰੇ ਵਿਚ ਭੁੱਖੇ ਪਿਆਸੇ ਬੈਠ ਕੇ ਤੱਪ ਕਰਨਾ, ਉਹ ਸਾਧੂ ਤੱਪ ਦੀ ਪ੍ਰਸੰਸਾ ਕਰ ਰਿਹਾ ਸੀ। ਕਹਿਣ ਲੱਗਾ ਕਿ ਪੋਹ ਦੇ ਦਿਨਾਂ ਵਿਚ ਜਦੋਂ ਬਹੁਤ ਸਰਦੀ ਹੁੰਦੀ ਹੈ, ਮੈਂ ਸੌ ਗਾਗਰ ਪਾਣੀ ਨਾਲ ਨਹਾਉਂਦਾ ਹਾਂ। ਗਰਮੀ ਵਿਚ ਧੁੱਪੇ ਖੜ੍ਹੇ ਹੋ ਕੇ ਮੈਂ ਤਪ ਕਰਦਾ ਹਾਂ। ਪੰਜ ਧੂਣੀਆਂ ਤਪਾ ਕੇ ਵਿਚ ਬੈਠ ਕੇ ਜਪ ਕਰਦਾ ਹਾਂ। ਸਾਂਰਾ ਦੇਸ਼ ਫਿਰ ਲਿਆ ਹੈ, ਕੋਈ ਹੈ ਮਾਈ ਦਾ ਲਾਲ ਜਿਹੜਾ ਚਾਰ ਦਿਨ ਮੇਰੇ ਨਾਲ ਰਹਿ ਕੇ ਮੇਰੇ ਵਾਂਗੂੰ ਤਪ ਕਰ ਸਕੇ।

ਸੰਤ ਪ੍ਰੇਮ ਸਿੰਘ ਬੋਲੇ ਕਿ ਤਪੀਸਰ ਤੇਰਾ ਤੱਪ ਤਾਂ ਹੀ ਸਫਲ ਹੈ ਜੇ ਹਉਮੈ ਮੁੱਕ ਗਈ ਹੁੰਦੀ। ਹਉਮੈ ਨਾ ਹੁੰਦੀ ਤਾਂ ਤੂੰ ਕੋਈ ਪ੍ਰੇਮ ਪਿਆਰ ਦੀ ਗੱਲ ਕਰਦਾ। ਤਾਂ ਤੈਨੂੰ ਤੱਪ ਦੀ ਸਿਫ਼ਤ ਕਰਨ ਦੀ ਲੋੜ ਨਹੀਂ ਸੀ। ਅਸੀਂ ਆਪੇ ਹੀ ਸਮਝ ਜਾਂਦੇ ਕਿ ਤੇਰਾ ਤਪ ਮਹਾਨ ਹੈ ਪਰ ਤੇਰੇ ਤਪ ਨੇ ਤੇਰਾ ਤਨ ਹੀ ਨਹੀਂ ਤਪਾਇਆ ਸਗੋਂ ਤੇਰਾ ਮਨ ਵੀ ਤਪਾ ਦਿੱਤਾ ਹੈ। ਤੇਰੀ ਘਾਲ ਐਸੀ ਹੈ ਕਿ ਭੋਜਨ ਵੀ ਸੜ ਜਾਏ ਪਤੀਲਾ ਵੀ। ਲੱਕੜੀਆਂ ਵੀ ਬਲ ਜਾਣ ਤੇ ਖਾਣ ਵਾਲਾ ਭੁੱਖਾ ਹੀ ਫੂਕਾਂ ਮਾਰਦਾ ਰਹਿ ਜਾਏ। ਚੁੱਲ੍ਹੇ ਦੀ ਅੱਗ ਵੀ ਬੁੱਝ ਜਾਏ ਤੇ ਅੱਖਾਂ ਵਿਚ ਸਿਰਫ਼ ਸੁਆਹ ਹੀ ਪਵੇ ਤੇ ਧੂੰਆਂ ਹੀ ਨੱਕ ਨੂੰ, ਅੱਖਾਂ ਨੂੰ ਬਰਬਾਦ ਕਰੇ।

ਉਨ੍ਹਾਂ ਕਿਹਾ ਇਕ ਤਪੀਸ਼ਰ ਪੰਜਾਹ ਹਜ਼ਾਰ ਸਾਲ ਇਕ ਸਿਲ੍ਹ ਤੇ ਬੈਠ ਕੇ ਤੱਪ ਕਰਦਾ ਰਿਹਾ। ਅਖ਼ੀਰ ਜਿਵੇਂ ਤਪੀਆਂ ਨੂੰ ਹੁੰਦਾ ਹੈ, ਉਸਨੂੰ ਅਭਿਮਾਨ ਹੋ

ਗਿਆ ਤੇ ਕਹਿਣ ਲੱਗਾ ਮੇਰਾ ਪੰਜਾਹ ਹਜ਼ਾਰ ਸਾਲ ਤੱਪ ਹੋ ਗਿਆ ਹੈ, ਮੇਰੇ ਵਰਗਾ ਕੌਣ ਹੈ। ਸੰਤ ਪ੍ਰੇਮ ਸਿੰਘ ਕਹਿਣ ਲੱਗੇ, ਜਿਸ ਸਿੱਲ੍ਹ ਤੇ ਤਪੀਸਰ ਬੈਠਾ ਸੀ, ਉਸ ਸਿੱਲ੍ਹ ਵਿਚੋਂ ਆਵਾਜ਼ ਆਈ ਕਿ ਹੇ ਪਰਮਾਤਮਾ ਜੇ ਤੇਰੇ ਘਰ ਕੋਈ ਨਿਆਂ ਹੈ ਤਾਂ ਮੇਰਾ ਵੀ ਇਨਸਾਫ਼ ਕਰ। ਮੇਰੇ ਨਾਲ ਇਸ ਤਪੀਸਰ ਨੇ ਬੜਾ ਜ਼ੁਲਮ ਕੀਤਾ ਹੈ। ਮੈਨੂੰ ਨਿਆਂ ਚਾਹੀਦਾ ਹੈ। ਪਰਮਾਤਮਾ ਨੇ ਕਿਹਾ, ਸਿੱਲ੍ਹ, ਦੱਸ ਕੀ ਜ਼ੁਲਮ ਹੋਇਆ ਹੈ, ਮੈਂ ਨਿਆਂ ਕਰਾਂਗਾ। ਸਿੱਲ੍ਹ ਨੇ ਕਿਹਾ, ਇਹ ਪੰਜਾਹ ਹਜ਼ਾਰ ਸਾਲ ਮੇਰੇ ਤੇ ਬੈਠ ਕੇ ਮੈਨੂੰ ਦੁਖੀ ਕਰਦਾ ਰਿਹਾ ਹੈ, ਹੁਣ ਇਹ ਪੰਜਾਹ ਹਜ਼ਾਰ ਸਾਲ ਮੈਨੂੰ ਸਿਰ 'ਤੇ ਚੁੱਕੇ। ਤਪੀਸਰ ਦਾ ਹੰਕਾਰ ਟੁੱਟ ਗਿਆ। ਉਸ ਨੇ ਮੁਆਫ਼ੀ ਮੰਗੀ। ਸੰਤਾਂ ਕਿਹਾ, ਤਪੀਸਰ ਹਉਮੈ ਛੱਡ ਦੇ, ਇਹ ਸਭ ਤੋਂ ਵੱਡਾ ਤੱਪ ਹੈ।

ਗੋਸ਼ਟੀ ਤੀਜੀ :

ਇਕ ਪ੍ਰੇਮੀ ਮਾਤਾ ਨੇ ਇਕ ਵਾਰ ਪੁੱਛਿਆ ਕਿ ਬਾਬਾ ਜੀ ! ਮੈਂ ਤਾਂ ਬਿਲਕੁਲ ਹੀ ਅਨਪੜ੍ਹ ਹਾਂ। ਮੈਨੂੰ ਤਾਂ ਅਪਣਾ ਨਾਂ ਲਿਖਣਾ ਵੀ ਨਹੀਂ ਆਉਂਦਾ। ਕੀ ਮੈਂ ਵੀ ਰੱਬ ਦਾ ਨਾਂ ਲੈ ਸਕਦੀ ਹਾਂ। ਸੋਚਦੀ ਹਾਂ ਕਿ ਕੋਈ ਗ਼ਲਤੀ ਨਾ ਹੋ ਜਾਵੇ। ਫਿਰ ਜੇ ਮੈਂ ਰੱਬ ਦਾ ਨਾਂ ਲੈ ਵੀ ਲਵਾਂ ਤਾਂ ਕੀ ਰੱਬ ਨੂੰ ਪਤਾ ਲੱਗ ਜਾਂਦਾ ਹੈ ਕਿ ਕੌਣ ਮੇਰਾ ਨਾਂ ਲੈਂਦਾ ਹੈ।

ਪ੍ਰਸ਼ਨ ਇਹ ਇਕ ਅਨਪੜ੍ਹ ਮਾਈ ਦਾ ਹੈ ਪਰ ਹਿਰਦਿਉਂ ਨਿਕਲਿਆ ਹੈ। ਉਧਾਰ ਪ੍ਰਸ਼ਨ ਨਹੀਂ। ਪੜ੍ਹਿਆਂ-ਲਿਖਿਆਂ ਦੇ ਜ਼ਿਆਦਾਤਰ ਪ੍ਰਸ਼ਨ ਪੜ੍ਹੇ-ਸੁਣੇ ਹੀ ਹੁੰਦੇ ਹਨ, ਉਧਾਰ ਹੁੰਦੇ ਹਨ। ਸੰਤ ਪ੍ਰੇਮ ਸਿੰਘ ਕਹਿਣ ਲੱਗੇ, ਮਾਤਾ ਜੀ ਪ੍ਰਸ਼ਨ ਤੁਹਾਡਾ ਬੜਾ ਕਮਾਲ ਹੈ। ਪਹਿਲੀ ਗੱਲ ਰੱਬ ਦਾ ਨਾਂ ਗ਼ਲਤ ਹੁੰਦਾ ਹੀ ਨਹੀਂ ਤੁਸੀਂ ਹਿਰਦਿਉਂ ਕੋਈ ਵੀ ਨਾਂ ਲਉ ਰੱਬ ਨੂੰ ਉਹ ਪ੍ਰਵਾਨ ਹੁੰਦਾ ਹੈ। ਉਹ ਨਿਰੇ ਅੱਖਰ ਜਾਂ ਸ਼ਬਦ ਹੀ ਨਹੀਂ ਵੇਖਦਾ ਉਹ ਤਾਂ ਭਾਵਨਾ ਵੇਖਦਾ ਹੈ। ਤੁਸੀਂ ਵਾਹਿਗੁਰੂ ਤਾਂ ਆਖ ਹੀ ਲੈਂਦੇ ਹੋ ਆਖੀ ਜਾਉ ਪਰਮਾਤਮਾ ਪ੍ਰਵਾਨ ਕਰੇਗਾ।

ਬਾਕੀ ਜੋ ਇਹ ਖ਼ਿਆਲ ਹੈ ਕਿ ਪਰਮਾਤਮਾ ਨੂੰ ਪਤਾ ਲੱਗ ਜਾਂਦਾ ਹੈ ਕਿ ਅਸੀਂ ਉਸਦਾ ਨਾਂ ਲੈ ਰਹੇ ਹਾਂ। ਸੰਤਾਂ ਕਿਹਾ ਜੇ ਤੁਸੀਂ ਧਿਆਨ ਨਾਲ ਪਿਆਰ ਨਾਲ ਜਪਦੇ ਹੋ ਸਾਨੂੰ ਪਤਾ ਹੋਵੇ ਕਿ ਅਸੀਂ ਪਿਆਰ ਨਾਲ ਉਸਦਾ ਨਾਂ ਲੈ ਰਹੇ ਹਾਂ ਫਿਰ ਤ੍ਹਾਂ ਪਰਮਾਤਮਾ ਨੂੰ ਵੀ ਪਤਾ ਹੋਵੇਗਾ। ਤੇ ਜੇ ਅਸੀਂ ਬੇਹੋਸ਼ੀ ਵਿਚ ਹੀ ਪਾਠ ਕਰੀ ਜਾਈਏ ਸਾਨੂੰ ਖ਼ੁਦ ਨੂੰ ਹੀ ਧਿਆਨ ਨਹੀਂ ਤਾਂ ਫਿਰ ਰੱਬ ਨੂੰ ਸਾਡੇ ਵੱਲ ਧਿਆਨ ਦੇਣ ਦੀ ਕੀ ਲੋੜ ਹੈ। ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ

ਹਨ। ਇਸ ਸੰਬੰਧ ਵਿਚ ਉਨ੍ਹਾਂ ਇਕ ਕਥਾ ਕਹੀ ਸੀ :

ਇਕ ਸੇਠ ਨੇ ਸੌ ਮਨ ਚੰਦਨ ਖ਼ਰੀਦ ਲਿਆ ਤੇ ਉਹ ਚੰਦਨ ਵਿਕੇ ਨਾ, ਸੇਠ ਚਿੰਤਾ ਵਿਚ ਸੀ। ਇਕ ਦਿਨ ਧਿਆਨ ਆਇਆ ਕਿ ਜੇ ਰਾਜਾ ਮਰ ਜਾਏ ਤਾਂ ਸਸਕਾਰ ਲਈ ਚੰਦਨ ਵਿਕ ਜਾਏਗਾ। ਰੋਜ਼ ਇਹ ਧਿਆਨ ਆਵੇ ਕਿ ਹੇ ਪਰਮਾਤਮਾ ਰਾਜਾ ਛੇਤੀ ਮਰੇ। ਰਾਜਾ ਇਕ ਦਿਨ ਰੱਥ ਤੇ ਅਸਵਾਰ ਹੋ ਕੇ ਬਾਹਰ ਜਾ ਰਿਹਾ ਸੀ। ਸੇਠ ਦੀ ਹਵੇਲੀ ਨਜ਼ਰ ਪਈ। ਵਜ਼ੀਰ ਨੂੰ ਕਹਿਣ ਲੱਗਾ, ਵਜ਼ੀਰ ਇਹ ਹਵੇਲੀ ਮੈਨੂੰ ਚੰਗੀ ਨਹੀਂ ਲੱਗਦੀ, ਇਹ ਹਵੇਲੀ ਢਾਹ ਦੇ। ਵਜ਼ੀਰ ਹੈਰਾਨ ਹੋਇਆ। ਉਹ ਸੇਠ ਕੋਲ ਗਿਆ ਤੇ ਕਹਿਣ ਲੱਗਾ, ਸੱਚ ਦੱਸਦੇ ਨਹੀਂ ਤਾਂ ਤੇਰਾ ਘਰ ਉਜੜ ਜਾਵੇਗਾ। ਤੂੰ ਰਾਜੇ ਦਾ ਬੁਰਾ ਤੇ ਨਹੀਂ ਚਿਤਵਿਆ। ਰਾਜਾ ਤੇਰੀ ਹਵੇਲੀ ਢਾਹੁਣ ਦਾ ਹੁਕਮ ਦੇ ਰਿਹਾ ਹੈ। ਸੇਠ ਨੇ ਸੱਚ ਦੱਸ ਦਿੱਤਾ ਕਿ ਮੈਂ ਸੋਚਦਾ ਸਾਂ ਕਿ ਰਾਜਾ ਮਰ ਜਾਵੇ ਤੇ ਮੇਰਾ ਚੰਦਨ ਵਿਕ ਜਾਵੇ। ਸੇਠ ਦਾ ਚੰਦਨ ਵਜ਼ੀਰ ਨੇ ਖ਼ਰੀਦ ਲਿਆ ਸੇਠ ਦਾ ਸੰਕਲਪ ਮੁੱਕ ਗਿਆ।

ਦੂਸਰੇ ਦਿਨ ਰਾਜਾ ਬਾਹਰ ਨਿਕਲਿਆ ਤੇ ਕਹਿਣ ਲੱਗਾ ਕਿ ਵਜ਼ੀਰ ਇਹ ਹਵੇਲੀ ਨਹੀਂ ਢਾਹੁਣੀ ਰਹਿਣ ਦੇ ਇਹ ਹੱਛੀ ਲਗਦੀ ਹੈ। ਸੰਤਾਂ ਕਿਹਾ ਜੇ ਦਿਲਾਂ ਨੂੰ ਦਿਲਾਂ ਦੇ ਰਾਹ ਹਨ ਫਿਰ ਤਾਂ ਜੋ ਅਸੀਂ ਦਿਲੋਂ ਕਰਦੇ ਹਾਂ ਪਰਮਾਤਮਾ ਨੂੰ ਪਤਾ ਹੈ ਅਤੇ ਸਾਡੇ ਹਰ ਕਰਮ ਦਾ ਪਤਾ ਹੈ ਉਨ੍ਹਾਂ ਨੇ ਇਸ ਸੰਬੰਧ ਵਿਚ ਇਕ ਗੱਲ ਹੋਰ ਸੁਣਾਈ ਸੀ।

ਇਕ ਫ਼ਕੀਰ ਸਵੇਰੇ ਉਠਿਆ ਅਤੇ ਮਿੱਤ੍ਰਾਂ ਨੂੰ ਕਹਿਣ ਲੱਗਾ ਕਿ ਰਾਤੀਂ ਮੈਨੂੰ ਪਰਮਾਤਮਾ ਨੇ ਬਹੁਤ ਹੀ ਯਾਦ ਕੀਤਾ ਹੈ। ਫ਼ਕੀਰਾਂ ਮਿੱਤ੍ਰਾਂ ਨੇ ਪੁੱਛਿਆ ਕਿ ਤੈਨੂੰ ਕਿਵੇਂ ਪਤਾ ਹੈ ਕਿ ਪਰਮਾਤਮਾ ਨੇ ਤੈਨੂੰ ਯਾਦ ਕੀਤਾ ਹੈ। ਕਹਿਣ ਲੱਗਾ ਤੁਹਾਨੂੰ ਪਤਾ ਹੈ ਕਿ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ। ਫ਼ਕੀਰ ਕਹਿਣ ਲੱਗੇ ਕਿ ਇਹ ਤਾਂ ਮੰਨਦੇ ਹਾਂ ਕਿ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ ਅਤੇ ਜਿਸਨੂੰ ਯਾਦ ਕਰੀਏ ਉਹ ਵੀ ਯਾਦ ਕਰਦਾ ਹੈ।

ਫ਼ਕੀਰ ਨੇ ਕਿਹਾ ਫਿਰ ਤੁਹਾਨੂੰ ਤੁਹਾਡੇ ਪ੍ਰਸ਼ਨ ਦਾ ਉੱਤਰ ਮਿਲ ਗਿਆ ਹੈ। ਮੈਨੂੰ ਸਾਰੀ ਰਾਤ ਪਰਮਾਤਮਾ ਦੀ ਯਾਦ ਆਈ ਹੈ। ਤੇ ਮੈਂ ਸੋਚਦਾ ਹਾਂ ਕਿ ਮੈਨੂੰ ਯਾਦ ਤਾਂ ਹੀ ਆਈ ਹੈ ਮੈਨੂੰ ਸਾਰੀ ਰਾਤ ਪਰਮਾਤਮਾ ਯਾਦ ਕਰਦਾ ਰਿਹਾ ਹੈ।

ਸੰਤ ਪ੍ਰੇਮ ਸਿੰਘ ਹੋਰਾਂ ਕਿਹਾ। ਮਾਤਾ ਸਾਨੂੰ ਰੱਬ ਦੇ ਪਿਆਰ ਦਾ ਜੋ ਖਿਆਲ ਆਉਂਦਾ ਹੈ ਇਹ ਪਰਮਾਤਮਾ ਭੇਜਦਾ ਹੈ। ਉਹ ਸਾਨੂੰ ਪਿਆਰ ਕਰਦਾ ਹੈ। ਅਸੀਂ ਉਸਨੂੰ ਪਿਆਰ ਕਰਦੇ ਹਾਂ। ਉਹ ਸਾਡਾ ਸਿਮਰਨ ਕਰਦਾ ਹੈ। ਅਸੀਂ ਤਾਂ ਹੀ

ਉਸਦਾ ਸਿਮਰਨ ਕਰਦੇ ਹਾਂ। ਇਸ ਲਈ ਤੁਸੀਂ ਹਰ ਵੇਲੇ ਹਰ ਹਾਲਤ ਵਿਚ ਪਰਮਾਤਮਾ ਨੂੰ ਯਾਦ ਕਰੋ ਤੇ ਨਾਲ ਇਹ ਵੀ ਧਿਆਨ ਰੱਖੋ ਕਿ ਤੁਸੀਂ ਇਕੱਲੇ ਹੀ ਰੱਬ ਨੂੰ ਯਾਦ ਨਹੀਂ ਕਰ ਰਹੇ ਉਹ ਪਰਮਾਤਮਾ ਵੀ ਤੁਹਾਨੂੰ ਯਾਦ ਕਰ ਰਿਹਾ ਹੈ।

ਗੋਸ਼ਟੀ ਚੌਥੀ :

ਇਕ ਦਿਨ ਇਕ ਸੱਜਣ ਜਿਸ ਦਾ ਨਾਂ ਤਾਰਾ ਸਿੰਘ ਸੀ, ਸੰਤਾਂ ਨੂੰ ਕਹਿਣ ਲੱਗਾ, ਬਾਬਾ ਜੀ ਦੁਨੀਆਂ ਗਰਕਣ ਤੇ ਆ ਗਈ ਹੈ। ਜ਼ਮਾਨਾ ਵਿਗੜ ਗਿਆ ਹੈ। ਹੁਣ ਇਸ ਦੁਨੀਆਂ ਦਾ ਕੀ ਬਣੇਗਾ ? ਸੰਤ ਪ੍ਰੇਮ ਸਿੰਘ ਕਹਿਣ ਲੱਗੇ, ਭਾਈ ਜੋ ਤੂੰ ਕਿਹਾ ਹੈ ਫਿਰ ਇਕ ਵਾਰ ਹੋਸ਼ ਨਾਲ ਆਖ । ਤੂੰ ਕਿਹਾ ਹੈ ਸਾਰੀ ਦੁਨੀਆਂ ਵਿਗੜ ਗਈ ਹੈ, ਕੀ ਸਾਰਾ ਜ਼ਮਾਨਾ ਵਿਗੜ ਗਿਆ ਹੈ ? ਫਿਰ ਮੈਂ ਵੀ ਦੁਨੀਆਂ ਦੇ ਵਿਚ ਹਾਂ ਅਤੇ ਤੂੰ ਵੀ ਦੁਨੀਆਂ ਦੇ ਵਿਚ ਹੈਂ। ਕੀ ਤੂੰ ਇਹ ਮੰਨਣ ਵਾਸਤੇ ਤਿਆਰ ਹੈਂ ਕਿ ਤੂੰ ਵੀ ਵਿਗੜ ਗਿਆ ਹੈਂ ਅਤੇ ਤੂੰ ਗਰਕਣ ਤੇ ਆ ਗਿਆ ਹੈਂ। ਉਹ ਸੱਜਣ ਹੈਰਾਨ ਹੋ ਕੇ ਵੇਖਣ ਲੱਗ ਪਿਆ। ਸੰਤਾਂ ਨੇ ਕਿਹਾ ਅੱਜ ਸੰਸਾਰ ਵਿਚ ਬੜੇ ਭਜਨੀਕ ਪੁਰਸ਼ ਵੀ ਹਨ। ਬੜੇ ਪਰਉਪਕਾਰੀ ਵੀ ਹਨ।

ਮਨੁੱਖ ਦੀ ਦ੍ਰਿਸ਼ਟੀ ਏਨੀ ਬੁਰੀ ਹੋ ਗਈ ਹੈ ਕਿ ਬੁਰਾ ਹੀ ਬੁਰਾ ਨਜ਼ਰ ਆਉਂਦਾ ਹੈ। ਜੇ ਇਸ ਨੂੰ ਭਲਾਈ ਨਜ਼ਰ ਆ ਜਾਵੇ, ਤਾਂ ਇਹੀ ਮਨੁੱਖ ਆਖੇਗਾ, ਬਾਬਾ ਜੀ ਸੰਸਾਰ ਤੇ ਇੰਨੇ ਧਾਰਮਿਕ ਗ੍ਰੰਥ ਹਨ, ਏਨੇ ਧਾਰਮਿਕ ਅਸਥਾਨ ਹਨ, ਏਨੇ ਮਹਾਂਪੁਰਖ ਹਨ, ਹੁਣ ਸੰਸਾਰ ਨੂੰ ਕੋਈ ਖ਼ਤਰਾ ਨਹੀਂ, ਹੁਣ ਬੰਦਾ ਜ਼ਰੂਰ ਤਰ ਜਾਵੇਗਾ। ਪਰ ਸਾਨੂੰ ਫੁੱਲ ਤਾਂ ਨਜ਼ਰ ਨਹੀਂ ਆਉਂਦੇ, ਸਾਨੂੰ ਕੰਢੇ ਹੀ ਨਜ਼ਰ ਆਉਂਦੇ ਹਨ। ਉਨ੍ਹਾਂ ਨੇ ਇਸ ਪ੍ਰਥਾਏ ਇਕ ਸਿਧਾਂਤ ਦਿੱਤਾ ਹੈ—

ਇਕ ਕਾਲਾ ਨੀਗਰੋ ਨਦੀ ਦੇ ਕਿਨਾਰੇ ਬੈਠਾ ਸੀ। ਉਸਦੇ ਕੋਲ ਦੋ ਬੋਤਲਾਂ ਭਰੀਆਂ ਸਨ। ਇਕ ਔਰਤ ਕੋਲ ਬੈਠੀ ਹੈ ਅਤੇ ਇਹ ਸਮੁੰਦਰ ਦੇ ਕਿਨਾਰੇ ਬੈਠੇ ਹਨ। ਇਕ ਸੱਜਣ ਆਇਆ ਉਸਨੇ ਵੇਖਿਆ ਤੇ ਕਹਿਣ ਲੱਗਾ, ਹੇ ਪਰਮਾਤਮਾ ਕਿਸ ਕੁਕਰਮੀ ਤੇ ਦੁਸ਼ਟ ਦੇ ਮੱਥੇ ਲਗਾ ਦਿੱਤਾ ਹੈ, ਕਿਸੇ ਭਲੇ ਦੇ ਮੱਥੇ ਲਗਾਉਣਾ ਸੀ। ਏਨੇ ਚਿਰ ਨੂੰ ਵੇਖਿਆ ਕਿ ਇਕ ਬੱਚਾ ਡੁੱਬ ਰਿਹਾ ਹੈ, ਲੋਕ ਰੌਲਾ ਪਾ ਰਹੇ ਹਨ। ਉਸ ਨੀਗਰੋ ਨੇ ਦੌੜ ਕੇ ਉਸ ਬੱਚੇ ਨੂੰ ਪਾਣੀ ਵਿਚੋਂ ਬਾਹਰ ਕੱਢ ਲਿਆ। ਉਹ ਪ੍ਰਹੇਜ਼ਗਾਰ ਸੱਜਣ ਤਾਂ ਹੈਰਾਨ ਹੋ ਗਿਆ ਤੇ ਕਹਿਣ ਲੱਗਾ ਤੂੰ ਤਾਂ ਇਕ ਕੁਕਰਮੀ ਬੰਦਾ ਹੈਂ, ਤੂੰ ਏਨਾ ਭਲਾ ਕੰਮ ਕਿਵੇਂ ਕੀਤਾ ਹੈ ? ਉਸ ਨੀਗਰੋ ਨੇ ਕਿਹਾ, ਕਿਹੜਾ ਕੁਕਰਮ ? ਉਹ ਕਹਿਣ ਲੱਗਾ ਇਹ ਸ਼ਰਾਬ ਇਹ ਔਰਤ। ਨੀਗਰੋ ਨੇ ਕਿਹਾ, ਤੇਰੀ ਵੇਖਣ ਦੀ ਭੁੱਲ ਹੈ, ਸ਼ਰਾਬ ਨਹੀਂ ਇਹ ਪਾਣੀ ਹੈ।

ਇਹ ਔਰਤ ਮੇਰੀ ਵੱਡੀ ਭੈਣ ਹੈ। ਨਾਲ ਮੇਰੀ ਮਾਂ ਵੀ ਹੈ ਜੋ ਕੁੱਝ ਲੈਣ ਵਾਸਤੇ ਗਈ ਹੈ। ਭਾਈ ਤੂੰ ਆਪਣੀ ਦ੍ਰਿਸ਼ਟੀ ਠੀਕ ਕਰ। ਉਸ ਸੱਜਣ ਨੇ ਮੁਆਫ਼ੀ ਮੰਗੀ ਸੀ। ਸੰਤ ਕਹਿਣ ਲੱਗੇ ਜ਼ਮਾਨੇ ਨੂੰ ਬੁਰਾ ਕਹਿਣ ਦੀ ਬਜਾਏ ਪਹਿਲਾਂ ਆਪਣੀ ਦ੍ਰਿਸ਼ਟੀ ਵੇਖੋ ਕਿਤੇ ਇਹ ਤਾਂ ਨਹੀਂ ਵਿਗੜੀ ਹੋਈ।

ਗੋਸ਼ਟੀ ਪੰਜਵੀਂ :

ਇਕ ਸੱਜਣ ਨੇ ਇਕ ਵਾਰ ਪੁੱਛਿਆ ਸੀ, ਬਾਬਾ ਜੀ ਕਰਮ ਫਲ ਕਿਉਂ ਹੈ। ਕਰਮਾਂ ਦਾ ਫਲ ਨਾ ਭੋਗਣਾ ਪੈਂਦਾ ਤਾਂ ਮਨੁੱਖ ਕਿੰਨਾ ਸੁਤੰਤਰ ਤੇ ਸੁਖੀ ਹੁੰਦਾ। ਦੂਸਰਾ ਦੁੱਖ ਕਿਉਂ ਹਨ ? ਇਹ ਨਾ ਹੁੰਦੇ ਤਾਂ ਬੰਦਾ ਬੜਾ ਸੁਖੀ ਹੁੰਦਾ।

ਸੰਤਾਂ ਨੇ ਇਕ ਬੜੀ ਸੁੰਦਰ ਗੱਲ ਕਹੀ ਸੀ ਕਿ ਅਸੀਂ ਜਿੰਨੇ ਪ੍ਰਸ਼ਨ ਕਰਦੇ ਹਾਂ ਉਨ੍ਹਾਂ ਬਾਰੇ ਅਸੀਂ ਸੁਚੇਤ ਨਹੀਂ ਅਸੀਂ ਉਨ੍ਹਾਂ ਪ੍ਰਸ਼ਨਾਂ ਬਾਰੇ ਸਪੱਸ਼ਟ ਨਹੀਂ, ਅਸੀਂ ਬੇਹੋਸ਼ੀ ਵਿਚ ਹੀ ਪ੍ਰਸ਼ਨ ਕਰਦੇ ਹਾਂ ਅਤੇ ਉੱਤਰ ਦੇਣ ਵਾਲੇ ਵੀ ਉਹੋ ਜਿਹੇ ਲਾਲ ਬੁਝੱਕੜ ਮਿਲ ਜਾਂਦੇ ਹਨ। ਕਿਸੇ ਥਾਂ ਕੁੱਝ ਬੰਦੇ ਕੋਹਲੂ ਛੱਡ ਗਏ, ਰਾਤ ਪੈ ਗਈ ਸੀ। ਉਨ੍ਹਾਂ ਸੋਚਿਆ, ਸਵੇਰੇ ਆ ਕੇ ਲੈ ਜਾਵਾਂਗੇ। ਹੁਣ ਥੱਕ ਗਏ ਹਾਂ। ਲੋਕਾਂ ਸਵੇਰੇ ਵੇਖਿਆ ਤੇ ਬਾਬੇ ਲਾਲ ਬੁਝੱਕੜ ਕੋਲ ਗਏ ਕਿ ਬਾਬਾ ਜੀ ਵੇਖਿਉ ਭਲਾ ਇਹ ਕੀ ਚੀਜ਼ ਹੈ। ਲਾਲ ਬੁਝੱਕੜ ਹੱਸਿਆ ਤੇ ਕਹਿਣ ਲੱਗਾ, "ਮੂਰਖੋ! ਤੁਹਾਨੂੰ ਏਨੀ ਵੀ ਅਕਲ ਨਹੀਂ, ਮੇਰੇ ਪਿੱਛੋਂ ਕੀ ਕਰੋਗੇ ? ਇਹ ਰੱਬ ਰਾਤ ਨੂੰ ਏਥੋਂ ਲੰਘਿਆ ਹੈ ਤੇ ਉਸ ਦੀ ਸੁਰਮੇਦਾਨੀ ਡਿੱਗ ਪਈ ਹੈ।"

ਸੰਤਾਂ ਕਿਹਾ ਤੂੰ ਕਿਹਾ ਹੈ ਕਰਮ ਫਲ ਨਾ ਹੁੰਦਾ ਤਾਂ ਬੰਦਾ ਸੁਖੀ ਹੁੰਦਾ। ਕੀ ਤੈਨੂੰ ਅੱਜ ਦਿਹਾੜੀ ਤੇ ਲਗਾ ਦੇਈਏ ਸ਼ਾਮ ਨੂੰ ਮਜ਼ਦੂਰੀ ਮੰਗੇਂਗਾ ਕਿ ਨਹੀਂ। ਕਹਿਣ ਲੱਗਾ ਜ਼ਰੂਰ ਮੰਗਾਂਗਾ। ਸੰਤ ਕਹਿਣ ਲੱਗੇ, ਫਿਰ ਕਰਮ ਫਲ ਤਾਂ ਤੂੰ ਚਾਹੁੰਦਾ ਹੈਂ। ਐਸਾ ਵੀ ਚਾਹੁੰਦਾ ਹੈਂ ਕਿ ਕੰਮ ਬਿਲਕੁਲ ਹੀ ਨਾ ਕਰਾਂ, ਮਜ਼ਦੂਰੀ (ਤਨਖਾਹ) ਤਾਂ ਵੀ ਮਿਲ ਜਾਵੇ। ਅਸਲ ਵਿਚ ਤੂੰ ਫਲ ਛੱਡਣ ਲਈ ਤਿਆਰ ਨਹੀਂ, ਤੂੰ ਫਲ ਚਾਹੁੰਦਾ ਹੈਂ ਅਤੇ ਸੁਖਦਾਈ ਚਾਹੁੰਦਾ ਹੈਂ। ਤੂੰ ਚਾਹੁੰਦਾ ਹੈਂ ਕਿੱਕਰਾਂ ਨੂੰ ਅੰਗੂਰ ਲਗ ਜਾਣ। ਕਰਮ ਫਲ ਅਵੱਸ਼ ਹੀ ਮਿਲੇਗਾ ਕਰਮ ਜਾਣੇ ਵਿਚ ਹੋਣ ਜਾਂ ਅਨਜਾਣੇ ਵਿਚ ਹੋਣ, ਅਚੇਤ ਹੋਣ ਜਾਂ ਸੁਚੇਤ ਹੋਣ।

ਜ਼ਹਿਰ ਜਾਣਦਾ ਹੋਇਆ ਖਾਵੇਂ ਤਾਂ ਵੀ ਮਰੇਂਗਾ, ਭੁਲੇਖੇ ਨਾਲ ਖਾਵੇਂ ਤਾਂ ਵੀ ਮਰੇਂਗਾ। ਔਸ਼ਧੀ ਜਾਣਕੇ ਸਮਝ ਕੇ ਖਾਵੇਂ ਤਾਂ ਵੀ ਅਸਰ ਕਰੇਗਾ। ਤੂੰ ਅਣਜਾਣੇ ਖਾਵੇਂ ਤਾਂ ਵੀ ਅਸਰ ਕਰੇਗਾ। ਬੇਹੋਸ਼ ਬੰਦੇ ਨੂੰ ਟੀਕਾ ਲਗਦਾ ਹੈ ਤਾਂ ਵੀ ਅਸਰ ਕਰਦਾ ਹੈ। ਕਰਮ ਫਲ ਤੂੰ ਛੱਡ ਨਹੀਂ ਸਕਦਾ, ਫਿਰ ਕਰਮ ਸੁਚੇਤ

ਹੋ ਕੇ ਕਰ, ਬੀਜਣ ਲੱਗਿਆਂ ਧਿਆਨ ਨਾਲ ਬੀਜ, ਤਾਂਕਿ ਵੱਢਣ ਲੱਗਿਆਂ ਪਛਤਾਉਣਾ ਨਾ ਪਵੇ।

ਬਾਕੀ ਤੂੰ ਕਹਿ ਰਿਹਾ ਹੈਂ ਦੁੱਖ-ਸੁਖ ਨਾ ਹੁੰਦੇ ਤਾਂ ਬੰਦਾ ਬੜਾ ਸੁਖੀ ਰਹਿੰਦਾ। ਜੇ ਦੁੱਖ ਵੀ ਨਾ ਹੁੰਦਾ ਫਿਰ ਸੁਖ ਵੀ ਨਾ ਹੁੰਦਾ ਤਾਂ ਬੰਦਾ ਸੁਖੀ ਕਿਵੇਂ ਰਹਿੰਦਾ। ਅਸਲ ਵਿਚ ਅਸੀਂ ਇਹ ਕਦੀ ਨਹੀਂ ਕਹਿੰਦੇ ਕਿ ਸੁਖ ਕਿਉਂ ਹੈ। ਅਸੀਂ ਕਹਿੰਦੇ ਹਾਂ ਦੁੱਖ ਕਿਉਂ ਹੈ।

ਦੁੱਖ-ਸੁਖ ਸਾਨੂੰ ਸੁਚੇਤ ਕਰਨ ਵਾਸਤੇ ਹਨ। ਜਿੱਥੇ ਚੇਤਨਾ ਨਹੀਂ, ਉੱਥੇ ਨਾ ਦੁੱਖ ਹੈ ਨਾ ਸੁਖ ਹੈ। ਇਕ ਮੁਰਦੇ ਲਈ ਨਾ ਦੁੱਖ ਹੈ, ਨਾ ਸੁਖ ਹੈ। ਨਿਰਾ ਦੁੱਖ ਹੀ ਹੁੰਦਾ ਤਾਂ ਬਹੁਤੇ ਦੁੱਖ ਵਿਚ ਵੀ ਬੰਦਾ ਬੇਹੋਸ਼ ਹੋ ਜਾਂਦਾ ਹੈ। ਨਿਰਾ ਸੁਖ ਹੀ ਹੋਵੇ ਤਾਂ ਸੁਖ ਵਿਚ ਵੀ ਬੰਦਾ ਬੇਹੋਸ਼ ਹੋ ਜਾਂਦਾ ਹੈ। ਜੇ ਕਦੀ ਸੁਖ ਕਦੀ ਦੁੱਖ ਆਉਂਦਾ ਰਹੇ ਤਾਂ ਮਨੁੱਖ ਸੁਚੇਤ ਰਹਿੰਦਾ ਹੈ। ਏਹੀ ਕਾਰਨ ਹੈ ਕਿ ਭਾਵੇਂ ਕੋਈ ਰਾਜਾ ਹੋਵੇ ਭਾਵੇਂ ਕੰਗਾਲ ਹੋਵੇ, ਦੁੱਖ ਤੇ ਸੁਖ ਆਉਂਦੇ ਹਨ ਤਾਂਕਿ ਅਸੀਂ ਸੌਂ ਨਾ ਜਾਈਏ, ਅਸੀਂ ਸੁਚੇਤ ਹੋ ਕੇ ਮਨੁੱਖਾ ਜਨਮ ਸਫਲ ਕਰ ਸਕੀਏ।

ਆਪਣੇ ਕਰਮਾਂ ਪ੍ਰਤੀ ਸੁਚੇਤ ਹੋ ਸਕੀਏ। ਕਰਮ ਫਲ ਦੁੱਖ-ਸੁਖ ਪਹਿਰੇਦਾਰ ਹਨ ਜੋ ਸਾਨੂੰ ਸਦਾ ਲਈ ਜਗਾਉਂਦੇ ਰਹਿੰਦੇ ਹਨ।

10

ਪਾਕਿਸਤਾਨ ਬਣਨ ਤੋਂ ਬਾਅਦ

ਸੰਨ 1947 ਵਿਚ ਦੇਸ਼ ਵੰਡ ਹੋਈ। ਅਨੇਕਾਂ ਲੋਕ ਘਰੋਂ ਬੇਘਰ ਹੋਏ। ਅਨੇਕਾਂ ਪਰਿਵਾਰ ਵਿਛੜੇ, ਭੈਣਾਂ ਤੋਂ ਵੀਰ ਵਿਛੜ ਗਏ। ਸੋਹਾਗਣਾਂ ਪਤੀਆਂ ਦੇ ਹੁੰਦਿਆਂ ਹੀ ਪਤੀਆਂ ਤੋਂ ਵਿਛੜ ਗਈਆਂ। ਅਨੇਕਾਂ ਬੱਚੇ ਯਤੀਮ ਹੋ ਗਏ। ਜ਼ੁਲਮ ਤੇ ਬੇਸ਼ਰਮੀ ਦਾ ਨੰਗਾ ਨਾਚ ਜਿਨ੍ਹਾਂ ਪੰਜਾਬ ਵਾਸੀਆਂ ਨੇ ਵੇਖਿਆ ਅੱਜ ਵੀ ਯਾਦ ਕਰਕੇ ਉਨ੍ਹਾਂ ਦਾ ਦਿਲ ਕੰਬ ਜਾਂਦਾ ਹੈ। ਅੱਧਾ ਪੰਜਾਬ ਪਾਕਿਸਤਾਨ ਵਿਚ ਚਲਾ ਗਿਆ ਅਤੇ ਅੱਧਾ ਭਾਰਤ ਵਿਚ ਆ ਗਿਆ।

ਸੰਤ ਪ੍ਰੇਮ ਸਿੰਘ ਜੀ ਨੂੰ ਵੀ ਮੁਰਾਲਾ ਡੇਰਾ ਛੱਡਣਾ ਪਿਆ। ਉਸ ਵਕਤ ਹਿੰਦੂ ਤੇ ਮੁਸਲਮਾਨ ਇਕ ਦੂਸਰੇ ਦੇ ਖ਼ੂਨ ਦੇ ਪਿਆਸੇ ਸਨ। ਕਿਸੇ ਦਾ ਘਰੋਂ ਬਾਹਰ ਨਿਕਲਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਪੰਜਾਬ ਵਿਚ ਮੁਸਲਮਾਨਾਂ ਨੂੰ ਖ਼ਤਰਾ ਸੀ ਅਤੇ ਪਾਕਿਸਤਾਨ ਵਿਚ ਹਿੰਦੂ-ਸਿੱਖਾਂ ਨੂੰ ਖ਼ਤਰਾ ਸੀ।

ਮੈਂ ਇਕ ਚਿੜੀਆਘਰ ਵੇਖਿਆ ਸੀ। ਉਸ ਚਿੜੀਆਘਰ ਵਿਚ ਬੜੇ-ਬੜੇ ਖ਼ਤਰਨਾਕ ਜਾਨਵਰ ਸਨ। ਸੱਪਾਂ ਬਾਰੇ ਲਿਖਿਆ ਸੀ ਬਹੁਤ ਜ਼ਹਿਰੀਲੇ ਤੇ ਖ਼ਤਰਨਾਕ ਸੱਪ ਸਨ। ਸ਼ੇਰਾਂ ਬਾਰੇ ਲਿਖਿਆ ਸੀ ਸਾਵਧਾਨ। ਇਹ ਬੜਾ ਹੀ ਖ਼ਤਰਨਾਕ ਸ਼ੇਰ ਹੈ। ਹੋਰ ਚਿੱਤਰੇ ਸਨ, ਰਿੱਛ ਸਨ ਅਤੇ ਬਘਿਆੜ ਸਨ। ਸਭ ਦੇ ਬਾਰੇ ਲਿਖਿਆ ਸੀ ਇਹ ਖ਼ਤਰਨਾਕ ਜਾਨਵਰ ਹਨ। ਅਤੇ ਸਭ ਤੋਂ ਅਖ਼ੀਰ ਜਿੱਥੋਂ ਲੋਕਾਂ ਬਾਹਰ ਨਿਕਲਣਾ ਸੀ ਛੋਟਾ ਜਿਹਾ ਕਮਰਾ ਸੀ, ਬਾਹਰ ਲਿਖਿਆ ਸੀ ਸਭ ਤੋਂ ਖ਼ਤਰਨਾਕ ਜਾਨਵਰ। ਜਾਣ ਵਾਲਾ ਬੰਦਾ ਹੈਰਾਨ ਹੋ ਜਾਂਦਾ ਸੀ ਕਿ ਉੱਥੇ ਕੋਈ ਜਾਨਵਰ ਨਹੀਂ ਸੀ ਉੱਥੇ ਇਕ ਆਦਮ ਕੱਦ ਸ਼ੀਸ਼ਾ ਸੀ। ਅਤੇ ਬੰਦੇ ਨੂੰ ਉਸ ਵਿਚੋਂ ਸਿਰਫ਼ ਆਪਣਾ ਸਿਰ ਮੂੰਹ ਨਜ਼ਰ ਆਉਂਦਾ ਸੀ। ਇਸ ਮਜ਼ਾਕ ਦਾ ਬਾਅਦ ਵਿਚ ਪਤਾ ਲਗਦਾ ਸੀ ਕਿ ਇਹ ਕਹਿ ਰਹੇ ਹਨ ਸਭ ਤੋਂ ਜ਼ਿਆਦਾ ਖ਼ਤਰਨਾਕ ਇਹ ਮਨੁੱਖ ਹੀ ਹੈ। ਇਹ ਜਦੋਂ ਪਸ਼ੂ ਬਣਦਾ ਹੈ ਤਾਂ ਇਸਦੇ ਅੰਦਰ

ਇਕ ਨਹੀਂ ਹਜ਼ਾਰਾਂ ਹੀ ਜਾਨਵਰ ਪੈਦਾ ਹੋ ਜਾਂਦੇ ਹਨ। ਜਦੋਂ ਬੰਦਾ ਇਨਸਾਨੀਅਤ ਛੱਡ ਬੈਠਦਾ ਹੈ ਤਾਂ ਪਾਗਲਾਂ ਦੀ ਭੀੜ ਫਿਰ ਨਾ ਕਿਸੇ ਬੰਦੇ ਨੂੰ ਮੁਆਫ਼ ਕਰਦੀ ਹੈ ਨਾ ਕਿਸੇ ਧਾਰਮਿਕ ਅਸਥਾਨ ਨੂੰ ਅਤੇ ਨਾ ਹੀ ਕਿਸੇ ਧਾਰਮਿਕ ਗ੍ਰੰਥ ਨੂੰ।

ਉਸ ਵੇਲੇ ਇੰਜ ਜਾਪਦਾ ਸੀ ਕਿ ਬੰਦਾ ਜਾਨਵਰਾਂ ਨੂੰ ਵੀ ਪਿੱਛੇ ਛੱਡ ਗਿਆ ਹੈ। ਜਾਨਵਰਾਂ ਵਿਚੋਂ ਇਕ ਕੁੱਤਾ ਹੀ ਐਸਾ ਜਾਨਵਰ ਹੈ ਜੋ ਜਾਤ ਭਾਈਆਂ ਦਾ ਵੈਰੀ ਹੈ। ਪਰ ਬੰਦਾ ਤਾਂ ਕਿਸੇ ਨੂੰ ਵੀ ਮੁਆਫ਼ ਨਹੀਂ ਕਰਦਾ।

ਮੈਂ ਸੁਣਿਆ ਹੈ ਕਿ ਇਕ ਕੁੱਤਾ ਦਸਾਂ ਦਿਨਾਂ ਦਾ ਰਸਤਾ ਇਕ ਦਿਨ ਵਿਚ ਹੀ ਕਰ ਗਿਆ, ਤੇ ਟਿਕਾਣੇ 'ਤੇ ਪੁੱਜਦਿਆਂ ਹੀ ਇਕ ਗੱਲ ਕਰਕੇ ਮਰ ਗਿਆ। ਕਿਸੇ ਪੁੱਛਿਆ ਏਨਾ ਕਿਉਂ ਥੱਕ ਗਿਆ ਹੈਂ, ਕਹਿਣ ਲੱਗਾ ਦਸਾਂ ਦਿਨਾਂ ਦਾ ਪੈਂਡਾ ਇਕ ਦਿਨ ਵਿਚ ਕੀਤਾ ਹੈ। ਪੁੱਛਣ ਵਾਲੇ ਨੇ ਪੁੱਛਿਆ ਕਿ ਏਨੀ ਛੇਤੀ ਪੈਂਡਾ ਕਿਵੇਂ ਮੁਕਾਇਆ ਹੈ। ਕਹਿਣ ਲੱਗਾ, ਭਰਾਵਾਂ ਦੀ ਕਿਰਪਾ ਨਾਲ। ਇਕ ਪਿੰਡ ਪੁੱਜਦਾ ਸਾਂ ਅੱਗੇ ਕੁੱਤੇ ਤਿਆਰ ਸਨ। ਉਹ ਦੂਸਰੇ ਪਿੰਡ ਪਹੁੰਚਾ ਦੇਂਦੇ ਸਨ। ਅੱਗੇ ਅਗਲੇ ਪਿੰਡ ਦੇ ਕੁੱਤੇ ਸਵਾਗਤ ਵਾਸਤੇ ਲਾਈਨ ਲਗਾ ਕੇ ਖੜ੍ਹੇ ਹੁੰਦੇ ਸਨ। ਬਸ ਏਸੇ ਤਰ੍ਹਾਂ ਇਹ ਪੈਂਡਾ ਮੁੱਕਿਆ ਹੈ, ਏਨੀ ਗੱਲ ਕਰਕੇ ਉਹ ਕੁੱਤਾ ਮਰ ਗਿਆ।

ਇਹੀ ਹਾਲ ਸੀ ਪਾਕਿਸਤਾਨ ਬਣਨ ਵੇਲੇ। ਕਿਤੇ ਇਕ ਪਿੰਡ ਵਿਚੋਂ ਹਿੰਦੂ ਸਿੱਖ ਨਿਕਲਦਾ ਨਜ਼ਰ ਆ ਗਿਆ ਤਾਂ ਸਾਰੇ ਨਗਰ ਦੇ ਮੁਸਲਮਾਨਾਂ ਦੀ ਭੀੜ ਮਗਰ ਹੁੰਦੀ ਸੀ। ਜੇ ਵਿਚਾਰਾ ਕੋਈ ਦੌੜ ਕੇ ਅਗਲੇ ਪਿੰਡ ਪੁੱਜ ਜਾਏ ਤਾਂ ਅਗਲੇ ਪਿੰਡ ਦੀ ਭੀੜ ਮਗਰ ਹੁੰਦੀ ਸੀ। ਇਹੋ ਹਾਲ ਪਾਕਿਸਤਾਨ ਵਿਚ ਸੀ, ਇਹੋ ਹਾਲ ਹਿੰਦੁਸਤਾਨ ਵਿਚ ਸੀ। ਕੁੱਤਿਆਂ ਨੂੰ ਤਾਂ ਕੋਈ ਮੁਆਫ਼ ਵੀ ਕਰ ਦੇਵੇਗਾ ਪਰ ਏਨ੍ਹਾਂ ਕੁੱਤਿਆਂ ਵਰਗਿਆਂ ਬੰਦਿਆਂ ਨੂੰ ਇਤਿਹਾਸ ਨੇ ਕਦੇ ਮੁਆਫ਼ ਨਹੀਂ ਕਰਨਾ। ਜੋ ਕੁੱਝ ਵੀ ਮਨੁੱਖ ਨੇ ਮਨੁੱਖ ਨਾਲ ਉਸ ਵੇਲੇ ਕੀਤਾ ਹੈ, ਇਹ ਸਮੁੱਚੀ ਮਨੁੱਖਤਾ ਦੇ ਮੱਥੇ ਉੱਤੇ ਇਕ ਕਲੰਕ ਦਾ ਟਿੱਕਾ ਹੈ ਜੋ ਕਦੀ ਵੀ ਨਹੀਂ ਉਤਰਨਾ। ਜੇ ਅੱਜ ਵੀ ਮਨੁੱਖ ਇਨ੍ਹਾਂ ਬੀਤੀਆਂ ਤੋਂ ਕੁੱਝ ਸਿੱਖਿਆ ਲੈ ਲਵੇ ਤਾਂ ਬਹੁਤ ਚੰਗਾ ਹੈ।

ਪਰ ਸੱਚ ਇਹ ਹੈ ਕਿ ਮਨੁੱਖ ਨੂੰ ਜਦੋਂ ਪਾਗਲ ਪਸ਼ੂਪੁਣੇ ਦਾ ਦੌਰਾ ਪੈਂਦਾ ਹੈ ਤਾਂ ਇਹ ਸਾਰੀਆਂ ਸਿੱਖਿਆਵਾਂ, ਸਾਰੀਆਂ ਨਸੀਹਤਾਂ ਭੁੱਲ ਜਾਂਦਾ ਹੈ। ਸਿਆਣੇ ਇਨਸਾਨ ਦਾ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ ਜਦੋਂ ਸੁਣਦਾ ਹੈ ਕਿ ਗੱਡੀਆਂ ਵਿਚੋਂ ਔਰਤਾਂ ਦੇ ਕੱਟੇ ਹੋਏ ਥਣ ਮਿਲੇ ਸਨ। ਐਸਾ ਕੁੱਝ ਕਰਦਿਆਂ ਮਨੁੱਖ ਨੇ

ਜ਼ਰਾ ਨਹੀਂ ਸੋਚਿਆ ਕਿ ਮੈਂ ਵੀ ਕਿਸੇ ਮਾਂ ਦਾ ਦੁੱਧ ਪੀਤਾ ਹੈ ਅਤੇ ਔਰਤ ਵਿਚੋਂ ਮਨੁੱਖ ਨੂੰ ਆਪਣੀ ਮਾਂ ਭੈਣ ਜਾਂ ਧੀ ਕਿਉਂ ਨਹੀਂ ਨਜ਼ਰ ਆਈ। ਜਾਪਦਾ ਹੈ ਐਸੀ ਹਾਲਤ ਵਿਚ ਮਨੁੱਖਾਂ ਨੂੰ ਧਰਮ ਭੁੱਲ ਜਾਂਦਾ ਹੈ। ਇਹ ਉਹੀ ਬੰਦੇ ਸਨ ਜਿਹੜੇ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਸਨ ਅਤੇ ਧਾਰਮਿਕ ਅਸਥਾਨਾਂ 'ਤੇ ਵੀ ਜਾਂਦੇ ਸਨ। ਬੰਦਾ ਇਕ ਪਾਗਲ ਕੁੱਤੇ ਦੀ ਤਰ੍ਹਾਂ ਹੋ ਗਿਆ ਸੀ। ਪਾਕਿਸਤਾਨ ਨਹੀਂ ਸਗੋਂ ਇੰਜ ਕਹਾਂ ਕਿ ਸਮੁੱਚਾ ਦੇਸ਼ ਖ਼ੂਨਸਤਾਨ ਬਣ ਗਿਆ ਸੀ। ਧਰਤੀ ਬੰਦਿਆਂ ਦੇ ਖ਼ੂਨ ਨਾਲ ਰੰਗੀ ਪਈ ਸੀ। ਰੱਬ ਦਾ ਬੰਦਾ ਟੁਕੜੇ-ਟੁਕੜੇ ਹੋ ਕੇ ਬੰਦਿਆਂ ਦੇ ਹੱਥੋਂ ਧਰਤੀ 'ਤੇ ਰੁਲ ਰਿਹਾ ਸੀ।

ਐਸੇ ਹਾਲਾਤਾਂ ਵਿਚ ਸੰਤ ਪ੍ਰੇਮ ਸਿੰਘ ਜੀ ਨੂੰ ਮੁਰਾਲਾ ਅਸਥਾਨ ਛੱਡਣਾ ਪਿਆ। ਖਦਸ਼ਾ ਸੀ ਕਿ ਮੁਰਾਲੇ 'ਤੇ ਹੁਣੇ ਹਮਲਾ ਹੋਇਆ ਕਿ ਹੋਇਆ। ਖਾਰੀਆਂ ਤਹਿਸੀਲ ਦੇ ਤਹਿਸੀਲਦਾਰ ਮੁਹੰਮਦ ਅਬਦੁੱਲਾ ਨੇ ਸੰਤਾਂ ਨੂੰ ਲਾਲੇ ਮੂਸੇ ਕੈਂਪ ਜਾਣ ਲਈ ਕਿਹਾ। ਆਪ ਨੇ 13-14-15 ਭਾਦੋਂ ਹਮੇਸ਼ਾ ਵਾਂਗ ਅਖੰਡ ਪਾਠ ਰੱਖਿਆ ਪਰ ਵੱਡਾ ਇਕੱਠ ਨਾ ਹੋ ਸਕਿਆ। ਇਹ ਤਿੰਨ ਦਿਨ ਏਥੇ ਬਹੁਤ ਵੱਡਾ ਸਾਲਾਨਾ ਜੋੜ ਮੇਲਾ ਹੁੰਦਾ ਸੀ। 15 ਭਾਦੋਂ ਨੂੰ ਅਖੰਡ ਪਾਠ ਦੀ ਸਮਾਪਤੀ ਕਰਕੇ ਸੰਤਾਂ ਅਰਦਾਸ ਕੀਤੀ। ਅਸਥਾਨ ਨੂੰ ਨਜ਼ਰ ਭਰ ਕੇ ਵੇਖਿਆ। ਸਾਰੇ ਅਸਥਾਨ ਦਾ ਚੱਕਰ ਲਗਾਇਆ। ਇੰਜ ਜਾਪਦਾ ਸੀ ਕਿ ਉਸ ਧਰਤੀ ਦੇ ਜ਼ਰੇ-ਜ਼ਰੇ ਨੂੰ ਵੇਖ ਕੇ ਸਦਾ ਲਈ ਵਿਦਾਇਗੀ ਲੈ ਰਹੇ ਸਨ। ਪੁਰਾਣੀਆਂ ਯਾਦਾਂ ਆ ਰਹੀਆਂ ਸਨ। ਆਖ਼ਰ ਮੁਰਾਲੇ ਦੇ ਮਰਾਲ ਹੰਸ ਉਡਾਰੀ ਮਾਰ ਕੇ ਤਹਿਸੀਲਦਾਰ ਦੀ ਜੀਪ 'ਤੇ ਬੈਠ ਕੇ ਲਾਲੇ ਮੂਸੇ ਕੈਂਪ ਵਿਚ ਆ ਗਏ। ਇਸ ਕੈਂਪ ਵਿਚ ਬਹੁਤ ਲੋਕ ਸਨ ਅਤੇ ਸਾਰੇ ਲੋਕ ਸਹਿਮੇ ਹੋਏ ਸਨ ਕਿ ਪਤਾ ਨਹੀਂ ਹੁਣ ਕੀ ਹੋਵੇਗਾ। ਸੰਤ ਪ੍ਰੇਮ ਸਿੰਘ ਜੀ ਦੇ ਕੈਂਪ ਵਿਚ ਆ ਜਾਣ ਨਾਲ ਲੋਕਾਂ ਨੂੰ ਬੜਾ ਹੌਸਲਾ ਹੋਇਆ। ਬੜਾ ਧੀਰਜ ਮਿਲਿਆ ਕਿ ਹੁਣ ਕੋਈ ਫ਼ਿਕਰ ਨਹੀਂ। ਪਰਮਾਤਮਾ ਦੇ ਭਰੋਸੇ ਵਾਲੇ ਮਹਾਂਪੁਰਖ ਆ ਗਏ ਹਨ। ਹੁਣ ਅਸੀਂ ਵੀ ਕਿਸੇ ਕਿਨਾਰੇ ਲੱਗ ਜਾਵਾਂਗੇ। ਸੰਤ ਪ੍ਰੇਮ ਸਿੰਘ ਜੀ ਨੇ ਸਭ ਨੂੰ ਧਰਵਾਸ ਦਿੱਤਾ ਤੇ ਕਿਹਾ ਕਿ ਘਬਰਾਓ ਨਾ; ਅਕਾਲ ਪੁਰਖ 'ਤੇ ਭਰੋਸਾ ਰੱਖੋ, ਉਹ ਆਪੇ ਬਹੁੜੀ ਕਰੇਗਾ।

ਕੈਂਪ ਵਿਚ ਮਹਾਂਪੁਰਖਾਂ ਨੇ ਵੇਖਿਆ ਕਿ ਉਹ ਬੱਚੇ ਵੀ ਹੈਨ ਜਿਨ੍ਹਾਂ ਦੇ ਮਾਤਾ-ਪਿਤਾ ਮਰ ਚੁੱਕੇ ਹਨ ਅਤੇ ਉਨ੍ਹਾਂ ਯਤੀਮਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਸੰਤਾਂ ਦੇ ਮਨ ਵਿਚ ਕਈ ਖ਼ਿਆਲ ਆਏ ਕਿ ਅਸੀਂ ਤਾਂ ਸੋਚਦੇ ਸਾਂ ਬੱਚੇ ਅਨਪੜ੍ਹ ਨਾ ਰਹਿਣ, ਵਿੱਦਿਆ ਦਾ ਪ੍ਰਬੰਧ ਕਰ ਰਹੇ ਸਾਂ ਪਰ ਹੁਣ ਤਾਂ

ਅੱਗੋਂ ਇਨ੍ਹਾਂ ਯਤੀਮ ਬੱਚਿਆਂ ਤੇ ਵਿਧਵਾ ਔਰਤਾਂ ਦੀ ਸਮੱਸਿਆ ਸਾਹਮਣੇ ਖੜ੍ਹੀ ਹੈ ਅਤੇ ਘਰੋਂ ਬੇਘਰ ਹੋਏ ਪ੍ਰੇਮੀ ਕਹਿ ਰਹੇ ਸਨ, ਹੁਣ ਬਾਬਾ ਜੀ ਅਸੀਂ ਤੁਹਾਡੇ ਪਿੱਛੇ ਚੱਲਣਾ ਹੈ, ਜਿੱਥੇ ਲੈ ਚੱਲੋ, ਉੱਥੇ ਹੀ ਸਾਡਾ ਘਰ ਹੈ। ਇੱਥੋਂ ਦੇ ਘਰ ਤਾਂ ਛੱਡ ਕੇ ਆ ਗਏ ਹਾਂ।

ਸੰਤ ਪ੍ਰੇਮ ਸਿੰਘ ਜੀ ਦਾ ਮਨ ਏਸ ਵੇਲੇ ਦਇਆ, ਰਹਿਮ ਅਤੇ ਤਰਸ ਨਾਲ ਭਰਿਆ ਪਿਆ ਸੀ। ਸੰਤਾਂ ਦਾ ਮਨ ਸੋਚ ਰਿਹਾ ਸੀ ਕਿ ਬੰਦਿਆਂ ਦਾ ਵਸੇਬਾ ਬਣਾਉਂਦਿਆਂ ਕਿੰਨੀਆਂ ਸਦੀਆਂ ਲੱਗ ਜਾਂਦੀਆਂ ਹਨ ਤਾਂ ਕਿਤੇ ਜਾ ਕੇ ਕੋਈ ਪੜ੍ਹਿਆ-ਲਿਖਿਆ ਤੇ ਸੁਖੀ ਤੇ ਸ਼ਾਂਤੀ ਭਰੇ ਮਾਹੌਲ ਵਾਲਾ ਸਮਾਜ ਸਿਰਜਿਆ ਜਾਂਦਾ ਹੈ। ਪਰ ਉਜਾੜੇ ਵਾਸਤੇ ਤਾਂ ਕੋਈ ਜ਼ਿਆਦਾ ਸਮਾਂ ਨਹੀਂ ਲਗਦਾ, ਚੰਦ ਦਿਨਾਂ ਵਿਚ ਉਜੜੇ ਤੇ ਘਰੋਂ ਬੇਘਰ ਹੋਏ ਕੈਂਪ ਵਿਚ ਆਏ ਹੋਏ ਲੋਕ ਉਨ੍ਹਾਂ ਦੇ ਸਾਹਮਣੇ ਸਨ। ਪਸ਼ੂ-ਪੰਛੀ ਆਪਣਾ ਘਰ ਬਣਾਉਂਦੇ ਹਨ ਪਰ ਉਜਾੜਦੇ ਨਹੀਂ। ਇਹ ਮਨੁੱਖ ਹੀ ਐਸਾ ਜਾਨਵਰ ਹੈ ਜੋ ਦਿਨ-ਰਾਤ ਮਿਹਨਤ ਕਰਕੇ ਪਹਿਲਾਂ ਸੰਸਾਰ ਨੂੰ ਸੁਹਾਵਣਾ ਬਾਗ਼ ਬਣਾਉਂਦਾ ਹੈ ਤੇ ਫਿਰ ਪਲਾਂ ਵਿਚ ਸਭ ਕੁੱਝ ਉਜਾੜ ਦੇਂਦਾ ਹੈ, ਸਾੜ ਦੇਂਦਾ ਹੈ, ਫਿਰ ਸੜੇ ਘਰਾਂ ਦਾ ਧੂੰਆਂ ਵੇਖ-ਵੇਖ ਕੇ ਰੋਂਦਾ ਹੈ, ਪਛਤਾਉਂਦਾ ਹੈ ਪਰ ਜਦੋਂ ਸਮਾਂ ਨਿਕਲ ਜਾਏ ਫਿਰ ਪਛਤਾਇਆਂ ਵੀ ਕੀ ਬਣਦਾ ਹੈ?

ਸਿਆਣੇ ਸੰਤ ਪੁਰਸ਼ਾਂ ਨੇ ਮਨੁੱਖ ਨੂੰ ਸੁਚੇਤ ਕਰਦਿਆਂ ਇਕ ਗੱਲ ਜ਼ੋਰ ਦੇ ਕੇ ਕਹੀ ਹੈ ਕਿ ਬੀਜ ਬੀਜਣ ਲੱਗਿਆਂ ਹੋਸ਼ ਨਾਲ ਬੀਜ। ਬੇਹੋਸ਼ੀ ਵਿਚ ਬੀਜ ਬੀਜ ਕੇ ਫਿਰ ਫਲ ਖਾਣ ਲੱਗਿਆਂ ਰੋਣ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ। ਸੰਤ ਪ੍ਰੇਮ ਸਿੰਘ ਅਕਸਰ ਇਹ ਗੱਲ ਆਖਿਆ ਕਰਦੇ ਸਨ ਕਿ ਮਨੁੱਖ ਹਨ੍ਹੇਰੇ ਵਿਚ ਤੀਰ ਚਲਾ ਰਿਹਾ ਹੈ। ਪਤਾ ਨਹੀਂ ਇਸ ਤੀਰ ਨਾਲ ਮਿਰਗ ਮਰੇਗਾ ਕਿ ਕਿਸੇ ਮਾਂ ਦਾ ਸਰਵਣ ਮਰੇਗਾ। ਜਿਸਦੇ ਮਾਤਾ-ਪਿਤਾ ਇਸ ਦੁੱਖ ਨਾਲ ਤੜਫ ਤੜਫ ਕੇ ਆਪਣੇ ਪ੍ਰਾਣ ਦੇ ਦੇਣਗੇ। ਜੇ ਦਸ਼ਰਥ ਪ੍ਰਕਾਸ਼ ਵਿਚ ਵੇਖ ਕੇ ਤੀਰ ਚਲਾਉਂਦਾ ਤਾਂ ਇੰਨਾ ਅਨਰਥ ਨਾ ਹੁੰਦਾ।

ਦੇਸ਼ ਵੰਡ ਵਰਗੀਆਂ ਦੁਖਦਾਈ ਘਟਨਾਵਾਂ ਮਨੁੱਖ ਦੇ ਹਨ੍ਹੇਰੇ ਵਿਚ ਚਲਾਏ ਹੋਏ ਤੀਰ ਹਨ, ਜਿਸ-ਜਿਸ ਨੂੰ ਇਹ ਤੀਰ ਵੱਜੇ ਉਹ ਵਿੰਨ੍ਹਿਆ ਗਿਆ। ਅਤੇ ਕਮਾਲ ਗੱਲ ਇਹ ਹੈ ਕਿ ਬਹੁਤੀ ਥਾਈਂ ਮਰਨ ਤੇ ਮਾਰਨ ਵਾਲਿਆਂ ਦੀ ਕੋਈ ਵਾਕਫ਼ੀਅਤ ਨਹੀਂ ਸੀ। ਇਸ ਤੋਂ ਪਹਿਲਾਂ ਇਕ ਦੂਸਰੇ ਨੂੰ ਵੇਖਿਆ ਤੱਕ ਨਹੀਂ ਸੀ। ਆਪਸ ਵਿਚ ਕੋਈ ਸੰਬੰਧ ਨਹੀਂ ਸੀ। ਸਿਰਫ਼ ਇਕ ਪਾਗਲਪਨ ਦੀ ਹਵਾ

ਫੈਲ ਗਈ: ਅਤੇ ਦੋਹਾਂ ਧਿਰਾਂ ਨੇ ਹਨ੍ਹੇਰੇ ਵਿਚ ਹੀ ਤੀਰ ਚਲਾਏ ਹਨ। ਜਿਨ੍ਹਾਂ ਤੀਰਾਂ ਨਾਲ ਅਨੇਕਾਂ ਸੀਤਾ ਵਿਧਵਾ ਹੋ ਗਈਆਂ ਅਤੇ ਅਨੇਕਾਂ ਸਰਵਣ ਮਾਰੇ ਗਏ। ਅਨੇਕਾਂ ਹਸਨ ਹੁਸੈਨ ਤਲਵਾਰ ਦੀ ਭੇਟ ਹੋ ਗਏ।

ਸੰਤ ਪ੍ਰੇਮ ਸਿੰਘ ਦਾ ਹਿਰਦਾ ਕਿਵੇਂ ਬਰਦਾਸ਼ਤ ਕਰ ਸਕਦਾ ਸੀ ? ਉਨ੍ਹਾਂ ਵਾਸਤੇ ਤਾਂ ਸਾਰਾ ਜਗਤ ਹੀ ਇਕ ਪਰਿਵਾਰ ਸੀ। ਰੋਂਦੇ ਬੱਚੇ ਵੇਖ ਕੇ ਉਨ੍ਹਾਂ ਦੇ ਦਿਲ ਨੂੰ ਹੱਥ ਪੈਂਦਾ ਸੀ। ਉਹ ਅਕਾਲ ਪੁਰਖ ਅੱਗੇ ਜੋਦੜੀ ਕਰਦੇ ਸਨ ਕਿ ਹੇ ਪਰਮਾਤਮਾ ਇਸ ਬੰਦੇ ਨੂੰ ਸੁਮੱਤ ਦੇ, ਇਨਸਾਨ, ਇਨਸਾਨ ਬਣ ਸਕੇ। ਇਹ ਆਪਣੀਆਂ ਭੁੱਲਾਂ ਦੀ ਸਜ਼ਾ ਹੀ ਭੋਗ ਰਿਹਾ ਹੈ—

ਕੋਈ ਨਹੀਂ ਕਿਸੀ ਕੋ ਦੇਤਾ ਸਜ਼ਾਏ।
ਸਜ਼ਾ ਬਨ ਜਾਤੀ ਹੈ ਅਪਨੀ ਹੀ ਖ਼ਤਾਏ।

ਕਹਿੰਦੇ ਹਨ ਲੋਕਾਂ ਨੂੰ ਦੁਖੀ ਵੇਖ ਕੇ ਸੰਤ ਪ੍ਰੇਮ ਸਿੰਘ ਦਾ ਮਨ ਪਸੀਜ ਗਿਆ ਸੀ ਤੇ ਕਹਿੰਦੇ ਸਨ ਇਸ ਵੇਲੇ ਸਿਰਫ਼ ਅਕਾਲ ਪੁਰਖ ਹੀ ਸਹਾਈ ਹੋਵੇਗਾ ਤੇ ਇਸ ਔਕੜ ਵਿਚ ਰੱਖਿਆ ਕਰੇਗਾ। ਅਕਾਲ ਪੁਰਖ 'ਤੇ ਭਰੋਸੇ ਹੀ ਸੰਤ ਪ੍ਰੇਮ ਸਿੰਘ ਤੇ ਸਾਰੇ ਸੰਗੀ ਸਹੀ ਸਲਾਮਤ ਆਪਣੇ ਦੇਸ਼ ਪੁੱਜ ਗਏ ਸਨ। ਆਪ ਜੀ ਬਾਕੀ ਤਾਂ ਸਭ ਕੁੱਝ ਛੱਡ ਆਏ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪੀੜ੍ਹਾ ਸਾਹਿਬ ਅਤੇ ਚੌਰ ਸਾਹਿਬ ਨਾਲ ਲੈ ਕੇ ਆਏ ਸਨ। ਕੁੱਝ ਲੋਕਾਂ ਨੇ ਆਪ ਪਾਸ ਅਮਾਨਤਾਂ ਰੱਖੀਆਂ ਸਨ। ਆਪਣਾ ਸਾਮਾਨ ਤਾਂ ਛੱਡ ਦਿੱਤਾ ਪਰ ਸੰਗਤਾਂ ਦੀਆਂ ਅਮਾਨਤਾਂ ਲਿਆਂਦੀਆਂ ਸਨ ਅਤੇ ਉਨ੍ਹਾਂ ਦੇ ਘਰੋ-ਘਰੀ ਜਾ ਕੇ ਪਹੁੰਚਾਈਆਂ ਸਨ। ਲਾਲੇ ਮੂਸੇ ਕੈਂਪ ਤੋਂ ਅੰਮ੍ਰਿਤਸਰ ਤੱਕ ਪਹੁੰਚਾਉਣ ਦੀ ਸੇਵਾ ਕਪਤਾਨ ਸੂਰਤ ਸਿੰਘ ਨੇ ਕੀਤੀ ਸੀ ਜੋ ਸ੍. ਇੰਦਰ ਸਿੰਘ ਸਫ਼ੈਦ ਪੋਸ਼ ਦੇ ਪੁੱਤਰ ਸਨ। ਆਰਮੀ ਦੀ ਗੱਡੀ ਵਿਚ ਇਹ ਸੰਤਾਂ ਨੂੰ ਲਿਆਇਆ ਸੀ ਤੇ ਬਾਕੀ ਕਾਫ਼ਲੇ ਵਾਸਤੇ ਵੀ ਏਸੇ ਨੇ ਟਰੱਕ ਭੇਜੇ ਸਨ। ਰਾਤ ਲਾਹੌਰ ਸੂਰਤ ਸਿੰਘ ਕਪਤਾਨ ਦੇ ਬੰਗਲੇ ਵਿਚ ਰਹੇ ਸਨ। ਸਵੇਰੇ ਫ਼ੌਜੀ ਪਹਿਰੇ ਵਿਚ ਆਪਣੀ ਕਾਰ 'ਤੇ ਲਾਹੌਰ ਤੋਂ ਅੰਮ੍ਰਿਤਸਰ ਪੁੱਜ ਗਏ ਸਨ।

ਅੰਮ੍ਰਿਤਸਰ ਸ਼ਰੀਫਪੁਰੇ ਕਮਰੇ ਦਾ ਪ੍ਰਬੰਧ ਹੋ ਗਿਆ, ਸੰਗੀਆਂ ਸਮੇਤ ਠਹਿਰ ਗਏ। ਅੰਮ੍ਰਿਤਸਰ ਸਿੰਘ ਸਾਹਿਬ ਗਿ: ਚੇਤ ਸਿੰਘ ਹੋਰਾਂ ਪਾਸ ਪੁੱਜੇ ਅਤੇ ਏਥੇ ਹੀ ਗਿ: ਹਰਚਰਨ ਸਿੰਘ ਨੇ ਰਾਇ ਦਿੱਤੀ ਕਿ ਸਾਰੇ ਸੰਗੀਆਂ ਨੂੰ ਜ਼ਿਲ੍ਹਾ ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੁੱਝ ਪਿੰਡਾਂ ਵਿਚ ਸਾਰਿਆਂ ਨੂੰ ਇਕੱਠਾ ਹੀ ਬੈਠਾਇਆ ਜਾਵੇ। ਇਕ ਇਕੱਠ ਦੀ ਬਰਕਤ ਨਾਲ ਆਈ ਹਰ ਔਕੜ ਨੂੰ ਦੂਰ

ਕਰਨਾ ਸੌਖਾ ਹੋਵੇਗਾ। ਗਿ: ਹਰਚਰਨ ਸਿੰਘ ਜੀ ਮਹਾਨ ਵਿਦਵਾਨ ਸਨ ਅਤੇ ਸ਼੍ਰੋ. ਗੁ. ਪ੍ਰ. ਕਮੇਟੀ ਦੇ ਮੁੱਢਲੇ ਪ੍ਰਚਾਰਕਾਂ ਵਿਚੋਂ ਇਕ ਸਨ। ਗੁਰਮਤਿ ਰਹਿਣੀ ਦੇ ਧਾਰਨੀ ਸਨ, ਉਹ ਪਿੰਡ ਨੰਗਲ ਲੁਬਾਣਾ (ਜ਼ਿਲ੍ਹਾ ਕਪੂਰਥਲਾ) ਦੇ ਵਸਨੀਕ ਸਨ। ਸੰਤ ਕੁੱਝ ਦਿਨ ਬਕਾਲੇ ਬੁੰਗੇ ਰਹਿ ਕੇ ਬੇਗੋਵਾਲ ਪੁੱਜ ਗਏ।

ਉਨ੍ਹਾਂ ਦੀ ਸਲਾਹ ਸਭ ਨੂੰ ਪਸੰਦ ਆਈ। ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਆ ਗਏ। ਅਤੇ ਇੱਥੋਂ ਸਭ ਤੋਂ ਵੱਡੀ ਕੋਠੀ ਜੋ ਬੇਗੋਵਾਲ ਦੇ ਬਾਹਰਵਾਰ ਸੀ ਅਤੇ ਡੇਰੇ ਵਾਸਤੇ ਬੜੀ ਢੁਕਵੀਂ ਥਾਂ ਸੀ, ਸੰਤਾਂ ਇਸ ਥਾਂ ਨੂੰ ਪਸੰਦ ਕੀਤਾ ਅਤੇ ਇੱਥੇ ਡੇਰਾ ਲਾ ਦਿੱਤਾ। ਸੰਗੀ ਸਾਥੀ ਵੀ ਨੇੜੇ-ਨੇੜੇ ਨਗਰਾਂ ਵਿਚ ਵੱਸ ਗਏ ਸਨ।

ਉਸ ਵੇਲੇ ਮੁੜ ਵਸਾਊ ਮਹਿਕਮੇ ਦੇ ਵਜ਼ੀਰ ਸ੍ਰ. ਈਸ਼ਰ ਸਿੰਘ ਮਝੈਲ ਸਨ। ਉਹ ਬੜੇ ਚੰਗੇ ਸੁਭਾਅ ਦੇ ਸਨ ਅਤੇ ਸੰਤ ਪ੍ਰੇਮ ਸਿੰਘ ਜੀ ਦਾ ਬੜਾ ਹੀ ਸਤਿਕਾਰ ਕਰਦੇ ਸਨ। ਡਾਇਰੈਕਟਰ ਰੀਸੈਟਲਮੈਂਟ ਸ੍ਰ. ਤਰਲੋਕ ਸਿੰਘ ਸਨ। ਇਨ੍ਹਾਂ ਨੇ ਸੰਤ ਪ੍ਰੇਮ ਸਿੰਘ ਜੀ ਦੇ ਕਹਿਣ ਮੁਤਾਬਿਕ ਈਸ਼ਰ ਸਿੰਘ ਮਝੈਲ ਦੀ ਚਿੱਠੀ ਤੇ ਲੁਬਾਣਾ ਬਰਾਦਰੀ ਨੂੰ ਜ਼ਿਲ੍ਹਾ ਕਪੂਰਥਲਾ, ਹੁਸ਼ਿਆਰਪੁਰ ਤਹਿਸੀਲ ਦਸੂਹਾ ਵਿਚ ਬੈਠਣ ਦੀ ਮਨਜ਼ੂਰੀ ਦੇ ਦਿੱਤੀ। ਇਸ ਨਾਲ ਅੱਗੇ ਅੰਬਾਲਾ, ਕਰਨਾਲ ਇਲਾਕੇ ਵਿਚ ਬੈਠੇ ਲੁਬਾਣਿਆਂ ਨੂੰ ਵੀ ਸੰਤਾਂ ਨੇ ਪ੍ਰੇਰਨਾ ਦਿੱਤੀ ਕਿ ਤੁਸੀਂ ਵਾਪਸ ਆ ਜਾਉ। ਇੱਥੇ ਇਕੱਠੇ ਬੈਠਣ ਨਾਲ ਤੁਹਾਡੀ ਬਹੁਤ ਵੱਡੀ ਤਾਕਤ ਬਣ ਜਾਇਗੀ ਅਤੇ ਤੁਸੀਂ ਬੜੇ ਹੀ ਸੁਖੀ ਰਹੋਗੇ। ਬਹੁਤ ਸਾਰੇ ਲੋਕ ਉਨ੍ਹਾਂ ਦੇ ਬਚਨ ਮੰਨ ਕੇ ਵਾਪਸ ਆ ਗਏ। ਇੱਥੇ ਦੀ ਜ਼ਮੀਨ ਕੋਈ ਵਧੀਆ ਜ਼ਮੀਨ ਨਹੀਂ ਸੀ। ਪਾਕਿਸਤਾਨ ਤੋਂ ਲੋਕ ਬਹੁਤ ਵਧੀਆ ਜ਼ਮੀਨਾਂ ਛੱਡ ਕੇ ਆਏ ਸਨ। ਸੁਭਾਵਕ ਹੀ ਸੀ ਕਿ ਉਨ੍ਹਾਂ ਦੇ ਮਨ ਵਿਚ ਖ਼ਿਆਲ ਆਉਂਦਾ ਕਿ ਕਿੱਥੇ ਆ ਫਸੇ ਹਾਂ। ਇਕ ਦਰਿਆ ਬਿਆਸ ਦੇ ਕਾਰਨ ਮੰਡ ਦੀ ਜ਼ਮੀਨ ਨਿਕੰਮੀ ਸੀ, ਹੜ੍ਹ ਹਰ ਸਾਲ ਤਬਾਹੀ ਮਚਾ ਦੇਂਦਾ ਸੀ। ਸੰਤਾਂ ਨੇ ਭਰੋਸਾ ਦਿੱਤਾ ਕਿ ਅੱਜ ਤੁਹਾਨੂੰ ਇੱਥੇ ਚੰਗਾ ਰਸਤਾ ਨਹੀਂ ਦਿਸਦਾ ਤੁਸੀਂ ਵੇਖਣਾ ਇੱਥੇ ਵਧੀਆ ਸੜਕਾਂ ਹੋਣਗੀਆਂ। ਜਿਹੜੀ ਜ਼ਮੀਨ ਅੱਜ ਤੁਹਾਨੂੰ ਬੇਕਾਰ ਦਿਸਦੀ ਹੈ ਇਹ ਬਹੁਤ ਉਪਜਾਊ ਹੋਵੇਗੀ। ਕੁੱਝ ਦਿਨਾਂ ਦੀ ਖੇਡ ਹੈ ਬੇਗੋਵਾਲ ਹੀ ਤੁਹਾਨੂੰ ਮੁਰਾਲਾ ਨਜ਼ਰ ਆਵੇਗਾ। ਤੁਸੀਂ ਅਕਾਲ ਪੁਰਖ 'ਤੇ ਭਰੋਸਾ ਰੱਖ ਕੇ ਮਿਹਨਤ ਕਰੋ, ਤੁਹਾਡੀ ਮਿਹਨਤ ਦਾ ਫਲ ਤੁਹਾਨੂੰ ਅਵੱਸ਼ ਹੀ ਮਿਲੇਗਾ।

ਇਕ ਮੁਸ਼ਕਿਲ ਹੋਰ ਸਾਹਮਣੇ ਆ ਖੜ੍ਹੀ ਹੋਈ, ਕੁੱਝ ਬੰਦਿਆਂ ਨੇ ਏਨੀ

ਵਿਰੋਧਤਾ ਕੀਤੀ ਕਿ ਉਹ ਸੰਤ ਪ੍ਰੇਮ ਸਿੰਘ ਵਰਗੇ ਪਰਉਪਕਾਰੀ ਤੇ ਨਿਰਵੈਰ ਬੰਦੇ ਦੀ ਜਾਨ ਦੇ ਵੈਰੀ ਬਣ ਗਏ ਅਤੇ ਮਰਨ ਮਾਰਨ 'ਤੇ ਤੁਲ ਪਏ। ਉਨ੍ਹਾਂ ਦਾ ਵਿਚਾਰ ਸੀ ਕਿ ਲੁਬਾਣਾ ਬਰਾਦਰੀ ਏਥੇ ਇਸ ਇਲਾਕੇ ਵਿਚ ਨਹੀਂ ਬੈਠਣੀ ਚਾਹੀਦੀ। ਗਿ: ਗਰਜਾ ਸਿੰਘ ਵਿਰੋਧੀਆਂ ਦੇ ਆਗੂ ਸਨ। ਸੰਤ ਪ੍ਰੇਮ ਸਿੰਘ ਨੇ ਹਰ ਤਰ੍ਹਾਂ ਟਾਲਾ ਕਰਨ ਦਾ ਯਤਨ ਕੀਤਾ ਪਰ ਲੜਾਈ ਗਲ ਪੈ ਹੀ ਗਈ ਅਤੇ ਫਲਸਰੂਪ ਕੁੱਝ ਬੰਦੇ ਮਰ ਗਏ, ਕੁੱਝ ਜ਼ਖ਼ਮੀ ਵੀ ਹੋਏ। ਵਧੀਕੀ ਵਿਰੋਧੀਆਂ ਦੀ ਸੀ ਇਸ ਲਈ ਕੇਸ ਦਾ ਕੁੱਝ ਨਾ ਬਣਿਆ।

ਸੰਤ ਪ੍ਰੇਮ ਸਿੰਘ ਜੀ ਨੇ ਸੰਨ 1948 ਵਿਚ 19-20 ਨੂੰ ਗੁਰਮਤਿ ਸਮਾਗਮ ਕਰਨ ਵਾਸਤੇ ਇਸ਼ਤਿਹਾਰ ਛਪਵਾ ਕੇ ਪਿੰਡ-ਪਿੰਡ ਪਹੁੰਚਾ ਦਿੱਤੇ। ਇਸ ਜੋੜ ਮੇਲੇ ਲਈ ਖੁੱਲ੍ਹੀ ਥਾਂ ਚਾਹੀਦੀ ਸੀ। ਪਿੰਡ ਸਿਕਰੀ ਪਾਸ ਟਾਹਲੀਆਂ ਦੇ ਰੁੱਖਾਂ ਦੀ ਝਿੜੀ ਸੀ। ਕੁਦਰਤੀ ਇਹ ਝਿੜੀ ਸ਼ਾਮਿਆਨੇ ਦੀ ਲੋੜ ਪੂਰੀ ਕਰਨ ਵਾਲੀ ਸੁਹਾਵਣੀ ਥਾਂ ਸੰਤਾਂ ਨੂੰ ਪਸੰਦ ਆਈ ਤੇ ਇਲਾਕੇ ਦਾ ਇਕੱਠ ਬੁਲਾਇਆ ਗਿਆ। ਇਲਾਕੇ ਦੇ ਲੋਕ ਹੁੰਮ-ਹੁਮਾ ਕੇ ਆਏ ਸਨ। ਇਸ ਮੇਲੇ ਤੇ ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਪ੍ਰਤਾਪ ਸਿੰਘ ਕੈਰੋਂ ਸ਼ਾਮਲ ਹੋਏ ਸਨ। ਸੰਤ ਪ੍ਰੇਮ ਸਿੰਘ ਜੀ ਨੇ ਦਰਪੇਸ਼ ਆਈਆਂ ਔਕੜਾਂ ਦੂਰ ਕਰਨ ਵਾਸਤੇ ਪੈਪਸੂ ਦੇ ਪ੍ਰਮੁੱਖ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਨੂੰ ਸੰਨ 1949 ਵਿਚ 18-19 ਜੂਨ ਨੂੰ ਆਉਣ ਲਈ ਸੱਦਾ-ਪੱਤਰ ਭੇਜਿਆ ਜੋ ਉਨ੍ਹਾਂ ਪ੍ਰਵਾਨ ਕੀਤਾ ਅਤੇ ਆਏ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸੰਤ ਪ੍ਰੇਮ ਸਿੰਘ ਅਤੇ ਉਨ੍ਹਾਂ ਦੇ ਕੀਤੇ ਕੰਮਾਂ ਦੀ ਬੜੀ ਤਾਰੀਫ਼ ਕੀਤੀ ਅਤੇ ਕਿਹਾ ਕਿ ਇਸ ਇਕੱਠ ਵਿਚ ਏਨੇ ਕੇਸਾਧਾਰੀ ਸਿੱਖਾਂ ਦੀ ਗਿਣਤੀ ਇਹ ਸੰਤ ਪ੍ਰੇਮ ਸਿੰਘ ਜੀ ਦੇ ਕੀਤੇ ਪ੍ਰਚਾਰ ਦੀ ਬਦੌਲਤ ਹੈ। ਉਨ੍ਹਾਂ ਅਫਸਰਸ਼ਾਹੀ ਨੂੰ ਚੰਗੀ ਝਾੜ ਪਾਈ ਅਤੇ ਕਿਹਾ, ਅੱਗੋਂ ਤੁਸੀਂ ਜੋ ਵੀ ਇਸ ਇਲਾਕੇ ਵਿਚ ਕਰਨਾ ਹੈ, ਸੰਤ ਪ੍ਰੇਮ ਸਿੰਘ ਜੀ ਨੂੰ ਭਰੋਸੇ ਵਿਚ ਲੈ ਕੇ ਕਰਨਾ ਹੈ ਅਤੇ ਸੰਤ ਪ੍ਰੇਮ ਸਿੰਘ ਵੱਲੋਂ ਮੈਨੂੰ ਅੱਗੇ ਲਈ ਕਿਸੇ ਸ਼ਿਕਾਇਤ ਦਾ ਮੌਕਾ ਨਾ ਦੇਣਾ।

ਮਹਾਰਾਜਾ ਪਟਿਆਲਾ ਦੇ ਏਥੇ ਆਉਣ ਨਾਲ ਅਤੇ ਸੰਤਾਂ ਪ੍ਰਤੀ ਸ਼ਰਧਾ ਭਰੇ ਬਚਨ ਕਹਿਣ ਨਾਲ ਸਾਰੇ ਇਲਾਕੇ ਵਿਚ ਸ਼ਾਂਤੀ ਵਰਤ ਗਈ। ਇਸ ਥਾਂ 'ਤੇ ਸੰਤਾਂ ਨੇ ਮਹਾਰਾਜੇ ਨੂੰ ਸਨਮਾਨਤ ਕੀਤਾ ਅਤੇ ਮਹਾਰਾਜੇ 'ਤੇ ਇਕ ਗੱਲ ਦਾ ਖਾਸ ਪ੍ਰਭਾਵ ਪਿਆ ਕਿ ਲੁਬਾਣਿਆਂ ਵਿਚੋਂ ਬਹੁਤ ਸੱਜਣ ਫ਼ੌਜੀ ਸਨ। ਉਨ੍ਹਾਂ ਵਿਚੋਂ ਜਿਹੜੇ ਵੀ ਇਲਾਕੇ ਵਿਚ ਹਾਜ਼ਰ ਸਨ, ਉਹ ਸਾਰੇ ਹੀ ਵਰਦੀਆਂ ਪਾ

ਕੇ ਦੀਵਾਨ ਵਿਚ ਹਾਜ਼ਰ ਹੋਏ। ਏਨੇ ਫ਼ੌਜੀਆਂ ਨੂੰ ਵੇਖ ਕੇ ਮਹਾਰਾਜਾ ਬੜਾ ਹੀ ਪ੍ਰਸੰਨ ਹੋਇਆ ਕਿਉਂਕਿ ਕਿਸੇ ਵੀ ਫ਼ੌਜੀ ਨੇ ਕੇਸ ਨਹੀਂ ਸਨ ਕੱਟੇ ਅਤੇ ਸਾਰੇ ਹੀ ਅੰਮ੍ਰਿਤਧਾਰੀ ਸਨ।

ਵਾਪਸ ਜਾ ਕੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਪ੍ਰਿੰਸੀਪਲ ਤੇਜਾ ਸਿੰਘ ਨੂੰ ਕਿਹਾ, ਹੁਣ ਸਿੱਖੀ ਨੂੰ ਕੋਈ ਖ਼ਤਰਾ ਨਹੀਂ। ਮੈਂ ਸਿੱਖੀ ਦਾ ਹੜ੍ਹ ਬੇਗੋਵਾਲ ਵਿਚ ਵੇਖ ਕੇ ਆਇਆ ਹਾਂ। ਸੰਤ ਪ੍ਰੇਮ ਸਿੰਘ ਤੋਂ ਮਹਾਰਾਜਾ ਬਹੁਤ ਹੀ ਪ੍ਰਭਾਵਿਤ ਹੋਇਆ ਸੀ। ਅਜੇ ਤੱਕ ਆਏ ਸ਼ਰਨਾਰਥੀਆਂ ਦੇ ਅੱਗੇ ਬੜੀਆਂ ਮੁਸ਼ਕਿਲਾਂ ਸਨ। ਪਿੱਛੇ ਸਭ ਕੁੱਝ ਘਰ ਬਾਰ ਛੱਡ ਆਏ ਸਨ। ਜੋ ਕਿਸੇ ਨੇ ਨਾਲ ਚੁੱਕਿਆ ਉਹ ਤਾਂ ਸਫਰ ਖਰਚ ਹੀ ਸੀ। ਪਿੰਡਾਂ ਦੇ ਜ਼ਿਮੀਂਦਾਰਾਂ ਦੀ ਅਸਲ ਪੂੰਜੀ ਤਾਂ ਉਨ੍ਹਾਂ ਦੀ ਜ਼ਮੀਨ ਸੀ। ਛੇ ਮਹੀਨਿਆਂ ਪਿੱਛੋਂ ਅਨਾਜ ਘਰ ਆਉਣਾ, ਉਹੀ ਖਾਣਾ ਹੁੰਦਾ ਹੈ ਅਤੇ ਉਹੀ ਵੇਚ ਕੇ ਘਰ ਦੀਆਂ ਹੋਰ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ। ਜਿਹੜੇ ਲੋਕ ਸ਼ਾਹਾਂ ਤੋਂ ਕੰਗਾਲ ਬਣੇ ਹੋਏ ਸਨ, ਉਹ ਸੰਤਾਂ ਦੇ ਸਾਹਮਣੇ ਨਿੱਤ ਆ ਕੇ ਰੋਂਦੇ ਸਨ। ਪਿੱਛੋਂ ਆਇਆ ਕੁੱਝ ਨਹੀਂ ਜਿੱਥੇ ਆ ਬੈਠੇ ਹਾਂ ਇਹ ਇਲਾਕਾ ਜਰਖੇਜ਼ ਨਹੀਂ।

ਇਨ੍ਹਾਂ ਸਾਰਿਆਂ ਮਸਲਿਆਂ ਦਾ ਹੱਲ ਉਹ ਅਕਾਲ ਪੁਰਖ ਅੱਗੇ ਅਰਦਾਸ ਤੇ ਆਪਣੀ ਸੱਚੀ ਕ੍ਰਿਤ ਦੀ ਮਿਹਨਤ ਅਤੇ ਸਾਰਿਆਂ ਦਾ ਏਕਾ ਦਸਦੇ ਸਨ। ਉਹ ਕਹਿੰਦੇ ਸਨ ਮੈਂ ਤੁਹਾਡੇ ਦੁੱਖ ਵਿਚ ਸ਼ਰੀਕ ਹਾਂ ਤੁਹਾਡੇ ਵਿਚ ਬੈਠਾ ਹਾਂ। ਤੁਹਾਨੂੰ ਦੁਖੀ ਛੱਡ ਕੇ ਮੈਂ ਕਿਸੇ ਜੰਗਲ ਵਿਚ ਨਹੀਂ ਚਲਿਆ ਗਿਆ। ਮੈਂ ਕਿਸੇ ਪਹਾੜ ਦੀ ਕੰਦਰ ਵਿਚ ਨਹੀਂ ਜਾ ਲੁਕਿਆ। ਤੁਹਾਡੇ ਦੁੱਖ-ਸੁਖ ਵਿਚ ਮੈਂ ਤੁਹਾਡੇ ਨਾਲ ਹਾਂ ਅਤੇ ਜਿੰਨੇ ਕੁ ਅਕਾਲ ਪੁਰਖ ਨੇ ਇਹ ਸਵਾਸ ਦਿੱਤੇ ਹਨ, ਮੈਂ ਤੁਹਾਡੇ ਵਿਚ ਬੈਠ ਕੇ ਪੂਰੇ ਕਰਾਂਗਾ। ਇਹ ਬਚਨ ਉਨ੍ਹਾਂ ਸਿਰਫ਼ ਆਖਿਆ ਹੀ ਨਹੀਂ ਬਲਕਿ ਉਨ੍ਹਾਂ ਹਰ ਤਰ੍ਹਾਂ ਨਾਲ ਇਸ ਕੀਤੇ ਹੋਏ ਬਚਨ ਨੂੰ ਪਾਲਿਆ ਸੀ।

ਬੇਗੋਵਾਲ ਵਿਚ ਮੁਰਾਲੇ ਵਾਂਗ ਹੀ ਲੰਗਰ ਚਾਲੂ ਹੋ ਗਿਆ। ਲੰਗਰ ਦਾ ਆਟਾ ਪਹਿਲੋਂ ਬਾਹਰੋਂ ਪਿਸਾਉਣਾ ਪੈਂਦਾ ਸੀ, ਫਿਰ ਸੰਤਾਂ ਨੇ ਆਪਣੀ ਚੱਕੀ ਲਾ ਦਿੱਤੀ। ਲੰਗਰ ਦਾ ਘੜਿਆਲ ਤਿੰਨੇ ਟਾਈਮ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਵੱਜਣ ਲੱਗ ਪਿਆ। ਸਵੇਰੇ-ਸ਼ਾਮ ਦੀਵਾਨ ਸੱਜਦੇ ਸਨ ਜਿਨ੍ਹਾਂ ਵਿਚ ਸੰਤ ਪ੍ਰੇਮ ਸਿੰਘ ਆਪ ਕੀਰਤਨ ਕਰਦੇ ਸਨ ਅਤੇ ਗੁਰਬਾਣੀ ਦੀ ਵਿਆਖਿਆ ਕਰਦੇ ਸਨ। ਬੇਗੋਵਾਲ ਵਿਚ ਮੁਰਾਲੇ ਵਾਂਗ ਹੀ ਗਹਿਮਾ-ਗਹਿਮ ਹੋ ਗਈ ਸੀ। ਸੰਤ ਪ੍ਰੇਮ ਸਿੰਘ ਜੀ ਨਗਰਾਂ ਵਿਚ ਜਾਂਦੇ ਸਨ, ਨਗਰ-ਨਗਰ ਜਾ ਕੇ ਲੋਕਾਂ ਦੀਆਂ

ਤਕਲੀਫ਼ਾਂ ਸੁਣਦੇ ਸਨ ਅਤੇ ਉਨ੍ਹਾਂ ਨੂੰ ਦੂਰ ਕਰਦੇ ਸਨ, ਰਸਤੇ ਸਾਫ਼ ਨਹੀਂ ਸਨ ਉਸ ਵਕਤ ਇਸ ਇਲਾਕੇ ਵਿਚ ਗੱਡੀ 'ਤੇ ਸਫਰ ਕਰਨਾ ਬਹੁਤ ਹੀ ਮੁਸ਼ਕਿਲ ਸੀ। ਸੰਤ ਪ੍ਰੇਮ ਸਿੰਘ ਇਹ ਸਫ਼ਰ ਘੋੜੀ 'ਤੇ ਹੀ ਕਰਦੇ ਸਨ।

ਇਸ ਦੌੜ ਭੱਜ ਦਾ ਤੇ ਲੋਕਾਂ ਦੇ ਦੁੱਖ ਰੋਜ਼ ਸੁਣਨ ਦਾ ਮਨ 'ਤੇ ਵੀ ਅਸਰ ਹੋਇਆ ਅਤੇ ਸਰੀਰ 'ਤੇ ਵੀ। ਸੰਨ 1950 ਵਿਚ 2 ਜੂਨ ਸਵੇਰੇ ਨਿਤਨੇਮ ਤੋਂ ਬਾਅਦ ਉਹ ਅਚਾਨਕ ਹੀ ਸਰੀਰ ਰੂਪੀ ਚੋਲਾ ਛੱਡ ਗਏ। ਡਾਕਟਰ ਆਏ ਤੇ ਉਨ੍ਹਾਂ ਕਿਹਾ ਕਿ ਭਾਣਾ ਵਰਤ ਚੁੱਕਾ ਹੈ। ਸੰਤ ਪ੍ਰੇਮ ਸਿੰਘ ਬੜੇ ਹਰਮਨ ਪਿਆਰੇ ਸਨ ਸਾਰੇ ਇਲਾਕੇ ਵਿਚ ਖ਼ਬਰ ਹੋ ਗਈ ਅਤੇ ਲੋਕ ਡੇਰੇ ਪਹੁੰਚਣੇ ਸ਼ੁਰੂ ਹੋ ਗਏ। 3 ਜੂਨ ਨੂੰ ਪੰਥਕ ਲੀਡਰ ਵੀ ਪੁੱਜ ਗਏ, ਦਰਬਾਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਵੀ ਪੁੱਜ ਗਏ ਅਤੇ ਪ੍ਰਸਿੱਧ ਸਾਧੂ ਮਹਾਂਪੁਰਖ ਵੀ ਪੁੱਜ ਗਏ। ਪਰਿਵਾਰ ਦੇ ਸਾਰੇ ਮੈਂਬਰ ਹਾਜ਼ਰ ਸਨ। ਆਖ਼ਰ ਉਸ ਪਰਉਪਕਾਰ ਦੀ ਮੂਰਤੀ ਦਾ ਸਸਕਾਰ ਹੋ ਗਿਆ। ਉਹ ਮਹਾਂਪੁਰਖ ਜੋ ਲੁਬਾਣਾ ਬਰਾਦਰੀ ਲਈ ਇਕ ਬਰਕਤ ਬਣਕੇ ਆਇਆ ਸੀ, ਆਪਣੇ ਫ਼ਰਜ਼ ਪੂਰੇ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜਿਆ। ਉਨ੍ਹਾਂ ਦੀ ਸਾਰੀ ਉਮਰ 62 ਸਾਲ, 7 ਮਹੀਨੇ, 20 ਦਿਨ ਸੀ। ਇਹ ਸਫਲ ਉਮਰ ਸੀ। ਇਕ ਵਿਦਵਾਨ ਦਾ ਕਥਨ ਹੈ—

ਜਬ ਤੁਮ ਜਨਮੇ ਜਗਤ ਮੇ ਜਗ ਹੰਸਾ ਤੁਮ ਰੋਇ।
ਐਸੀ ਕਰਨੀ ਕਰ ਚਲੋ ਤੁਮ ਹੰਸੋ ਜਗ ਰੋਇ।

ਮੁਰਾਲੇ ਦਾ ਮਰਾਲ ਉਡਾਰੀ ਮਾਰ ਗਿਆ ਪਰ ਸਿੱਖ ਪੰਥ ਦੀ ਨਜ਼ਰ ਵਿਚ ਪ੍ਰਵਾਨ ਹੋ ਕੇ ਹਰ ਕਸਵੱਟੀ 'ਤੇ ਪੂਰਾ ਉਤਰ ਕੇ ਗਿਆ। ਇਕ ਸਵਾਲ ਧਰਮੀ ਬੰਦਿਆਂ ਅੱਗੇ ਸਦਾ ਹੀ ਰਿਹਾ ਹੈ ਕਿ ਰੱਬ ਦੇ ਘਰ ਪ੍ਰਵਾਨ ਕੌਣ ਹੋਵੇਗਾ। ਇਸ ਦਾ ਉੱਤਰ ਗੁਰਮਤਿ ਇਹੀ ਦਿੰਦੀ ਹੈ ਕਿ ਜੋ ਸਤਿਸੰਗ ਵਿਚ ਪ੍ਰਵਾਨ ਹੈ, ਉਹ ਸਚਖੰਡ ਵਿਚ ਵੀ ਪ੍ਰਵਾਨ ਹੈ। ਸੰਤ ਪ੍ਰੇਮ ਸਿੰਘ ਸਤਸੰਗ ਵਿਚ ਵੀ ਪ੍ਰਵਾਨ ਸਨ, ਉਹ ਸਚਖੰਡ ਵਿਚ ਵੀ ਪ੍ਰਵਾਨ ਸਨ।

11

ਮੁਰਾਲੇ ਦੇ ਹੋਰ ਸੰਤ

ਸੰਤ ਬਾਬਾ ਬਿਸ਼ਨ ਸਿੰਘ ਜੀ

ਸੰਤ ਬਾਬਾ ਬਿਸ਼ਨ ਸਿੰਘ ਜੀ ਗੁਰਮਤਿ ਵਿੱਦਿਆ ਦੇ ਮਹਾਨ ਵਿਦਵਾਨ ਸਨ। ਉਹ ਸੱਚਮੁੱਚ ਵਿੱਦਿਆ ਮਾਰਤੰਡ ਸਨ। ਏਨੀ ਵਿੱਦਿਆ ਕੋਲ ਹੁੰਦਿਆਂ ਵੀ ਉਹ ਨਿਮਰਤਾ ਦਾ ਭੰਡਾਰ ਸਨ ਅਤੇ ਹੱਥੀਂ ਸੇਵਾ ਕਰਕੇ ਉਹ ਪ੍ਰਸੰਨ ਹੁੰਦੇ ਸਨ। ਨਹੀਂ ਤਾਂ ਆਮ ਕਰਕੇ ਵਿਦਵਾਨ ਤਾਂ ਆਪਣਾ ਬਰਤਨ ਆਪ ਸਾਫ਼ ਕਰਨ ਵਾਸਤੇ ਤਿਆਰ ਨਹੀਂ ਹੁੰਦੇ। ਪਰ ਸੰਤ ਬਾਬਾ ਬਿਸ਼ਨ ਸਿੰਘ ਜੀ ਤਾਂ ਅੰਮ੍ਰਿਤਸਰ ਹਰ ਤਰ੍ਹਾਂ ਦੀ ਸੇਵਾ ਕਰਦੇ ਰਹੇ ਸਨ। ਅਤੇ ਇੱਥੋਂ ਤੱਕ ਕਿ ਮੁਰਾਲੇ ਜਾਣ ਦੀ ਪ੍ਰੇਰਨਾ ਵੀ ਅੰਮ੍ਰਿਤਸਰ ਤੋਂ ਹੀ ਮਿਲੀ ਸੀ। ਉਹ ਪਾਣੀ ਕੱਢ ਕੇ ਸੰਤਾਂ ਦਾ ਇਸ਼ਨਾਨ ਆਪ ਕਰਾਉਂਦੇ ਸਨ। ਕੜਾਹ ਪ੍ਰਸ਼ਾਦਿ ਦੇ ਆਟੇ ਵਾਸਤੇ ਉਹ ਚੱਕੀ ਆਪ ਪੀਸਦੇ ਸਨ।

ਸੰਤ ਬਿਸ਼ਨ ਸਿੰਘ ਜੀ ਦਾ ਜਨਮ ਜ਼ਿਲ੍ਹਾ ਗੁਜਰਾਤ, ਤਹਿਸੀਲ ਫਾਲੀਆਂ ਦੇ ਪਿੰਡ ਬੋਹਤ ਵਿਚ ਹੋਇਆ ਸੀ। ਆਪ ਛੋਟੀ ਉਮਰ ਵਿਚ ਹੀ ਸੰਤ ਅਮੀਰ ਸਿੰਘ ਹੋਰਾਂ ਦੇ ਪਾਸ ਮੁਰਾਲੇ ਆ ਗਏ ਸਨ ਇਨ੍ਹਾਂ ਦੀ ਆਗਿਆ ਨਾਲ ਹੀ ਆਪ ਹਰਦੁਆਰ ਗਏ ਉੱਥੇ ਨਿਰਮਲੇ ਸਾਧੂਆਂ ਪਾਸੋਂ ਪੜ੍ਹਦੇ ਰਹੇ ਸਨ। ਫਿਰ ਸੰਤ ਅਮੀਰ ਸਿੰਘ ਦੀ ਆਗਿਆ ਨਾਲ ਹੀ ਆਪ ਅੰਮ੍ਰਿਤਸਰ ਆ ਕੇ ਰਹੇ ਅਤੇ ਵਿੱਦਿਆ ਪੜ੍ਹਦੇ ਰਹੇ ਸਨ। ਆਪ ਜੀ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਪ ਬਹੁਤ ਹੀ ਰਸਦਾਇਕ ਕਥਾ ਕਰਦੇ ਸਨ। ਆਪ ਜੀ ਨੂੰ ਬਹੁਤ ਹੀ ਅਰਥ ਬੋਧ ਸੀ। ਆਪ ਜੀ ਪਾਸ ਬਹੁਤ ਵਿਦਿਆਰਥੀ ਗੁਰਮਤਿ ਵਿੱਦਿਆ ਪੜ੍ਹਦੇ ਸਨ।

ਇਹ ਸਾਰੇ ਵਿਦਿਆਰਥੀ ਲੰਗਰ ਵਿਚੋਂ ਹੀ ਪ੍ਰਸ਼ਾਦਾ ਛਕਦੇ ਸਨ। ਸੰਤ ਬਿਸ਼ਨ ਸਿੰਘ ਦੀ ਘਾਲ ਸਦਕਾ ਮੁਰਾਲਾ ਗੁਰਮਤਿ ਵਿੱਦਿਆ ਦੀ ਟਕਸਾਲ

ਬਣ ਗਿਆ ਸੀ। ਸੰਤ ਅਮੀਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਬਿਸ਼ਨ ਸਿੰਘ ਜੀ ਨੂੰ ਨਿਰਮਲੇ ਸਾਧੂਆਂ ਨੇ ਡੇਰੇ ਦਾ ਮੁਖੀ ਬਣਾ ਦਿੱਤਾ ਸੀ। ਸੰਤ ਬਿਸ਼ਨ ਸਿੰਘ ਜੀ ਦੇ ਪਾਸ ਹੀ ਸੰਨ 1900 ਵਿਚ ਸੰਤ ਪ੍ਰੇਮ ਸਿੰਘ ਆਏ ਸਨ। ਸੰਨ 1907 ਵਿਚ ਸੰਤ ਬਾਬਾ ਬਿਸ਼ਨ ਸਿੰਘ ਜੀ ਅਕਾਲ ਚਲਾਣਾ ਕਰ ਗਏ ਅਤੇ ਆਪਣੇ ਜੀਊਂਦਿਆਂ ਹੀ ਉਹ ਮੁਰਾਲੇ ਡੇਰੇ ਦਾ ਮੁਖੀ ਸੰਤ ਪ੍ਰੇਮ ਸਿੰਘ ਜੀ ਨੂੰ ਬਣਾ ਗਏ। ਸੰਤ ਪ੍ਰੇਮ ਸਿੰਘ ਜੀ ਨੇ ਉਨ੍ਹਾਂ ਦੇ ਆਸ਼ੇ ਅਨੁਸਾਰ ਮੁਰਾਲੇ ਸੇਵਾ ਨਿਭਾਈ ਸੀ।

ਸੰਤ ਬਾਬਾ ਭਾਗ ਸਿੰਘ ਜੀ

ਮੁਰਾਲੇ ਦੇ ਮਹਾਂਪੁਰਖਾਂ ਵਿਚੋਂ ਸੰਤ ਬਾਬਾ ਭਾਗ ਸਿੰਘ ਜੀ ਦਾ ਨਾਂ ਬੜੇ ਹੀ ਆਦਰ ਸਤਿਕਾਰ ਨਾਲ ਲਿਆ ਜਾਂਦਾ ਹੈ। ਸੰਤ ਕਰਤਾਰ ਸਿੰਘ ਜੀ ਪਟਨਾ ਸਾਹਿਬ ਵਾਲੇ ਉਨ੍ਹਾਂ ਦਾ ਨਾਮ ਲੈਂਦਿਆਂ ਵੈਰਾਗ ਵਿਚ ਆ ਜਾਂਦੇ ਸਨ। ਇਕ ਵਾਰ ਜਲੰਧਰ ਤੋਂ ਗੋਇੰਦਵਾਲ ਜਾਂਦਿਆਂ ਇਕ ਕਾਰ ਵਿਚ ਸਫਰ ਕਰਦਿਆਂ ਮੈਨੂੰ ਉਨ੍ਹਾਂ ਸੰਤ ਭਾਗ ਸਿੰਘ ਹੋਰਾਂ ਦੀ ਗੱਲ ਸੁਣਾਈ, ਕਹਿਣ ਲੱਗੇ ਪਟਨਾ ਸਾਹਿਬ ਸੇਵਾ ਹੋ ਰਹੀ ਸੀ। ਦਸਵੇਂ ਪਾਤਸ਼ਾਹ ਦਾ ਪੁਰਬ ਸੀ ਤੇ ਮੇਰੇ ਮਨ ਵਿਚ ਖ਼ਿਆਲ ਆਇਆ ਕਿ ਜਿਸ ਰਾਗੀ ਜਥੇ ਨੂੰ ਆਖਿਆ ਸੀ ਉਹ ਨਹੀਂ ਆ ਰਿਹਾ, ਦੀਵਾਨ ਦੀ ਰੌਣਕ ਕਿਵੇਂ ਬਣੇਗੀ? ਮੈਨੂੰ ਕਹਿਣ ਲੱਗੇ ਤੈਨੂੰ ਸਤਿਗੁਰੂ 'ਤੇ ਭਰੋਸਾ ਨਹੀਂ ਤੂੰ ਇਹ ਚਿੰਤਾ ਕਿਉਂ ਕਰਦਾ ਹੈਂ? ਆਪੇ ਸਤਿਗੁਰੂ ਰਾਗੀ ਭੇਜੇਗਾ। ਬੜਾ ਸੁੰਦਰ ਕੀਰਤਨ ਹੋਏਗਾ। ਸੰਤ ਕਰਤਾਰ ਸਿੰਘ ਕਹਿਣ ਲੱਗੇ ਮੈਂ ਹੈਰਾਨ ਹੋ ਗਿਆ ਕਿ ਮੈਂ ਤਾਂ ਸੰਤ ਭਾਗ ਸਿੰਘ ਹੋਰਾਂ ਨੂੰ ਰਾਗੀਆਂ ਬਾਰੇ ਦੱਸਿਆ ਨਹੀਂ। ਇਨ੍ਹਾਂ ਨੂੰ ਕਿਵੇਂ ਪਤਾ ਲੱਗ ਗਿਆ ਹੈ। ਸੰਤ ਕਰਤਾਰ ਸਿੰਘ ਕਹਿਣ ਲੱਗੇ ਸਵੇਰੇ ਪੁਰਬ ਸੀ ਰਾਤ ਅਚਾਨਕ ਸੰਤ ਸੁਜਾਨ ਸਿੰਘ ਰਾਗੀ ਦਿੱਲੀ ਵਾਲੇ ਆ ਗਏ ਤੇ ਬੜਾ ਸੁੰਦਰ ਪ੍ਰੋਗਰਾਮ ਨਿਭ ਗਿਆ।

ਸੰਤ ਭਾਗ ਸਿੰਘ ਜੀ ਦਾ ਜਨਮ ਸੰਨ 1874 ਨਵੰਬਰ ਵਿਚ ਪਿੰਡ ਗਿੱਦੜਪਿੰਡੀ, ਜ਼ਿਲ੍ਹਾ ਕਪੂਰਥਲਾ, ਤਹਿਸੀਲ ਸੁਲਤਾਨਪੁਰ ਵਿਚ ਹੋਇਆ ਸੀ। ਇਨ੍ਹਾਂ ਦੇ ਪਿਤਾ ਦਾ ਨਾਂ ਸ੍. ਜਵਾਹਰ ਸਿੰਘ ਸੀ। ਛੋਟੀ ਉਮਰ ਵਿਚ ਹੀ ਮਾਤਾ-ਪਿਤਾ ਚੜ੍ਹਾਈ ਕਰ ਗਏ ਸਨ। ਇਨ੍ਹਾਂ ਦੀ ਪਾਲਣਾ-ਪੋਸਣਾ ਨਾਨਕਿਆਂ ਨੇ ਹੀ ਕੀਤੀ ਸੀ। ਜਵਾਨ ਹੋਏ ਪੁਲਿਸ ਵਿਚ ਭਰਤੀ ਹੋ ਗਏ। ਪਰ ਪਰਮਾਤਮਾ ਨੇ ਭਾਗਾਂ ਵਿਚ ਕੋਈ ਹੋਰ ਹੀ ਚਾਕਰੀ ਲਿਖੀ ਸੀ। ਪੰਜ ਸਾਲ ਨੌਕਰੀ ਕਰਨ ਤੋਂ ਬਾਅਦ ਪੁਲਿਸ ਦੀ ਨੌਕਰੀ ਛੱਡ ਦਿੱਤੀ ਸੀ। ਫਿਰ ਆਪ ਆਪਣੇ ਨਾਨਕੇ ਪਿੰਡ ਠੱਠੇ ਟਿੱਬੇ ਆ ਗਏ ਸਨ। ਗੁਰਦੁਆਰਾ ਦਮਦਮਾ ਸਾਹਿਬ ਦੇ ਮਹੰਤ ਬਾਬਾ ਖੜਕ ਸਿੰਘ ਦੀ ਸੰਗਤ ਨਾਲ ਗੁਰਮਤਿ ਦਾ ਰੰਗ ਚੜ੍ਹ ਗਿਆ। ਬਸ ਖੋਜਦਿਆਂ ਖੋਜਦਿਆਂ ਇਹ ਸੱਚੀ ਖੋਜ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਪਾਸ ਮੁਰਾਲੇ ਲੈ ਗਈ। ਬਾਬਾ ਬਿਸ਼ਨ ਸਿੰਘ ਜੀ ਨੂੰ ਮਿਲਦਿਆਂ ਉਨ੍ਹਾਂ ਜੋਗੇ ਹੀ ਹੋ ਗਏ। ਮੁਰਾਲਾ ਹੀ ਘਰ ਬਣ ਗਿਆ। ਬਾਬਾ ਬਿਸ਼ਨ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਦੀ ਬਾਂਹ ਬਾਬਾ ਭਾਗ ਸਿੰਘ ਨੂੰ ਫੜਾਈ ਸੀ ਤੇ ਕਿਹਾ ਸੀ ਇਨ੍ਹਾਂ ਦਾ ਧਿਆਨ ਰੱਖਣਾ। ਸੰਨ 1946 ਵਿਚ ਆਪ ਠਠੇ ਟਿਬੇ, ਜ਼ਿਲ੍ਹਾ ਕਪੂਰਥਲਾ ਵਿਚ ਗੁਰਪੁਰੀ ਸਿਧਾਰ ਗਏ ਸਨ। ਸੰਤ ਕਰਤਾਰ ਸਿੰਘ ਇਨ੍ਹਾਂ ਦੇ ਸੰਗੀ ਅਤੇ ਵਿਦਿਆਰਥੀ ਸਨ ਜਿਨ੍ਹਾਂ ਸਿੱਖ ਪੰਥ ਵਿਚ ਬੜਾ ਸਨਮਾਨ ਪਾਇਆ ਹੈ।

ਸੰਤ ਗਿਆਨੀ ਸੁੰਦਰ ਸਿੰਘ ਜੀ

ਵਿੱਦਿਆ ਮਾਰਤੰਡ ਗੁਰਮਤਿ ਦੇ ਮਹਾਨ ਵਿਦਵਾਨ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਵਿਦਿਆਰਥੀ ਸਨ। ਇਹ ਮੁਰਾਲੇ ਰਹਿ ਕੇ ਹੀ ਵਿੱਦਿਆ ਪੜ੍ਹੇ ਸਨ। ਸਿੱਖ ਪੰਥ ਇਸ ਮਹਾਂਪੁਰਖ ਦਾ ਪਰਉਪਕਾਰ ਕਦੀ ਨਹੀਂ ਭੁੱਲ ਸਕੇਗਾ। ਜਿਨ੍ਹਾਂ ਨੇ ਬੇਅੰਤ ਅਖੰਡ ਪਾਠੀ ਤੇ ਵਿਆਖਿਆਕਾਰ ਕਥਾਵਾਚਕ ਸਿੱਖ ਪੰਥ ਨੂੰ ਦਿੱਤੇ ਹਨ।

ਗਿਆਨੀ ਜੀ ਦਾ ਜਨਮ ਬਾਬਾ ਖ਼ਜ਼ਾਨ ਸਿੰਘ, ਮਾਤਾ ਮਤਾਬ ਕੌਰ ਦੇ ਘਰ ਪਿੰਡ ਭਿੰਡਰ, ਜ਼ਿਲ੍ਹਾ ਫ਼ਰੀਦਕੋਟ ਵਿਚ ਸੰਨ 1983 ਵਿਚ ਹੋਇਆ ਸੀ। ਸੰਮਤ 1940 ਸੀ ਅਤੇ ਭਾਦੋਂ ਦੀ 8 ਤਾਰੀਖ ਸੀ। ਮੁਰਾਲੇ ਵਿਚ ਹੀ ਆਪ ਨੇ ਵਿੱਦਿਆ ਪੜ੍ਹੀ ਤੇ ਅੱਗੋਂ ਵਿਦਿਆਰਥੀਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ। ਪਿੰਡ ਭਿੰਡਰਾਂ ਵਿਚ ਆਪ ਨੇ ਟਿਕ ਕੇ ਵਿੱਦਿਆ ਦੀ ਟਕਸਾਲ ਚਲਾਈ। ਸੰਨ 1918 ਵਿਚ ਇੱਥੇ ਸਾਰੇ ਮਹਾਂਪੁਰਖ ਆਏ ਤੇ ਗੁਰਦੁਆਰੇ ਦੀ ਆਰੰਭਤਾ ਹੋਈ ਸੀ।

ਆਪ ਜੀ ਦੀ ਕਥਾ ਵਿਚ ਏਨਾ ਰਸ ਸੀ ਕਿ ਸਰੋਤਿਆਂ ਦੀ ਸਮਾਧੀ ਲੱਗ ਜਾਂਦੀ ਸੀ। ਉਹ ਇਕ ਅਨੁਭਵੀ ਅਤੇ ਅਮਲੀ ਜੀਵਨ ਸੀ। ਬੜੇ-ਬੜੇ ਵਿਗੜੇ ਹੋਏ ਬੰਦੇ ਜਿਨ੍ਹਾਂ ਨੂੰ ਨਾ ਪੁਲੀਸ ਸੁਧਾਰ ਸਕੀ ਅਤੇ ਨਾ ਹੀ ਜੇਲ੍ਹ ਸੁਧਾਰ ਸਕੀ, ਉਹ ਇਨ੍ਹਾਂ ਮਹਾਂਪੁਰਖਾਂ ਦੀ ਕਥਾ ਸੁਣਕੇ ਸੁਧਰ ਗਏ। ਇਨ੍ਹਾਂ ਦੀ ਕਥਾ ਸੁਣਕੇ ਲੋਕ ਨਸ਼ੇ ਤਿਆਗ ਦੇਂਦੇ ਸਨ। ਕੁਕਰਮ ਛੱਡ ਕੇ ਅੰਮ੍ਰਿਤਪਾਨ ਕਰਕੇ ਸਤਿਗੁਰੂ ਦੇ ਲੜ ਲੱਗ ਜਾਂਦੇ ਸਨ।

ਆਪ 13-14-15 ਭਾਦੋਂ ਨੂੰ ਮੁਰਾਲੇ ਸਮਾਗਮ ਤੇ ਹਰ ਸਾਲ ਜ਼ਰੂਰ ਪੁੱਜਦੇ ਸਨ ਤੇ ਜਾ ਕੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਸਨ। ਬੋਪਾਰਾਏ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਚ ਹਰ ਸਾਲ ਜਥਾ ਲੈ ਕੇ ਜਾਂਦੇ ਸਨ, ਕਥਾ ਕਰਦੇ ਸਨ। ਬਹੁਤਾ ਸਮਾਂ ਜਥਾ ਲੈ ਕੇ ਵਿਚਰਦੇ ਹੋਏ ਵਿਦਿਆਰਥੀਆਂ ਨੂੰ ਸੰਥਾ ਕਰਵਾਉਂਦੇ ਸਨ। ਬੋਪਾਰਾਏ ਨਗਰ ਵਿਚ ਹੀ 15 ਫਰਵਰੀ ਸੰਨ 1930 ਵਿਚ ਆਪ ਜੀ ਅਕਾਲ ਚਲਾਣਾ ਕਰ ਗਏ। ਇਸ ਵਿਦਵਾਨ ਮਹਾਂਪੁਰਖ ਦੇ ਜਾਣ ਨਾਲ ਸਿੱਖ ਪੰਥ ਨੂੰ ਬਹੁਤ ਵੱਡੀ ਘਾਟ ਪਈ। ਸੰਤ ਗਿਆਨੀ ਸੁੰਦਰ ਸਿੰਘ ਜੀ ਦਾ ਨਾਮ ਸਿੱਖ ਪੰਥ ਵਿਚ ਹਮੇਸ਼ਾ ਚਮਕਦਾ ਹੀ ਰਹੇਗਾ ਅਤੇ ਉਨ੍ਹਾਂ ਦੀ ਘਾਲ ਤੇ ਸੇਵਾ ਹਮੇਸ਼ਾ ਲਈ ਯਾਦ ਰਹੇਗੀ।

ਸੰਤ ਪ੍ਰਾਹੁਣਾ ਸਿੰਘ ਜੀ

ਸੰਤ ਪ੍ਰਾਹੁਣਾ ਸਿੰਘ ਜੀ ਮੁਰਾਲੇ ਡੇਰੇ ਵਿਚ ਹੀ ਰਹਿੰਦੇ ਸਨ। ਇਹ ਬੈਠੇ ਭਜਨ ਪਾਠ ਹੀ ਕਰਦੇ ਰਹਿੰਦੇ ਸਨ। ਇਨ੍ਹਾਂ ਦਾ ਸੁਭਾਅ ਤੇ ਕਰਮ ਸੱਚਮੁੱਚ ਪ੍ਰਾਹੁਣਿਆਂ ਵਰਗਾ ਸੀ। ਉਨ੍ਹਾਂ ਕੋਲੋਂ ਜਦੋਂ ਕੋਈ ਪ੍ਰਭੂ ਨੂੰ ਮਿਲਣ ਦੀ ਜੁਗਤੀ ਪੁੱਛਦਾ ਸੀ ਤਾਂ ਉਹ ਕਹਿੰਦੇ ਸਨ, ਬਸ ਮਹਿਮਾਨਾਂ ਵਾਲੀ ਜੁਗਤੀ ਸਿੱਖ ਲਵੋ। ਏਸੇ ਜੁਗਤੀ ਨਾਲ ਮੈਨੂੰ ਸ਼ਾਂਤੀ ਮਿਲੀ ਹੈ। ਪਰਮਾਤਮਾ ਨੇ ਜਿੰਨੇ ਸਵਾਸ ਦਿੱਤੇ ਹਨ ਉਸਦੀ ਕਿਰਪਾ ਹੈ। ਇਹ ਉਸਦਾ ਦਾਨ ਹੈ। ਪਰ ਅਸੀਂ ਇਨ੍ਹਾਂ ਸਵਾਸਾਂ ਦਾ ਮਾਣ ਨਾ ਕਰੀਏ ਕੋਈ ਦਾਅਵਾ ਨਾ ਕਰੀਏ। ਅਸੀਂ ਹਰ ਵੇਲੇ ਤਿਆਰ ਰਹੀਏ, ਕੀ ਪਤਾ ਹੈ ਮਾਲਕ ਦੀ ਕਦੋਂ ਆਵਾਜ਼ ਪੈ ਜਾਏ।

ਉਹ ਕਹਿੰਦੇ ਸਨ ਏਥੇ ਸੰਸਾਰ ਵਿਚ ਹਰ ਬੰਦਾ ਹੀ ਪ੍ਰਾਹੁਣਾ ਹੈ ਪਰ ਬੰਦਾ ਪ੍ਰਾਹੁਣਚਾਰੀ ਵਿਚ ਹੀ ਮਾਲਕੀ ਦਾ ਦਾਅਵਾ ਬਣਾ ਕੇ ਬੈਠਾ ਹੈ। ਉਹ ਕਹਿੰਦੇ ਸਨ, ਰੇਤ ਦੇ ਘਰ ਬਣਾ ਕੇ ਖੇਡਦੇ ਹੋਏ ਬੱਚੇ ਵੀ ਦਾਅਵਾ ਕਰਦੇ ਹਨ ਕਿ ਇਹ ਮੇਰਾ ਘਰ ਹੈ। ਝੌਂਪੜੀ ਵਿਚ ਕੱਖਾਂ ਦੀ ਕੁੱਲੀ ਵਿਚ ਰਹਿੰਦੇ ਹੋਏ ਗ਼ਰੀਬ ਲੋਕ ਵੀ ਦਾਅਵਾ ਕਰਦੇ ਹਨ ਕਿ ਇਹ ਝੌਂਪੜੀ ਮੇਰੀ ਹੈ ਅਤੇ ਮਹੱਲਾਂ ਵਿਚ ਰਹਿੰਦੇ ਹੋਏ ਲੋਕ ਵੀ ਦਾਅਵਾ ਕਰਦੇ ਹਨ ਕਿ ਇਹ ਮਹੱਲ ਮੇਰਾ ਹੈ। ਜਿੱਥੇ ਤੱਕ ਦਾਅਵੇ ਦਾ ਸੁਆਲ ਹੈ, ਦਾਅਵਾ ਤਾਂ ਸਭ ਦਾ ਬਰਾਬਰ ਹੈ, ਰੇਤ ਦੇ ਘਰ ਦਾ, ਝੌਂਪੜੀ ਦਾ, ਮਹੱਲ ਦਾ। ਰੇਤ ਦਾ ਘਰ ਘੜੀਆਂ ਵਿਚ ਢਹਿ ਜਾਵੇਗਾ, ਝੌਂਪੜੀ ਥੋੜ੍ਹੀ ਦੇਰ ਹੋਰ ਕੱਢ ਕੇ ਢੇਰੀ ਹੋ ਜਾਵੇਗੀ। ਮਹੱਲ ਵੀ ਇਕ ਦਿਨ ਢਹਿ ਜਾਣਗੇ।

ਉਹ ਕਹਿੰਦੇ ਸਨ ਮੇਰੇ ਵਰਗਾ ਇਕ ਪ੍ਰਾਹੁਣਾ ਫ਼ਕੀਰ ਇਕ ਰਾਜੇ ਦੇ ਮਹੱਲ ਸਾਹਮਣੇ ਖੜ੍ਹਾ ਕਹਿ ਰਿਹਾ ਸੀ ਮੈਂ ਮੁਸਾਫ਼ਰ ਹਾਂ, ਸਰਾਂ ਵਿਚ ਰਾਤ ਕੱਟ ਲਵਾਂ। ਰਾਜਾ ਨਰਾਜ਼ ਹੋ ਗਿਆ ਤੇ ਕਹਿਣ ਲੱਗਾ, ਹੇ ਭਿਖਾਰੀ ਇਹ ਮਹੱਲ ਹੈ। ਫ਼ਕੀਰ ਨੇ ਕਿਹਾ, ਪਹਿਲੇ ਇਕ ਬਜ਼ੁਰਗ ਸੀ। ਰਾਜੇ ਕਿਹਾ ਉਹ ਮੇਰਾ ਪੜਦਾਦਾ ਸੀ। ਫ਼ਕੀਰ ਨੇ ਕਿਹਾ ਉਸ ਤੋਂ ਬਾਅਦ ਰਾਜੇ ਕਿਹਾ ਮੇਰਾ ਦਾਦਾ ਸੀ। ਫ਼ਕੀਰ ਨੇ ਕਿਹਾ। ਫੇਰ ਰਾਜਾ ਕਹਿਣ ਲੱਗਾ ਮੇਰਾ ਬਾਪ ਸੀ। ਫ਼ਕੀਰ ਨੇ ਕਿਹਾ ਕਿੱਥੇ ਹਨ ਉਹ ਤੇ ਉਨ੍ਹਾਂ ਦੇ ਦਰਬਾਰੀ। ਰਾਜੇ ਕਿਹਾ ਸਾਰੇ ਮੌਤ ਲੈ ਗਈ, ਛੱਡ ਕੇ ਤੁਰ ਗਏ। ਫ਼ਕੀਰ ਨੇ ਕਿਹਾ ਫਿਰ ਜਿੱਥੇ ਏਨੇ ਮੁਸਾਫਰ ਗੁਜ਼ਰ ਗਏ ਇਹ ਸਰਾਂ ਨਹੀਂ ਤਾਂ ਹੋਰ ਕੀ ਹੈ ? ਐਸੇ ਵੈਰਾਗ ਨਾਲ ਭਰੇ ਸਨ ਸੰਤ ਪ੍ਰਾਹੁਣਾ ਸਿੰਘ। ਐਸੇ ਸੰਤ ਮੁਰਾਲੇ ਡੇਰੇ ਦੀ ਸ਼ਾਨ ਸਨ।

ਭਗਤ ਸਰਦਾਰ ਸਿੰਘ ਜੀ

ਜ਼ਿਲ੍ਹਾ ਗੁਜਰਾਤ, ਤਹਿਸੀਲ ਖਾਰੀਆ ਸੰਤ ਪੁਰੇ ਦੇ ਰਹਿਣ ਵਾਲੇ ਭਗਤ ਸਰਦਾਰ ਸਿੰਘ ਜੀ ਗੁਰਮਤਿ ਦੇ ਰੰਗ ਵਿਚ ਰੰਗੇ ਹੋਏ ਮਹਾਂਪੁਰਖ ਸਨ। ਸੇਵਾ ਵਿਚ ਦਿਨ-ਰਾਤ ਮਗਨ ਸਨ। ਸੰਤਪੁਰੇ ਗੁਰਦੁਆਰੇ ਕਾਫ਼ੀ ਦੇਰ ਸੇਵਾ ਕਰਦੇ ਰਹੇ ਸਨ। ਮੁਰਾਲੇ ਡੇਰੇ ਨਾਲ ਇਨ੍ਹਾਂ ਦਾ ਬੜਾ ਹੀ ਲਗਾਓ ਸੀ। ਗੁਰਦੁਆਰੇ ਸੰਤ ਪੁਰੇ ਜੋ ਵੀ ਪਦਾਰਥ ਆਉਂਦੇ ਸਨ ਇਹ ਉਹ ਸਾਰੇ ਮੁਰਾਲੇ ਡੇਰੇ ਭੇਜ ਦਿੰਦੇ ਸਨ। ਫਿਰ ਇਹ ਸੰਤਪੁਰੇ ਸੇਵਾ ਮੁਕਤ ਹੋ ਕੇ ਪੱਕੇ ਮੁਰਾਲੇ ਹੀ ਰਹਿਣ ਲੱਗ ਪਏ ਸਨ। ਭਗਤ ਸਰਦਾਰ ਸਿੰਘ ਜੀ ਗ੍ਰਹਿਸਤੀ ਸਨ। ਇਨ੍ਹਾਂ ਦਾ ਇਕ ਲੜਕਾ ਤੇ ਦੋ ਲੜਕੀਆਂ ਸਨ। ਇਨ੍ਹਾਂ ਦੀ ਤਾਂ ਬਿਲਕੁਲ ਹੀ ਬੇਪਰਵਾਹ ਬਿਰਤੀ ਸੀ। ਦੋਹਾਂ ਬੱਚੀਆਂ ਦੀਆਂ ਸ਼ਾਦੀਆਂ ਸੰਤ ਪ੍ਰੇਮ ਸਿੰਘ ਜੀ ਨੇ ਆਪ ਯੋਗ ਥਾਵਾਂ 'ਤੇ ਕੀਤੀਆਂ ਸਨ। ਇਨ੍ਹਾਂ ਦੇ ਲੜਕੇ ਨੂੰ ਪੜ੍ਹਾਇਆ ਵੀ ਤੇ ਉਸਦੀ ਸ਼ਾਦੀ ਵੀ ਆਪ ਹੀ ਕੀਤੀ। ਦਿਨ-ਰਾਤ ਸੇਵਾ ਸਿਮਰਨ ਵਿਚ ਰਹਿਣ ਵਾਲੇ ਇਹ ਬਜ਼ੁਰਗ ਮਹਾਂਪੁਰਖ ਸੰਤਾਂ ਦੇ ਨਾਲ ਹੀ ਬੇਗੋਵਾਲ ਆ ਗਏ ਸਨ। ਜਦੋਂ ਇਹ ਬਹੁਤ ਹੀ ਬਿਰਧ ਹੋ ਗਏ ਸਨ ਤਾਂ ਇਨ੍ਹਾਂ ਦਾ ਲੜਕਾ ਇਨ੍ਹਾਂ ਨੂੰ ਆਪਣੇ ਆਪ ਆ ਕੇ ਲੈ ਗਿਆ ਸੀ।

ਭਗਤ ਸਰਦਾਰ ਸਿੰਘ ਜੀ ਨੂੰ ਡੇਰੇ ਦੇ ਮੁੱਖ ਸੇਵਾਦਾਰ ਥਾਪਿਆ ਗਿਆ ਸੀ ਪਰ ਉਹ ਬੇਲਾਗ ਮਹਾਂਪੁਰਖ ਬਹੁਤ ਬਜ਼ੁਰਗ ਹੋ ਚੁੱਕੇ ਸਨ। ਡੇਰੇ ਵਿਚ ਉਸ ਵੇਲੇ ਕੁੱਝ ਰੌਲਾ ਗੌਲਾ ਪੈ ਗਿਆ ਸੀ। ਮੈਂ ਉਨ੍ਹਾਂ ਦੇ ਦਰਸ਼ਨ ਆਪ ਕੀਤੇ ਸਨ। ਉਹ ਕੈਸੇ ਸੰਤੋਖੀ ਸਨ। ਉਹ ਕਹਿੰਦੇ ਸਨ ਮੈਨੂੰ ਸਿਰਫ਼ ਸੰਤ ਪ੍ਰੇਮ ਸਿੰਘ ਦੀ ਅਸੀਸ ਚਾਹੀਦੀ ਹੈ। ਮੈਨੂੰ ਹੋਰ ਕੁੱਝ ਨਹੀਂ ਚਾਹੀਦਾ। ਮੈਂ ਉਨ੍ਹਾਂ ਦੇ ਮੂੰਹੋਂ ਆਪ ਸੁਣਿਆ ਸੀ ਕਿ ਸੰਤ ਪ੍ਰੇਮ ਸਿੰਘ ਨਹੀਂ ਰਹੇ। ਸਾਡੀ ਸੰਭਾਲ ਕਰਨ ਵਾਲਾ ਨਹੀਂ ਰਿਹਾ। ਹੁਣ ਅਸੀਂ ਵੀ ਨਹੀਂ ਰਹਿਣਾ। ਉਹ ਸੱਚਮੁੱਚ ਭਗਤ ਸਨ। ਭਗਤੀ ਦੀ ਦਾਤ ਪਰਮਾਤਮਾ ਨੇ ਉਨ੍ਹਾਂ ਨੂੰ ਬਖਸ਼ੀ ਸੀ। ਐਸੇ ਨਿਸ਼ਕਾਮ ਸਨ ਮੁਰਾਲੇ ਵਿਚ ਰਹਿਣ ਵਾਲੇ ਸੰਤ ਭਗਤ ਸਰਦਾਰ ਸਿੰਘ ਜੀ।

ਮੁਰਾਲੇ ਦੇ ਰਾਗੀ

ਜਿਥੇ ਹਰੀ ਚੰਦ ਅਤੇ ਭਾਈ ਰਾਮ ਸਿੰਘ ਜੀ ਮੁਰਾਲੇ ਦੇ ਰਾਗੀ ਸਨ ਉੱਥੇ ਇਕ ਨੇਤ੍ਰਹੀਨ ਬੱਚੇ ਨੂੰ ਡੇਰੇ ਵਿਚ ਸੰਤ ਪ੍ਰੇਮ ਸਿੰਘ ਦੀ ਦੇਖ-ਰੇਖ ਵਿਚ ਕੀਰਤਨ ਦੀ ਦਾਤ ਮਿਲੀ। ਇਹ ਨੇਤ੍ਰਹੀਨ ਕੀਰਤਨੀਆ ਸੀ ਭਾਈ ਜੋਗਿੰਦਰ ਸਿੰਘ ਇਸ ਦਾ ਜਿਥੇ ਕੱਦ ਛੇ ਫੁੱਟ ਤੋਂ ਵਧੀਕ ਸੀ। ਬੜਾ ਸਰੀਰਕ ਬਲ ਸੀ ਉੱਥੇ ਆਵਾਜ਼ ਵੀ ਬੜੀ ਬੁਲੰਦ ਸੀ। ਭਾਈ ਖਜ਼ਾਨ ਸਿੰਘ ਨੇਤ੍ਰਹੀਨ ਅਤੇ ਭਾਈ ਜੋਗਿੰਦਰ ਸਿੰਘ ਸੂਰਮਾ ਇਹ ਰਲ ਕੇ ਕੀਰਤਨ ਕਰਦੇ ਸਨ ਅਤੇ ਕਮਾਲ ਦੀ ਗੱਲ ਇਹ ਹੈ ਕਿ ਲੰਗਰ ਵਿਚੋਂ ਪ੍ਰਸ਼ਾਦ ਛੱਕ ਕੇ ਬਿਲਕੁਲ ਨਿਸ਼ਕਾਮ ਸੇਵਾ ਇਨ੍ਹਾਂ ਕੀਰਤਨੀਆਂ ਨੇ ਕੀਤੀ ਹੈ।

ਮੈਂ ਅੱਖਾਂ ਨਾਲ ਆਪ ਵੇਖ ਕੇ ਹੈਰਾਨ ਹੋਇਆ ਕਿ ਭਾਈ ਜੋਗਿੰਦਰ ਸਿੰਘ ਜੀ ਕਪੂਰਥਲੇ ਤੋਂ ਇਕੱਲੇ ਹੀ ਖੰਡ ਦੀ ਬੋਰੀ ਬੱਸ 'ਤੇ ਲੈ ਕੇ ਚੜ੍ਹਦੇ ਸਨ। ਨਡਾਲੇ ਤੋਂ ਅੱਗੇ ਕੱਚਾ ਰਸਤਾ ਸੀ। ਬੱਸ ਅੱਗੇ ਨਹੀਂ ਸੀ ਆਉਂਦੀ। ਇਨ੍ਹਾਂ ਖੰਡ ਦੀ ਬੋਰੀ ਸਿਰ 'ਤੇ ਚੁੱਕਣੀ ਅਤੇ ਪੈਦਲ ਤੁਰ ਕੇ ਬੇਗੋਵਾਲ ਲੈ ਆਉਣੀ।


ਇਹ ਬੜੇ ਮਿਲਣਸਾਰ ਸਨ ਕਿਸੇ ਸੱਜਣ ਦਾ ਕੋਈ ਕੰਮ ਹੋਣਾ, ਉਸੇ ਵੇਲੇ ਨਾਲ ਤੁਰ ਪੈਂਦੇ ਸਨ ਅਤੇ ਵੱਡੇ-ਵੱਡੇ ਅਫ਼ਸਰ ਤੇ ਪਤਵੰਤੇ ਸੱਜਣ ਇਨ੍ਹਾਂ ਦਾ ਸਨਮਾਨ ਕਰਦੇ ਸਨ ਤੇ ਇਹ ਬੜੇ ਪਰਉਪਕਾਰੀ ਸੁਭਾਅ ਦੇ ਸਨ। ਸੰਤ ਪ੍ਰੇਮ ਸਿੰਘ ਦੀਆਂ ਅਸੀਸਾਂ ਦੇ ਫਲਸਰੂਪ ਇਹ ਕਈ ਵਾਰ ਇੰਗਲੈਂਡ ਗਏ। ਥਾਈਲੈਂਡ ਵਿਚ ਵੀ ਗਏ। ਦੇਸ਼ ਦੇ ਹੋਰ ਸ਼ਹਿਰਾਂ ਵਿਚ ਵੀ ਗਏ, ਅੰਦਾਜ਼ਨ 70 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਸਦਾ ਯਾਦ ਰਹਿਣਗੇ ਭਾਈ ਜੋਗਿੰਦਰ ਸਿੰਘ ਜੀ ਰਾਗੀ ਮੁਰਾਲੇ ਵਾਲੇ। ਰੱਬ ਨੇ ਇਨ੍ਹਾਂ ਨੂੰ ਐਸੀ ਸੋਝੀ ਦਿੱਤੀ ਸੀ ਤੇ ਇਨ੍ਹਾਂ ਨੂੰ ਐਸੇ ਰਾਹ ਯਾਦ ਸਨ ਕਿ ਆਮ ਕਰਕੇ ਇਹ ਇਕੱਲੇ ਹੀ ਜਾਂਦੇ ਸਨ ਤੇ ਟਿਕਾਣੇ ਪੁੱਜ ਜਾਂਦੇ ਸਨ। ਮੈਨੂੰ ਜਾਪਦਾ ਹੈ ਪਰਮਾਤਮਾ ਨੇ ਅੱਖਾਂ ਤੋਂ ਹੀਣ ਤਾਂ ਇਨ੍ਹਾਂ ਨੂੰ ਕਰ ਦਿੱਤਾ ਸੀ ਪਰ ਸੁਰਤ ਦੇ ਨੇਤ੍ਰ ਇਨ੍ਹਾਂ ਨੂੰ ਦੇ ਦਿੱਤੇ ਸਨ।

ਭਾਈ ਗਿਆਨ ਸਿੰਘ ਜੋਗੀ

ਭਾਈ ਤਾਰਾ ਸਿੰਘ ਅਤੇ ਭਾਈ ਗਿਆਨ ਸਿੰਘ ਜੋਗੀ ਦੋਵੇਂ ਸੱਕੇ ਭਰਾ ਸਨ। ਤਾਰਾ ਸਿੰਘ ਜੀ, ਕਾਫ਼ੀ ਦੇਰ ਹੋ ਗਈ ਹੈ ਚੜ੍ਹਾਈ ਕਰ ਗਏ ਹਨ ਅਤੇ ਗਿਆਨ ਸਿੰਘ ਜੋਗੀ ਕਾਫ਼ੀ ਬਿਰਧ ਹੋ ਚੁੱਕੇ ਹਨ ਪਰ ਅਜੇ ਉਹ ਮਿਆਣੀ ਭੰਗੂ ਪੁਰੀਆਂ ਵਿਚ ਰਹਿੰਦੇ ਹਨ। ਇਹ ਉਹ ਰਾਗੀ ਹਨ ਜਿਨ੍ਹਾਂ ਨੂੰ ਸੰਤ ਪ੍ਰੇਮ ਸਿੰਘ ਜੀ ਦੀਆਂ ਅਸੀਸਾਂ ਪ੍ਰਾਪਤ ਸਨ ਅਤੇ ਸੰਤ ਪ੍ਰੇਮ ਸਿੰਘ ਦੀ ਪ੍ਰੇਰਨਾ ਸੀ।

ਭਾਈ ਗਿਆਨ ਸਿੰਘ ਜੋਗੀ ਦੀ ਆਵਾਜ਼ ਨਿਰੰਕਾਰ ਦੀ ਰਹਿਮਤ ਹੈ। ਵੱਡੇ ਵੱਡੇ ਗਾਇਕ ਇਸ ਗੱਲ ਨੂੰ ਮੰਨਦੇ ਹਨ ਕਿ ਐਸਾ ਗਲਾ ਕਦੀ ਕਿਸੇ ਭਾਗਾਂ ਵਾਲੇ ਦਾ ਹੀ ਹੁੰਦਾ ਹੈ। ਜਦੋਂ ਇਹ ਕੀਰਤਨ ਕਰਦੇ ਹਨ ਤਾਂ ਇੰਜ ਜਾਪਦਾ ਹੈ ਕਿ ਕਈ ਬੰਦੇ ਰਲ ਕੇ ਬੋਲ ਰਹੇ ਹੋਣ। ਸੰਤ ਪ੍ਰੇਮ ਸਿੰਘ ਜੀ ਦੀਆਂ ਹੱਡਬੀਤੀਆਂ ਗੱਲਾਂ ਜਦੋਂ ਇਹ ਸੰਗਤ ਵਿਚ ਸੁਣਾਉਂਦੇ ਹਨ ਤਾਂ ਹੈਰਾਨ ਹੋ ਜਾਈਦਾ ਹੈ ਕਿ ਸੰਤ ਪ੍ਰੇਮ ਸਿੰਘ ਨਾਲ ਇਨ੍ਹਾਂ ਦਾ ਕਿੰਨਾ ਹਿਰਦਿਓਂ ਪ੍ਰੇਮ ਹੈ। ਉਨ੍ਹਾਂ ਦੀ ਗੱਲ ਕਰਦਿਆਂ ਇਹ ਬੜੇ ਹੀ ਭਾਵੁਕ ਹੋ ਜਾਂਦੇ ਹਨ। ਭਾਈ ਗਿਆਨ ਸਿੰਘ ਨਵੰਬਰ, 2007 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ 101 ਸਾਲ ਦੀ ਉਮਰ ਭੋਗੀ, ਰਾਗ ਪ੍ਰੇਮੀਆਂ ਨੂੰ ਇਸ ਘਟਨਾ ਦਾ ਬੜਾ ਸਦਮਾ ਪਹੁੰਚਿਆ। ਹਾਰਦਿਕ ਅਰਦਾਸ ਹੈ ਸਤਿਗੁਰੂ ਇਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਪੰਥ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਭਾਈ ਸੋਹਣ ਸਿੰਘ ਰਸੀਆ, ਭਾਈ ਗਿਆਨ ਸਿੰਘ ਜੀ ਨਾਲ ਇਨ੍ਹਾਂ ਦੇ ਸਾਥੀ ਰਹੇ। ਜੋ ਅੱਜ ਮਹਾਨ ਕੀਰਤਨੀਏ ਹਨ ਅਤੇ ਅਮਰੀਕਾ ਵਿਚ ਹੀ ਪੱਕੇ ਤੌਰ ਤੇ ਰਹਿ ਰਹੇ ਹਨ। ਪੰਥ ਪ੍ਰਸਿੱਧ ਢਾਡੀ ਸੁੰਦਰ ਸਿੰਘ ਜੀ ਜੋ ਅਕਾਲ ਚਲਾਣਾ ਕਰ ਗਏ ਹਨ ਉਨ੍ਹਾਂ ਦਾ ਆਪਣਾ ਹੀ ਨਿਰਾਲਾ ਰੰਗ ਸੀ। ਸਾਰੰਗੀ ਵਜਾਉਂਦੇ ਹੀ ਜਥੇਦਾਰ ਸਨ। ਇਨ੍ਹਾਂ ਨੂੰ ਸੰਤ ਪ੍ਰੇਮ ਸਿੰਘ ਦਾ ਥਾਪੜਾ ਸੀ। ਗਿ: ਸਰਦਾਰ ਸਿੰਘ ਦਰਦੀ ਚੰਗੇ ਕਵੀ ਕੀਰਤਨੀਏ ਸਨ। ਇਨ੍ਹਾਂ ਨੂੰ ਵੀ ਸੰਤ ਪ੍ਰੇਮ ਸਿੰਘ ਜੀ ਦੀ ਬਖਸ਼ਿਸ਼ ਸੀ। ਢਾਢੀ ਰਾਮ ਸਿੰਘ ਬੇਗੋਵਾਲ ਵਾਲੇ ਸੰਤ ਪ੍ਰੇਮ ਸਿੰਘ ਦੇ ਹੀ ਨਿਵਾਜ਼ੇ ਹੋਏ ਢਾਡੀ ਸਨ। ਗੁਣੀ ਪੁਰਸ਼ਾਂ ਦੀ ਉਹ ਬਹੁਤ ਕਦਰ ਤੇ ਸਨਮਾਨ ਕਰਦੇ ਸਨ।

ਉਪਰੋਕਤ ਵਿਅਕਤੀ ਕੁੱਝ ਉਹ ਗੁਣੀ ਪੁਰਸ਼ ਸਨ ਜੋ ਸੰਤ ਪ੍ਰੇਮ ਸਿੰਘ ਜੀ ਦੇ ਸੰਪਰਕ ਵਿਚ ਰਹੇ, ਉਨ੍ਹਾਂ ਦੇ ਦੀਵਾਨਾਂ ਵਿਚ ਇਨ੍ਹਾਂ ਗੁਣੀ ਜਨਾਂ ਦਾ ਬੜਾ ਯੋਗਦਾਨ ਹੈ।



ਲੇਖਕ ਸਿੰਘ ਸਾਹਿਬ

ਗਿ. ਜਸਵੰਤ ਸਿੰਘ ਪ੍ਰਵਾਨਾ

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ।